








PUNJABSTAR.COM
# ਪੰਜਾਬ ਸਟਾਰ
Phone: 905-673-7666 , Fax: 1-289-206-8611
25 ਦਸੰਬਰ ਤੋਂ 31 ਦਸੰਬਰ, 2025
Email :- editor@punjabstar.com, Vo. 20. Issue:1217

## ਮਲੇਰਕੋਟਲਾ ਦੇ ਭੂਦਨ ਤੋਂ ਵੱਡੀ ਖ਼ਬਰ
## ਧੀ ਨੇ ਮਾਂ ਤੇ ਪੁੱਤ ਸਮੇਤ ਕੀਤੀ ਖ਼ੁਦਕੁਸ਼ੀ
### ਵੀਡੀਓ ਵਿੱਚ 10 ਜਣਿਆਂ ਨੂੰ ਮੌਤ ਲਈ ਦੱਸਿਆ ਜ਼ਿੰਮੇਵਾਰ



(ਪੰਜਾਬ ਸਟਾਰ ਬਿਊਰੋ)
ਮਲੇਰਕੋਟਲਾ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਇਥੇ ਪਿੰਡ ਭੂਦਨ ਵਿਚ ਧੀ ਨੇ ਮਾਂ ਤੇ ਪੁੱਤ ਸਮੇਤ ਜ਼ਹਿਰੀਲੀ ਚੀਜ਼ ਨਿਗਲ ਕੇ ਖ਼ੁਦਕੁਸ਼ੀ ਕਰ ਲਈ ਗਈ। ਮ੍ਰਿਤਕਾਂ ਦੀ ਪਛਾਣ ਇੰਦਰਪਾਲ ਕੌਰ (31), ਉਸ ਦੇ ਪੁੱਤਰ ਜੌਰਡਨ ਸਿੰਘ (9) ਅਤੇ ਮਾਂ ਹਰਦੀਪ ਕੌਰ ਵਜੋਂ ਹੋਈ ਹੈ। ਇੰਦਰਪਾਲ ਦੇ ਪਤੀ ਪਵਨਦੀਪ ਸਿੰਘ ਦੀ ਕੁਝ ਸਾਲ ਪਹਿਲਾਂ ਮੌਤ ਹੋ ਗਈ ਸੀ ਤੇ * ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਭਾਰਤੀ ਮੂਲ ਦੀ ਲੜਕੀ ਦਾ ਬੇਰਹਿਮੀ ਨਾਲ ਕਤਲ
### ਪੁਲੀਸ ਨੇ ਸ਼ੱਕੀ ਦੀ ਪਛਾਣ ਕਰਕੇ ਵਾਰੰਟ ਕੀਤੇ ਜਾਰੀ



(ਪੰਜਾਬ ਸਟਾਰ ਬਿਊਰੋ)
ਕੈਨੇਡਾ ਦੇ ਟੋਰਾਂਟੋ ਸ਼ਹਿਰ ਤੋਂ ਇੱਕ ਬੇਹੱਦ ਦੁਖਦਾਈ ਖ਼ਬਰ ਸਾਹਮਣੇ ਆਈ ਹੈ, ਜਿੱਥੇ 30 ਸਾਲਾ ਭਾਰਤੀ ਮੂਲ ਦੀ ਔਰਤ ਹਿਮਾਂਸ਼ੀ ਖੁਰਾਣਾ ਦਾ ਕਤਲ ਕਰ ਦਿੱਤਾ ਗਿਆ। ਟੋਰਾਂਟੋ ਪੁਲੀਸ ਵੱਲੋਂ ਜਾਰੀ ਪ੍ਰੈੱਸ ਨੋਟ ਅਨੁਸਾਰ, ਹਿਮਾਂਸ਼ੀ ਦੀ ਲਾਸ਼ ਸ਼ਨੀਵਾਰ ਨੂੰ ਇੱਕ ਰਿਹਾਇਸ਼ੀ ਇਲਾਕੇ ਵਿੱਚੋਂ ਬਰਾਮਦ ਹੋਈ। ਦੱਸਿਆ ਜਾ ਰਿਹਾ ਹੈ ਕਿ ਸ਼ੁੱਕਰਵਾਰ ਨੂੰ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਈ ਗਈ ਸੀ, ਜਿਸ ਤੋਂ ਅਗਲੇ ਹੀ ਦਿਨ ਪੁਲੀਸ ਨੂੰ ਉਸ ਦੀ ਮ੍ਰਿਤਕ ਦੇਹ ਮਿਲੀ। * ਬਾਕੀ ਸਫ਼ਾ 2 'ਤੇ

# ਕਰਨਾਟਕ: ਟਰੱਕ ਅਤੇ ਬੱਸ ਦੀ ਭਿਆਨਕ ਟੱਕਰ, 9 ਮੌਤਾਂ
### ਜ਼ਿਆਦਾਤਰ ਲੋਕ ਜ਼ਿੰਦਾ ਸੜੇ



ਕਰਨਾਟਕ (ਪੰਜਾਬ ਸਟਾਰ ਬਿਊਰੋ)
ਕਰਨਾਟਕ ਦੇ ਚਿੱਤਰਦੁਰਗਾ ਜ਼ਿਲ੍ਹੇ ਵਿੱਚ ਵੀਰਵਾਰ ਤੜਕੇ ਇੱਕ ਤੇਜ਼ ਰਫ਼ਤਾਰ ਟਰੱਕ ਅਤੇ ਇੱਕ ਲਗਜ਼ਰੀ ਸਲੀਪਰ ਬੱਸ ਵਿਚਕਾਰ ਹੋਈ ਭਿਆਨਕ ਟੱਕਰ ਵਿੱਚ ਘੱਟੋ-ਘੱਟ ਨੌਂ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਪੁਲੀਸ ਅਧਿਕਾਰੀ ਰਵੀਕਾਂਤ ਗੌੜਾ ਨੇ ਦੱਸਿਆ ਕਿ ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਇੱਕ ਟਰੱਕ ਡਿਵਾਈਡਰ ਟੱਪ ਕੇ ਸਾਹਮਣੇ ਤੋਂ ਆ ਰਹੀ ਬੱਸ ਨਾਲ ਟਕਰਾ ਗਿਆ। ਇਸ ਕਾਰਨ ਬੱਸ ਨੂੰ ਭਿਆਨਕ ਅੱਗ ਲੱਗ ਗਈ ਅਤੇ 32 ਸਵਾਰੀਆਂ ਨਾਲ ਗੋਕਰਨਾ ਜਾ ਰਹੀ ਇਸ ਬੱਸ ਵਿੱਚ ਜ਼ਿਆਦਾਤਰ ਲੋਕ ਜ਼ਿੰਦਾ ਸੜ ਗਏ।

ਬੱਸ ਦੇ ਡਰਾਈਵਰ ਅਤੇ ਕਲੀਨਰ ਸੁਰੱਖਿਅਤ ਬਚ ਨਿਕਲੇ, ਪਰ ਟਰੱਕ ਦੇ ਡਰਾਈਵਰ ਅਤੇ ਕਲੀਨਰ ਦੀ ਇਸ ਹਾਦਸੇ ਵਿੱਚ ਮੌਤ ਹੋ ਗਈ। ਜ਼ਖਮੀ ਯਾਤਰੀਆਂ ਨੂੰ ਤੁਮਕੁਰੂ * ਬਾਕੀ ਸਫ਼ਾ 2 'ਤੇ

## ਓਨਟਾਰੀਓ ਦੇ ਮਕਾਨ ਮਾਲਕਾਂ ਵਾਸਤੇ 1 ਜਨਵਰੀ ਤੋਂ ਨਵੇਂ ਨਿਯਮ
* ਕਾਰਬਨ ਮੋਨਆਕਸਾਈਡ ਅਲਾਰਮ ਘਰ ਦੀ ਹਰ ਮੰਜ਼ਿਲ 'ਤੇ ਲਾਜ਼ਮੀ
* ਨਿਯਮ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਹੋਣਗੇ ਮੋਟੇ ਜੁਰਮਾਨੇ



ਟੋਰਾਂਟੋ, (ਪੰਜਾਬ ਸਟਾਰ ਬਿਊਰੋ): ਓਨਟਾਰੀਓ ਦੇ ਮਕਾਨ ਮਾਲਕਾਂ ਵਾਸਤੇ 1 ਜਨਵਰੀ ਤੋਂ ਨਵੇਂ ਨਿਯਮ ਲਾਗੂ ਕੀਤੇ ਜਾ ਰਹੇ ਹਨ। ਜੀ ਹਾਂ, ਨਵੇਂ ਨਿਯਮ ਘਰਾਂ ਵਿਚ ਲੱਗਣ ਵਾਲੇ ਕਾਰਬਨ ਮੌਨਆਕਸਾਈਡ ਅਲਾਰਮ ਨਾਲ ਸਬੰਧਤ ਹਨ ਅਤੇ 2026 ਤੋਂ ਘਰ ਦੀ ਹਰ ਮੰਜ਼ਿਲ 'ਤੇ ਅਲਾਰਮ ਲਾਜ਼ਮੀ ਹੋਵੇਗਾ ਜੋ ਕੰਮ ਕਰਦਾ ਹੋਵੇ। ਹੁਣ ਤੱਕ ਇਹ ਨਿਯਮ ਸਿਰਫ਼ ਸੌਣ ਵਾਲੇ ਕਮਰਿਆਂ ਦੇ ਨੇੜੇ ਅਲਾਰਮ ਲਾਉਣ ਤੱਕ ਸੀਮਤ ਸਨ ਪਰ 1 ਜਨਵਰੀ ਤੋਂ ਬੇਸਮੈਂਟਾਂ ਸਣੇ ਹਰ ਮੰਜ਼ਿਲ 'ਤੇ ਅਲਾਰਮ ਲਾਜ਼ਮੀ ਹੋਵੇਗਾ ਭਾਵੇਂ ਉਥੇ ਕੋਈ ਬੈਡਰੂਮ ਨਾ ਵੀ ਹੋਵੇ। ਨਵੇਂ ਨਿਯਮ ਹਰ ਕਿਸਮ ਦੇ ਘਰਾਂ ਉਤੇ ਲਾਗੂ ਹੋਣਗੇ ਗੈਸ, ਤੇਲ ਜਾਂ ਲੱਕੜ ਦੇ ਬਾਲਣ ਵਾਲੀ ਫ਼ਰਨੇਸ, ਬੁਆਇਲਰ, ਹੌਟ ਵਾਟਰ ਹੀਟਰ, ਅਵਨ ਅਤੇ ਡ੍ਰਾਇਰ ਮੌਜੂਦ ਹਨ।

ਇਸ ਤੋਂ ਇਲਾਵਾ ਅਟੈਚਡ ਗੈਰਾਜ ਵਾਲੇ ਘਰਾਂ ਨੂੰ ਵੀ ਨਵੇਂ ਨਿਯਮਾਂ ਦੇ ਘੇਰੇ ਵਿਚ ਰੱਖਿਆ ਗਿਆ ਹੈ। ਸੂਬਾ ਸਰਕਾਰ ਦਾ ਕਹਿਣਾ ਹੈ ਕਿ ਕਾਰਬਨ ਮੌਨਆਕਸਾਈਡ ਨੂੰ ਦੇਖਿਆ ਨਹੀਂ ਜਾ ਸਕਦਾ ਅਤੇ ਇਸ ਦੀ ਕੋਈ ਖਾਸ ਸਮੈੱਲ ਵੀ ਨਹੀਂ ਹੁੰਦੀ ਅਤੇ ਉਸ ਵੇਲੇ ਹੀ ਪਤਾ ਲਗਦਾ ਹੈ ਜਦੋਂ ਬਹੁਤ ਦੇਰ ਹੋ ਜਾਂਦੀ ਹੈ। ਸੂਬਾ ਸਰਕਾਰ ਦੇ ਅੰਕੜਿਆਂ ਮੁਤਾਬਕ ਕਾਰਬਨ ਮੌਨਆਕਸਾਈਡ ਕਾਰਨ ਹੋਣ ਵਾਲੀਆਂ ਮੌਤਾਂ ਵਿਚੋਂ 65 ਫ਼ੀ ਸਦੀ ਘਰਾਂ ਵਿਚ ਹੁੰਦੀਆਂ ਹਨ ਅਤੇ ਨਵੇਂ ਨਿਯਮਾਂ ਨਾਲ ਇਨ੍ਹਾਂ ਨੂੰ ਰੋਕਿਆ ਜਾ ਸਕਦਾ ਹੈ। ਦੂਜੇ ਪਾਸੇ ਹੈਲਥ ਕੈਨੇਡਾ ਦਾ * ਬਾਕੀ ਸਫ਼ਾ 2 'ਤੇ

## ਅਮਰੀਕਾ ਛੱਡਣ ਵਾਲਿਆਂ ਨੂੰ ਹੁਣ ਮਿਲਣਗੇ 3000 ਡਾਲਰ
* ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰ-ਕਰ ਹੰਭੀ ਟਰੰਪ ਸਰਕਾਰ
* ਇਕ ਪ੍ਰਵਾਸੀ ਨੂੰ ਡਿਪੋਰਟ ਕਰਨ 'ਤੇ ਖਰਚ ਹੋ ਰਹੇ 17000 ਡਾਲਰ




ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ) : ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰ-ਕਰ ਹੰਭੀ ਟਰੰਪ ਸਰਕਾਰ ਨੇ ਬੋਲੀ ਵਧਾ ਦਿਤੀ ਹੈ ਅਤੇ ਹੁਣ ਸੈਲਫ਼ ਡਿਪੋਰਟ ਹੋਣ ਵਾਲਿਆਂ ਨੂੰ 3 ਹਜ਼ਾਰ ਡਾਲਰ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਜੀ ਹਾਂ, ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਨੇ ਕਿਹਾ ਹੈ ਕਿ 31 ਦਸੰਬਰ ਤੱਕ ਮੁਲਕ ਛੱਡਣ ਵਾਲਿਆਂ ਨੂੰ ਆਪਣੀ ਮੰਜ਼ਿਲ ਤੱਕ ਪੁੱਜਣ ਲਈ ਹਵਾਈ ਕਿਰਾਇਆ ਵੀ ਦਿਤਾ ਜਾ ਰਿਹਾ ਹੈ ਅਤੇ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਮੌਜੂਦਗੀ ਦੇ ਦੋਸ਼ ਹੇਠ ਲੱਗਣ ਵਾਲੇ ਸਾਰੇ ਜੁਰਮਾਨੇ ਮੁਆਫ਼ ਕਰ ਦਿਤੇ ਜਾਣਗੇ। ਡੀ.ਐਚ.ਐਸ. ਵੱਲੋਂ ਪ੍ਰਵਾਸੀਆਂ ਨੂੰ ਨਵੇਂ ਰੂਪ ਵਿਚ ਲਿਆਂਦੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਐਪ ਦੀ ਵਰਤੋਂ ਕਰਨ ਦਾ ਸੁਝਾਅ ਦਿਤਾ ਗਿਆ ਹੈ। ਇਸ ਤੋਂ ਪਹਿਲਾਂ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਸੈਲਫ਼ ਡਿਪੋਰਟੇਸ਼ਨ ਵਾਸਤੇ ਇਕ ਹਜ਼ਾਰ ਡਾਲਰ ਅਤੇ ਹਵਾਈ * ਬਾਕੀ ਸਫ਼ਾ 2 'ਤੇ

## ਅਮਰੀਕਾ 'ਚ 30 ਪੰਜਾਬੀਆਂ ਸਣੇ 87 ਟਰੱਕ ਡਰਾਈਵਰ ਕਾਬੂ
* ਕੈਲੇਫੋਰਨੀਆ ਵਿਚ 2 ਥਾਵਾਂ 'ਤੇ ਇੰਮੀਗ੍ਰੇਸ਼ਨ ਛਾਪੇ
* ਹਾਈਵੇਜ਼ ਅਤੇ ਟ੍ਰਾਂਸਪੋਰਟ ਕੰਪਨੀਆਂ ਨੂੰ ਬਣਾਇਆ ਜਾ ਰਿਹਾ ਨਿਸ਼ਾਨਾ



ਕੈਲੇਫੋਰਨੀਆ, (ਪੰਜਾਬ ਸਟਾਰ ਬਿਊਰੋ) : ਅਮਰੀਕਾ ਵਿਚ 30 ਪੰਜਾਬੀ ਟਰੱਕ ਡਰਾਈਵਰਾਂ ਸਣੇ 87 ਜਣਿਆਂ ਨੂੰ ਗ੍ਰਿਫ਼ਤਾਰ ਕਰਦਿਆਂ ਇੰਮੀਗ੍ਰੇਸ਼ਨ ਡਿਟੈਨਸ਼ਨ ਸੈਂਟਰ ਭੇਜ ਦਿਤਾ ਗਿਆ ਹੈ ਜਿਨ੍ਹਾਂ ਨੂੰ ਜਲਦ ਡਿਪੋਰਟ ਕਰ ਦਿਤਾ ਜਾਵੇਗਾ। ਕੈਲੇਫੋਰਨੀਆ ਦੇ ਐਲ ਸੈਂਟਰੋ ਅਤੇ ਹੋਰਨਾਂ ਇਲਾਕਿਆਂ ਵਿਚ ਮਾਰੇ ਗਏ ਛਾਪਿਆਂ ਦੌਰਾਨ ਬਾਰਡਰ ਏਜੰਟਾਂ ਵੱਲੋਂ 42 ਜਣੇ ਗ੍ਰਿਫ਼ਤਾਰ ਕੀਤੇ ਗਏ ਜਦਕਿ ਟ੍ਰਕਿੰਗ ਕੰਪਨੀਆਂ ਨੂੰ ਨਿਸ਼ਾਨਾ ਬਣਾਉਂਦਿਆਂ ਆਈਸ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ 45 ਜਣਿਆਂ ਨੂੰ ਕਾਬੂ ਕੀਤਾ ਗਿਆ। ਹਿਰਾਸਤ ਵਿਚ ਲਏ ਕਮਰਸ਼ੀਅਲ ਡਰਾਈਵਰਾਂ ਵਿਚੋਂ ਜ਼ਿਆਦਾਤਰ ਭਾਰਤ ਨਾਲ ਸਬੰਧਤ ਸਨ ਜਦਕਿ ਬਾਕੀ ਅਲ ਸਲਵਾਡੋਰ, ਚੀਨ, ਹੈਤੀ, ਮੈਕਸੀਕੋ, ਰੂਸ, * ਬਾਕੀ ਸਫ਼ਾ 2 'ਤੇ

## ਐਪਸਟੀਨ ਫਾਈਲਾਂ: ਟਰੰਪ 'ਤੇ 'ਜਿਨਸੀ ਸ਼ੋਸ਼ਣ' ਦੇ ਇਲਜ਼ਾਮ
### ਅਮਰੀਕੀ ਨਿਆਂ ਵਿਭਾਗ ਨੇ ਦਾਅਵਿਆਂ ਨੂੰ ਨਕਾਰਿਆ



(ਪੰਜਾਬ ਸਟਾਰ ਬਿਊਰੋ)
ਅਮਰੀਕੀ ਨਿਆਂ ਵਿਭਾਗ (DOJ) ਵੱਲੋਂ ਮੰਗਲਵਾਰ ਨੂੰ ਜੈਫਰੀ ਐਪਸਟੀਨ ਨਾਲ ਸਬੰਧਤ ਦਸਤਾਵੇਜ਼ਾਂ ਦਾ ਇੱਕ ਨਵਾਂ ਬੈਚ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਖੁਲਾਸਾ ਹੋਇਆ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੋਸ਼ੀ ਜਿਨਸੀ ਅਪਰਾਧੀ ਐਪਸਟੀਨ ਦੇ ਨਿੱਜੀ ਜਹਾਜ਼ ਵਿੱਚ ਪਹਿਲਾਂ ਦੱਸੀ ਗਈ ਗਿਣਤੀ ਨਾਲੋਂ ਕਿਤੇ ਵੱਧ ਵਾਰ ਸਫ਼ਰ ਕੀਤਾ ਸੀ। ਨਿਊਯਾਰਕ ਦੇ ਇੱਕ ਸਰਕਾਰੀ ਵਕੀਲ ਦੀ 7 ਜਨਵਰੀ 2020 ਦੀ ਈਮੇਲ ਅਨੁਸਾਰ ਫਲਾਈਟ ਰਿਕਾਰਡ ਦਰਸਾਉਂਦੇ ਹਨ ਕਿ ਟਰੰਪ ਨੇ 1990 ਦੇ ਦਹਾਕੇ ਦੌਰਾਨ ਐਪਸਟੀਨ ਦੇ ਜੈੱਟ 'ਤੇ ਅੱਠ ਵਾਰ ਉਡਾਣ ਭਰੀ ਸੀ, ਜਿਨ੍ਹਾਂ ਵਿੱਚੋਂ ਘੱਟੋ-ਘੱਟ ਚਾਰ ਉਡਾਣਾਂ ਵਿੱਚ ਐਪਸਟੀਨ ਦੀ ਸਹਿਯੋਗੀ ਘਿਸਲੇਨ ਮੈਕਸਵੈੱਲ ਵੀ ਸਵਾਰ ਸੀ। ਹਾਲਾਂਕਿ, ਟਰੰਪ ਨੇ 2024 ਵਿੱਚ ਦਾਅਵਾ ਕੀਤਾ ਸੀ ਕਿ ਉਹ ਕਦੇ ਵੀ ਐਪਸਟੀਨ ਦੇ ਜਹਾਜ਼ ਜਾਂ ਉਸ ਦੇ ਟਾਪੂ 'ਤੇ ਨਹੀਂ ਗਏ ਸਨ।
* ਬਾਕੀ ਸਫ਼ਾ 2 'ਤੇ

## ਸ਼ਰਮਨਾਕ ! ਕੈਨੇਡਾ 'ਚ ਕਾਰ ਚੋਰ ਗਿਰੋਹ ਦਾ ਪਰਦਾਫਾਸ਼, 8 ਭਾਰਤੀ ਗ੍ਰਿਫਤਾਰ



ਕੈਨੇਡਾ (ਪੰਜਾਬ ਸਟਾਰ ਬਿਊਰੋ)
ਕੈਨੇਡਾ ਵਿੱਚ ਪੁਲਿਸ ਨੇ ਸੰਗਠਿਤ ਵਾਹਨ ਚੋਰੀ ਦੇ ਇੱਕ ਵੱਡੇ ਅੰਤਰਰਾਸ਼ਟਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ, ਇਸ ਤਹਿਤ 20 ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚ 8 ਵਿਅਕਤੀ ਭਾਰਤੀ ਮੂਲ ਦੇ ਦੱਸੇ ਜਾਂਦੇ ਹਨ। 'ਪ੍ਰੋਜੈਕਟ ਚਿਕਾਡੀ' ਨਾਮਕ ਇਸ ਵਿਆਪਕ ਕਾਰਵਾਈ ਦੌਰਾਨ ਚੋਰੀ ਹੋਈਆਂ 306 ਕਾਰਾਂ ਬਰਾਮਦ ਹੋਈਆਂ ਹਨ। ਇਨ੍ਹਾਂ ਵਾਹਨਾਂ ਦੀ ਅਨੁਮਾਨਤ ਕੀਮਤ ਲਗਭਗ 25 ਮਿਲੀਅਨ ਕੈਨੇਡੀਅਨ ਡਾਲਰ (ਲਗਭਗ 150 ਕਰੋੜ) ਹੋਣ ਦਾ ਅਨੁਮਾਨ ਹੈ।

ਕੈਨੇਡਾ ਦੇ ਅਧਿਕਾਰੀਆਂ ਦੇ ਅਨੁਸਾਰ, ਇਹ ਗਿਰੋਹ ਉੱਚ-ਪੱਧਰੀ ਅਤੇ ਮਹਿੰਗੇ ਵਾਹਨ ਚੋਰੀ ਕਰਨ ਅਤੇ ਉਨ੍ਹਾਂ ਨੂੰ ਵੱਖ-ਵੱਖ ਦੇਸ਼ਾਂ ਵਿੱਚ ਤਸਕਰੀ ਕਰਨ ਦੀ ਯੋਜਨਾ ਬਣਾ ਰਿਹਾ ਸੀ। * ਬਾਕੀ ਸਫ਼ਾ 2 'ਤੇ

## ਮਿਸੀਸਾਗਾ ਅਤੇ ਬਰੈਂਪਟਨ 'ਚੋਂ ਚੋਰੀ ਹੋਈਆਂ 4,722 ਗੱਡੀਆਂ
* ਪੀਲ ਰੀਜਨਲ ਪੁਲਿਸ ਵੱਲੋਂ 21 ਦਸੰਬਰ ਤੱਕ ਦੇ ਅੰਕੜੇ ਜਾਰੀ



ਬਰੈਂਪਟਨ, (ਪੰਜਾਬ ਸਟਾਰ ਬਿਊਰੋ): ਸਾਲ 2025 ਖ਼ਤਮ ਹੋ ਰਿਹਾ ਹੈ ਅਤੇ ਕੈਨੇਡਾ ਵਿਚ ਵੱਖ ਵੱਖ ਅਪਰਾਧਕ ਵਾਰਦਾਤਾਂ ਦੇ ਅੰਕੜੇ ਉਭਰ ਕੇ ਸਾਹਮਣੇ ਆ ਰਹੇ ਹਨ। ਗੱਡੀ ਚੋਰੀ ਦੀਆਂ ਵਾਰਦਾਤਾਂ ਦਾ ਜ਼ਿਕਰ ਕੀਤਾ ਜਾਵੇ ਤਾਂ ਮਿਸੀਸਾਗਾ ਅਤੇ ਬਰੈਂਪਟਨ ਵਿਚ 21 ਦਸੰਬਰ ਤੱਕ ਸਾਂਝੇ ਤੌਰ 'ਤੇ 4,722 ਗੱਡੀਆਂ ਚੋਰੀ ਹੋਈਆਂ ਅਤੇ 2024 ਦੇ ਮੁਕਾਬਲੇ ਲੋਕਾਂ ਨੇ ਮਾਮੂਲੀ ਤੌਰ 'ਤੇ ਸੁਖ ਦਾ ਸਾਹ ਲਿਆ ਜਦੋਂ 6,500 ਤੋਂ ਵੱਧ ਗੱਡੀਆਂ ਚੋਰੀ ਹੋਈਆਂ ਸਨ। ਪੀਲ ਰੀਜਨਲ ਪੁਲਿਸ ਦੇ ਅੰਕੜਿਆਂ ਮੁਤਾਬਕ ਮਿਸੀਸਾਗਾ ਵਿਚੋਂ 2,838 ਅਤੇ ਬਰੈਂਪਟਨ ਵਿਚੋਂ 1,867 ਕਾਰਾਂ ਚੋਰੀ ਹੋਈਆਂ ਪਰ ਇਸ ਦੇ ਨਾਲ ਹੀ ਪੀਲ ਪੁਲਿਸ ਨਾਲ ਸਬੰਧਤ 9 ਵਾਰਦਾਤਾਂ ਟੋਰਾਂਟੋ, ਦੋ ਕੈਲੇਡਨ, ਤਿੰਨ ਓਕਵਿਲ ਅਤੇ ਇਕ-ਇਕ ਬਰਲਿੰਗਟਨ ਤੇ ਮਾਰਖਮ ਵਿਖੇ ਵਾਪਰੀ। * ਬਾਕੀ ਸਫ਼ਾ 2 'ਤੇ












# ਕੈਲੀਫੋਰਨੀਆ: ਡਰਾਈਵਿੰਗ ਲਾਈਸੈਂਸ ਰੱਦ ਕਰਨ ਦੀ ਯੋਜਨਾ ਵਿਰੁੱਧ ਪਰਵਾਸੀ ਟਰੱਕ ਡਰਾਈਵਰਾਂ ਵੱਲੋਂ ਕੇਸ ਦਰਜ



ਪਰਵਾਸੀ ਟਰੱਕ ਡਰਾਈਵਰਾਂ ਦੇ ਇੱਕ ਸਮੂਹ ਨੇ ਮੰਗਲਵਾਰ ਨੂੰ ਕੈਲੀਫੋਰਨੀਆ ਦੇ ਮੋਟਰ ਵਾਹਨ ਵਿਭਾਗ (DMV) ਵਿਰੁੱਧ ਮੁਕੱਦਮਾ ਦਰਜ ਕੀਤਾ ਹੈ, ਜਿਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਸੂਬੇ ਨੇ ਹਜ਼ਾਰਾਂ ਕਾਮਿਆਂ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ। ਕੈਲੀਫੋਰਨੀਆ ਦੇ ਅਧਿਕਾਰੀਆਂ ਨੇ ਪਿਛਲੇ ਮਹੀਨੇ ਦੱਸਿਆ ਸੀ ਕਿ ਰਾਜ ਨੇ ਲਗਪਗ 17,000 ਟਰੱਕ ਡਰਾਈਵਰਾਂ ਨੂੰ ਸੂਚਿਤ ਕੀਤਾ ਹੈ ਕਿ ਉਨ੍ਹਾਂ ਦੇ ਕਮਰਸ਼ੀਅਲ ਡਰਾਈਵਿੰਗ ਲਾਈਸੈਂਸ ਰੱਦ ਕਰ ਦਿੱਤੇ ਜਾਣਗੇ ਕਿਉਂਕਿ ਲਾਈਸੈਂਸ ਦੀ ਮਿਆਦ ਖਤਮ ਹੋਣ ਦੀਆਂ ਤਰੀਕਾਂ ਉਸ ਸਮੇਂ ਤੋਂ ਅੱਗੇ ਨਿਕਲ ਗਈਆਂ ਹਨ ਜਦੋਂ ਤੱਕ ਡਰਾਈਵਰਾਂ ਨੂੰ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਰਹਿਣ ਦੀ ਇਜਾਜ਼ਤ ਸੀ।

ਇਹ ਕਦਮ ਉਦੋਂ ਚੁੱਕਿਆ ਗਿਆ ਜਦੋਂ ਟਰੰਪ ਪ੍ਰਸ਼ਾਸਨ ਨੇ ਰਾਜਾਂ ਵੱਲੋਂ ਪਰਵਾਸੀਆਂ ਨੂੰ ਲਾਈਸੈਂਸ ਜਾਰੀ ਕੀਤੇ ਜਾਣ 'ਤੇ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ। ਸੰਘੀ ਸਰਕਾਰ ਨੇ ਇਸ ਮੁੱਦੇ ਨੂੰ ਲੈ ਕੇ ਕੈਲੀਫੋਰਨੀਆ, ਪੈਨਸਿਲਵੇਨੀਆ, ਮਿਨੀਸੋਟਾ ਅਤੇ ਨਿਊਯਾਰਕ ਦੇ ਫੰਡ ਰੋਕਣ ਦੀ ਧਮਕੀ ਦਿੱਤੀ ਹੈ। ਸਿੱਖਾਂ ਦੇ ਨਾਗਰਿਕ ਅਧਿਕਾਰਾਂ ਦੀ ਰਾਖੀ ਕਰਨ ਵਾਲੇ ਰਾਸ਼ਟਰੀ ਸਮੂਹ 'ਸਿੱਖ ਕੋਲੀਸ਼ਨ' ਅਤੇ ਸੈਨ ਫ੍ਰਾਂਸਿਸਕੋ ਸਥਿਤ 'ਏਸ਼ੀਅਨ ਲਾਅ ਕਾਕਸ' ਨੇ ਕੈਲੀਫੋਰਨੀਆ ਦੇ ਡਰਾਈਵਰਾਂ ਦੀ ਤਰਫ਼ੋਂ ਇੱਕ ਸਮੂਹਿਕ ਮੁਕੱਦਮਾ (class-action lawsuit) ਦਾਇਰ ਕੀਤਾ ਹੈ। ਸਿੱਖ ਕੋਲੀਸ਼ਨ ਦੀ ਕਾਨੂੰਨੀ ਨਿਰਦੇਸ਼ਕ ਮਨਮੀਤ ਕੌਰ ਨੇ ਇੱਕ ਬਿਆਨ ਵਿੱਚ ਕਿਹਾ, "ਇਨ੍ਹਾਂ ਡਰਾਈਵਰਾਂ ਨੇ ਆਪਣੇ ਜੀਵਨ ਦੇ ਕਈ ਸਾਲ ਇਨ੍ਹਾਂ ਕਿੱਤਿਆਂ ਨਾਲ ਜੁੜ ਕੇ ਬਿਤਾਏ ਹਨ, ਪਰ ਹੁਣ ਉਨ੍ਹਾਂ ਨੂੰ ਬਿਨਾਂ ਕਿਸੇ ਗਲਤੀ ਦੇ ਸੰਭਾਵੀ ਆਰਥਿਕ ਬਰਬਾਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਬਿਹਤਰ ਦੇ ਹੱਕਦਾਰ ਹਨ ਅਤੇ ਕੈਲੀਫੋਰਨੀਆ ਨੂੰ ਬਿਹਤਰ ਕਰਨਾ ਚਾਹੀਦਾ ਹੈ।"

ਜਥੇਬੰਦੀਆਂ ਨੇ ਦੋਸ਼ ਲਾਇਆ ਹੈ ਕਿ ਟਰੱਕ ਡਰਾਈਵਰਾਂ ਦੇ ਲਾਈਸੈਂਸ ਰੱਦ ਕਰਨ ਦੀ ਰਾਜ ਦੀ ਯੋਜਨਾ ਉਨ੍ਹਾਂ ਦੇ ਉਚਿਤ ਪ੍ਰਕਿਰਿਆ (due process) ਦੇ ਅਧਿਕਾਰਾਂ ਦੀ ਉਲੰਘਣਾ ਕਰਦੀ ਹੈ ਅਤੇ ਉਨ੍ਹਾਂ ਦੀ ਰੋਜ਼ੀ-ਰੋਟੀ ਨੂੰ ਖਤਰਾ ਪੈਦਾ ਕਰਦੀ ਹੈ। ਉਹ ਅਲਾਮੇਡਾ ਕਾਉਂਟੀ ਸੁਪੀਰੀਅਰ ਕੋਰਟ ਨੂੰ ਲਾਈਸੈਂਸ ਰੱਦ ਕਰਨ ਦੀ ਪ੍ਰਕਿਰਿਆ 'ਤੇ ਰੋਕ ਲਗਾਉਣ ਦੀ ਮੰਗ ਕਰ ਰਹੇ ਹਨ।

ਕੈਲੀਫੋਰਨੀਆ DMV ਨੇ ਕਿਹਾ ਕਿ ਉਹ ਵਿਚਾਰ ਅਧੀਨ ਮੁਕੱਦਮੇ 'ਤੇ ਕੋਈ ਟਿੱਪਣੀ ਨਹੀਂ ਕਰਦੇ। ਪਰਵਾਸੀ ਟਰੱਕ ਡਰਾਈਵਰਾਂ ਬਾਰੇ ਚਿੰਤਾਵਾਂ ਉਦੋਂ ਵਧੀਆਂ ਜਦੋਂ ਅਗਸਤ ਵਿੱਚ ਫਲੋਰੀਡਾ ਵਿੱਚ ਇੱਕ ਟਰੈਕਟਰ-ਟਰੇਲਰ ਡਰਾਈਵਰ, ਜਿਸ ਨੂੰ ਅਮਰੀਕਾ ਵਿੱਚ ਰਹਿਣ ਦੀ ਕਾਨੂੰਨੀ ਇਜਾਜ਼ਤ ਨਹੀਂ ਸੀ, ਨੇ ਗਲਤ ਯੂ-ਟਰਨ ਲਿਆ ਅਤੇ ਇੱਕ ਹਾਦਸਾ ਵਾਪਰਿਆ। ਇਸ ਹਾਦਸੇ ਵਿੱਚ ਤਿੰਨ ਲੋਕ ਮਾਰੇ ਗਏ ਸਨ।

# ਅਮਰੀਕਾ 'ਚ 10 ਮਿਲੀਅਨ ਲੋਕਾਂ ਨੂੰ ਚਿਤਾਵਨੀ

## * ਹਵਾ ਪ੍ਰਦੂਸ਼ਣ ਖ਼ਤਰਨਾਕ ਹੱਦ ਤੱਕ ਵਧਿਆ
## * ਦਿਲ ਦਾ ਦੌਰਾ ਪੈਣ ਦਾ ਖ਼ਤਰਾ, ਘਰਾਂ ਵਿਚ ਹੀ ਰਹਿਣ ਲੋਕ : ਮਾਹਰ



ਲੌਸ ਐਂਜਲਸ : ਅਮਰੀਕਾ ਵਿਚ 10 ਮਿਲੀਅਨ ਲੋਕਾਂ ਉਤੇ ਖ਼ਤਰਾ ਮੰਡਰਾਅ ਰਿਹਾ ਹੈ। ਜੀ ਹਾਂ, ਹਵਾ ਵਿਚ ਅਜਿਹੇ ਜ਼ਹਿਰੀਲੇ ਕਣ ਫੈਲਣ ਦੀ ਚਿਤਾਵਨੀ ਦਿਤੀ ਗਈ ਹੈ ਜਿਨ੍ਹਾਂ ਦੇ ਸਾਹ ਰਾਹੀਂ ਸਰੀਰ ਅੰਦਰ ਜਾਣ 'ਤੇ ਦਿਲ ਦਾ ਦੌਰਾ ਪੈ ਸਕਦਾ ਹੈ। ਦੱਖਣੀ ਕੈਲੇਫ਼ੋਰਨੀਆ ਦੇ ਲੌਸ ਐਂਜਲਸ, ਸੈਂਟਾ ਮੋਨਿਕਾ, ਹਟਿੰਗਟਨ ਬੀਚ, ਟੌਰੈਂਸ, ਲੌਂਗ ਬੀਚ, ਪੈਸਾਡੀਨਾ, ਅਰਵਿਨ, ਰਿਵਰਸਾਈਡ ਅਤੇ ਸੈਨ ਬਰਨਾਰਡੀਨੋ ਵਰਗੇ ਸ਼ਹਿਰਾਂ ਵਿਚ ਹਵਾ ਦਾ ਮਿਆਰ ਬੇਹੱਦ ਖ਼ਰਾਬ ਹੋਣ ਕਰ ਕੇ ਇਥੋਂ ਦੇ ਬਾਸ਼ਿੰਦਿਆਂ ਨੂੰ ਘਰਾਂ ਦੇ ਅੰਦਰ ਹੀ ਰਹਿਣ ਦੀ ਹਦਾਇਤ ਦਿਤੀ ਗਈ ਹੈ। ਸਾਊਥ ਕੋਸਟ ਏਅਰ ਕੁਆਲਿਟੀ ਮੈਨੇਜਮੈਂਟ ਡਿਸਟ੍ਰਿਕਟ ਨੇ ਕਿਹਾ ਕਿ ਤਿੰਨ ਕਿਸਮ ਦੇ ਜ਼ਹਿਰੀਲੇ ਮਾਦੇ ਹਵਾ ਵਿਚ ਘੁਲੇ ਹੋਏ ਹਨ ਅਤੇ ਲੋਕਾਂ ਨੂੰ ਸਾਹ ਲੈਣ ਵਿਚ ਦਿੱਕਤ ਸਣੇ ਕਈ ਕਿਸਮ ਦੀਆਂ ਸਿਹਤ ਸਮੱਸਿਆਵਾਂ ਦਾ ਟਾਕਰਾ ਕਰਨਾ ਪੈ ਸਕਦਾ ਹੈ।

ਨਾ ਸਿਰਫ਼ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਵਧ ਗਿਆ ਹੈ ਸਗੋਂ ਪਹਿਲਾਂ ਤੋਂ ਦਿਲ ਦੇ ਰੋਗਾਂ ਨਾਲ ਜੂਝ ਰਹੇ ਲੋਕਾਂ ਵਾਸਤੇ ਹਾਲਾਤ ਹੋਰ ਵੀ ਬਦਤਰ ਹੋ ਸਕਦੇ ਹਨ। ਲੋਕਾਂ ਨੂੰ ਸੁਝਾਅ ਦਿਤਾ ਗਿਆ ਹੈ ਕਿ ਘਰਾਂ ਦੇ ਦਰਵਾਜ਼ੇ ਅਤੇ ਬਾਰੀਆਂ ਬੰਦ ਰੱਖੀਆਂ ਜਾਣ ਅਤੇ ਲੰਮਾ ਸਮਾਂ ਬਾਹਰ ਰਹਿਣ ਤੋਂ ਗੁਰੇਜ਼ ਕੀਤ ਜਾਵੇ। ਹਵਾ ਵਿਚ ਪ੍ਰਦੂਸ਼ਣ ਦਾ ਪੱਧਰ ਜ਼ਿਆਦਾ ਹੋਣ ਕਰ ਕੇ ਲੱਕੜ ਬਾਲਣ 'ਤੇ ਮੁਕੰਮਲ ਰੋਕ ਲਾਗੂ ਕੀਤੀ ਗਈ ਹੈ। ਸਿਹਤ ਮਾਹਰਾਂ ਦਾ ਕਹਿਣਾ ਹੈ ਕਿ ਲੱਕੜਾਂ ਨੂੰ ਅੱਗ ਨਾਲ ਹਾਲਾਤ ਹੋਰ ਵਿਗੜਨਗੇ ਪਰ ਘਰ ਨੂੰ ਗਰਮ ਰੱਖਣ ਲਈ ਬਤੌਰ ਬਾਲਣ ਸਿਰਫ਼ ਲੱਕੜ 'ਤੇ ਨਿਰਭਰ ਘੱਟ ਆਮਦਨ ਵਾਲੇ ਲੋਕਾਂ ਨੂੰ ਰਿਆਇਤ ਦਿਤੀ ਗਈ ਹੈ। ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਪੀ.ਐਮ. 2.5 ਆਕਾਰ ਵਾਲੇ ਕਣ ਨਾ ਸਿਰਫ਼ ਫੇਫੜਿਆਂ ਵਿਚ ਦਾਖਲ ਹੋ ਕੇ ਨੁਕਸਾਨ ਕਰਦੇ ਹਨ ਸਗੋਂ ਖ਼ੂਨ ਵਿਚ ਸ਼ਾਮਲ ਹੋ ਕੇ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦੇ ਹਨ। ਇਸੇ ਦੌਰਾਨ ਵਾਇਓਮਿੰਗ ਸੂਬੇ ਦੇ ਉਤਰੀ-ਪੂਰਬੀ ਇਲਾਕਿਆਂ ਵਿਚ ਧੂੜ ਉਡਣ ਮਗਰੋਂ ਪ੍ਰਦੂਸ਼ਣ ਦਾ ਪੱਧਰ ਵਧਣ ਦਾ ਖਦਸ਼ਾ ਜ਼ਾਹਰ ਕੀਤਾ ਗਿਆ ਹੈ। ਵਾਇਓਮਿੰਗ ਡਿਪਾਰਟਮੈਂਟ ਆਫ਼ ਐਨਵਾਇਰਨਮੈਂਟਲ ਕੁਆਲਿਟੀ ਦੀ ਏਅਰ ਕੁਆਲਿਟੀ ਡਵੀਜ਼ਨ ਵੱਲੋਂ ਲੋਕਾਂ ਨੂੰ ਧੂੜ ਵਾਲਾ ਮਾਹੌਲ ਵਿਚ ਜ਼ਿਆਦਾ ਸਮਾਂ ਨਾ ਰਹਿਣ ਦਾ ਸੁਝਾਅ ਦਿਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ 30 ਤੋਂ 40 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਵਾਲੀਆਂ ਦੱਖਣ-ਪੱਛਮੀ ਹਵਾਵਾਂ ਜਿਲਟ, ਰਿਕਲੂਜ਼, ਵੈਸਟਨ, ਰੌਜ਼ਟ ਅਤੇ ਰਾਈਟ ਸਣੇ ਆਲੇ-ਦੁਆਲੇ ਵਾਲੇ ਇਲਾਕਿਆਂ ਵਿਚ ਸਿਹਤ ਪੱਖੋਂ ਨੁਕਸਾਨਦਾਇਕ ਹਾਲਾਤ ਸਿਰਜ ਸਕਦੀਆਂ ਹਨ।

ਬਜ਼ੁਰਗਾਂ ਅਤੇ ਬਿਮਾਰੀ ਲੋਕਾਂ ਨੂੰ ਖ਼ਾਸ ਖਿਆਲ ਰੱਖਣ ਦੀ ਹਦਾਇਤ ਦਿਤੀ ਗਈ ਹੈ ਅਤੇ ਹਾਲਾਤ ਵਿਚ ਸੁਧਾਰ ਹੋਣ ਤੱਕ ਅਹਿਤਿਆਤ ਵਰਤਣ 'ਤੇ ਜ਼ੋਰ ਦਿਤਾ ਗਿਆ ਹੈ। ਦੂਜੇ ਪਾਸੇ ਸਿਹਤ ਮਾਹਰਾਂ ਦਾ ਕਹਿਣਾ ਹੈ ਕਿ ਸਾਹ ਲੈਣ ਵਿਚ ਦਿੱਕਤ, ਛਾਤੀ ਵਿਚ ਦਰਦ ਜਾਂ ਗੈਰਸਾਧਾਰਣ ਤਰੀਕੇ ਨਾਲ ਸਰੀਰ ਦੀ ਥਕਾਵਟ ਹੋਣ 'ਤੇ ਮੈਡੀਕਲ ਸਹਾਇਤਾ ਲਈ ਜਾਵੇ।

# ਪੇਜ ਇੱਕ ਦੀ ਬਾਕੀ

## ਕਰਨਾਟਕ: ਟਰੱਕ ਅਤੇ...

ਜ਼ਿਲ੍ਹੇ ਦੇ ਸ਼ਿਰਾ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ, ਜਦਕਿ ਕਈ ਸਵਾਰੀਆਂ ਨੇ ਬੱਸ ਵਿੱਚੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ। ਇਸ ਦੌਰਾਨ 45 ਸਕੂਲੀ ਬੱਚਿਆਂ ਨੂੰ ਲੈ ਕੇ ਜਾ ਰਹੀ ਇੱਕ ਹੋਰ ਬੱਸ ਜੋ ਇਸ ਬੱਸ ਦੇ ਬਿਲਕੁਲ ਪਿੱਛੇ ਸੀ, ਵਾਲ-ਵਾਲ ਬਚ ਗਈ ਕਿਉਂਕਿ ਉਸਦੇ ਡਰਾਈਵਰ ਨੇ ਸਮੇਂ ਸਿਰ ਗੱਡੀ ਨੂੰ ਦੂਜੇ ਪਾਸੇ ਮੋੜ ਦਿੱਤਾ ਸੀ। ਪੁਲਿਸ ਮੁਤਾਬਕ ਦੋ ਯਾਤਰੀਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ।

## ਧੀ ਨੇ ਮਾਂ ਤੇ ਪੁੱਤ...

ਉਹ ਆਪਣੇ ਪੁੱਤ ਨਾਲ ਪੇਕੇ ਘਰ ਆਪਣੀ ਮਾਂ ਕੋਲ ਹੀ ਰਹਿ ਰਹੀ ਸੀ। ਜਾਣਕਾਰੀ ਅਨੁਸਾਰ ਸਵੇਰੇ ਜਦੋਂ ਜੌਰਡਨ ਸਿੰਘ ਦੀ ਅੱਖ ਖੁੱਲ੍ਹੀ ਤਾਂ ਉਸ ਨੇ ਮਾਂ ਅਤੇ ਨਾਨੀ ਨੂੰ ਮ੍ਰਿਤਕ ਦੇਖਿਆ। ਫਿਰ ਉਸ ਨੇ ਆਪਣੀ ਦਾਦੀ ਨੂੰ ਇਸ ਬਾਰੇ ਦੱਸਿਆ ਤਾਂ ਰੌਲਾ ਪੈ ਗਿਆ। ਚਸ਼ਮਦੀਦਾਂ ਮੁਤਾਬਕ ਮਾਂ ਅਤੇ ਨਾਨੀ ਵਿਚਾਲੇ ਸੁੱਤੇ ਬੱਚੇ 'ਤੇ ਵੀ ਜ਼ਹਿਰ ਦਾ ਅਸਰ ਹੋਇਆ ਲੱਗਦਾ ਸੀ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਪਰ ਰਸਤੇ ਵਿੱਚ ਹੀ ਉਸ ਨੇ ਦਮ ਤੋੜ ਦਿੱਤਾ। ਥਾਣਾ ਸੰਦੌੜ ਦੇ ਮੁਖੀ ਇੰਸਪੈਕਟਰ ਗਗਨਦੀਪ ਸਿੰਘ ਨੇ ਦੱਸਿਆ ਕਿ ਖ਼ੁਦਕੁਸ਼ੀ ਤੋਂ ਪਹਿਲਾਂ ਇੰਦਰਪਾਲ ਨੇ ਵੀਡੀਓ ਰਿਕਾਰਡ ਕੀਤੀ ਸੀ, ਜਿਸ ਵਿੱਚ ਉਸ ਨੇ ਗੁਆਂਢੀ ਪਰਿਵਾਰ ਅਤੇ ਰਿਸ਼ਤੇਦਾਰਾਂ ਸਮੇਤ 10 ਜਣਿਆਂ ਨੂੰ ਆਪਣੀ ਮੌਤ ਲਈ ਜ਼ਿੰਮੇਵਾਰ ਠਹਿਰਾਇਆ। ਪੁਲਿਸ ਨੇ ਇਨ੍ਹਾਂ 10 ਜਣਿਆਂ ਖ਼ਿਲਾਫ਼ ਬੀ ਐੱਨ ਐੱਸ ਦੀ ਧਾਰਾ 306 ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਨੇ ਤਿੰਨਾਂ ਦੀਆਂ ਲਾਸ਼ਾਂ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਅਸਲ ਤੱਥ ਪੋਸਟਮਾਰਟਮ ਰਿਪੋਰਟ ਤੋਂ ਬਾਅਦ ਹੀ ਸਪੱਸ਼ਟ ਹੋਣਗੇ।

## ਕੈਨੇਡਾ 'ਚ ਭਾਰਤੀ ਮੂਲ...

ਪੁਲੀਸ ਨੇ ਇਸ ਕਤਲ ਕੇਸ ਵਿੱਚ 32 ਸਾਲਾ ਅਬਦੁਲ ਗਫੂਰੀ ਨੂੰ ਮੁੱਖ ਸ਼ੱਕੀ ਵਜੋਂ ਨਾਮਜ਼ਦ ਕੀਤਾ ਹੈ। ਗਫੂਰੀ ਵੀ ਟੋਰਾਂਟੋ ਦਾ ਹੀ ਰਹਿਣ ਵਾਲਾ ਹੈ ਅਤੇ ਉਸ ਦੇ ਖ਼ਿਲਾਫ਼ 'ਫਸਟ ਡਿਗਰੀ ਮਰਡਰ' (ਪਹਿਲੇ ਦਰਜੇ ਦੇ ਕਤਲ) ਦੇ ਤਹਿਤ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ ਗਏ ਹਨ। ਪੁਲੀਸ ਵੱਲੋਂ ਸ਼ੱਕੀ ਦੀ ਸਰਗਰਮੀ ਨਾਲ ਭਾਲ ਕੀਤੀ ਜਾ ਰਹੀ ਹੈ। ਟੋਰਾਂਟੋ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਇਸ ਘਟਨਾ 'ਤੇ ਡੂੰਘੇ ਦੁੱਖ ਅਤੇ ਹੈਰਾਨੀ ਦਾ ਪ੍ਰਗਟਾਵਾ ਕੀਤਾ ਹੈ। ਮੰਗਲਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਹਾਈ ਕਮਿਸ਼ਨ ਨੇ ਇਸ ਕਤਲ ਨੂੰ 'ਬੇਹੱਦ ਦੁਖਦਾਈ' ਅਤੇ 'ਪ੍ਰੇਸ਼ਾਨ ਕਰਨ ਵਾਲਾ' ਦੱਸਿਆ। ਉਨ੍ਹਾਂ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਉਹ ਪਿਛਲੇ ਕੁਝ ਦਿਨਾਂ ਤੋਂ ਇਸ ਮਾਮਲੇ 'ਤੇ ਨਜ਼ਰ ਰੱਖ ਰਹੇ ਹਨ ਅਤੇ ਜਾਂਚ ਦੌਰਾਨ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨਾ ਜਾਰੀ ਰੱਖਣਗੇ।

## ਓਨਟਾਰੀਓ ਦੇ ਮਕਾਨ...

ਕਹਿਣਾ ਹੈ ਕਿ ਫੇਫੜਿਆਂ ਵਿਚ ਕਾਰਬਨ ਮੌਨਆਕਸਾਈਡ ਗੈਸ ਜਾਣ ਮਗਰੋਂ ਸਰੀਰ ਦੀ ਖ਼ੂਨ ਵਿਚ ਆਕਸੀਜਨ ਪਹੁੰਚਾਉਣ ਦੀ ਤਾਕਤ ਘਟ ਜਾਂਦੀ ਹੈ ਅਤੇ ਖ਼ਤਰਨਾਕ ਗੈਸ ਦੀ ਮੌਜੂਦਗੀ ਦਾ ਅਹਿਸਾਸ ਹੋਣ ਤੋਂ ਪਹਿਲਾਂ ਨੁਕਸਾਨ ਹੋ ਜਾਂਦਾ ਹੈ।

ਲੋਕਾਂ ਨੂੰ ਗੁਜ਼ਾਰਿਸ਼ ਕੀਤੀ ਗਈ ਹੈ ਕਿ ਕਾਰਬਨ ਮੌਨਆਕਸਾਈਡ ਅਲਾਰਮ ਵੱਜਣ ਦੇ ਸੂਰਤ ਵਿਚ ਘਰ ਵਿਚ ਮੌਜੂਦ ਹਰ ਸ਼ਖਸ ਨੂੰ ਬਾਹਰ ਕੱਢ ਦਿਤਾ ਜਾਵੇ ਅਤੇ ਐਮਰਜੰਸੀ ਨੰਬਰ 'ਤੇ ਕਾਲ ਕੀਤੀ ਜਾਵੇ। ਕੁਝ ਕੰਪਨੀਆਂ ਸਮੋਕ ਅਲਾਰਮ ਅਤੇ ਕਾਰਬਨ ਮੌਨਆਕਸਾਈਡ ਅਲਾਰਮ ਸਾਂਝੇ ਤੌਰ 'ਤੇ ਬਣਾਉਂਦੀਆਂ ਹਨ ਪਰ ਲੋਕਾਂ ਨੂੰ ਦੋਹਾਂ ਵਿਚਲਾ ਫ਼ਰਕ ਪਤਾ ਹੋਣਾ ਚਾਹੀਦਾ ਹੈ। ਮਕਾਨ ਕਿਰਾਏ 'ਤੇ ਹੋਣ ਦੀ ਸੂਰਤ ਵਿਚ ਕਾਰਬਨ ਮੌਨਆਕਸਾਈਡ ਅਲਾਰਮ ਲਾਉਣ ਦੀ ਜ਼ਿੰਮੇਵਾਰੀ ਲੈਂਡਲੌਰਡ ਦੀ ਬਣਦੀ ਹੈ। ਅਲਾਰਮ ਨਾਲ ਛੇੜਛਾੜ ਕਰਨੀ ਜਾਂ ਇਸ ਦੀਆਂ ਬੈਟਰੀਆਂ ਕੱਢਣਾ ਕਾਨੂੰਨੀ ਤੌਰ 'ਤੇ ਜੁਰਮ ਹੈ। ਸੂਬਾ ਸਰਕਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਵਧੇਰੇ ਜਾਣਕਾਰੀ ਲਈ ਸ਼ਹਿਰ ਜਾਂ ਕਸਬੇ ਦੇ ਫਾਇਰ ਡਿਪਾਰਟਮੈਂਟ ਨਾਲ ਸੰਪਰਕ ਕੀਤਾ ਜਾਵੇ।

## ਅਮਰੀਕਾ ਛੱਡਣ ਵਾਲਿਆਂ...

ਕਿਰਾਏ ਦੀ ਸਹੂਲਤ ਦਿਤੀ ਜਾ ਰਹੀ ਸੀ। ਗ੍ਰਹਿ ਸੁਰੱਖਿਆ ਮੰਤਰੀ ਕ੍ਰਿਸਟੀ ਨੌਇਮ ਨੇ ਚਿਤਾਵਨੀ ਭਰੇ ਲਹਿਜ਼ੇ ਵਿਚ ਕਿਹਾ ਕਿ ਜਿਹੜੇ ਗੈਰਕਾਨੂੰਨੀ ਪ੍ਰਵਾਸੀ 3 ਹਜ਼ਾਰ ਡਾਲਰ ਦਾ ਲਾਭ ਨਹੀਂ ਉਠਾਉਂਦੇ, ਉਨ੍ਹਾਂ ਨੂੰ ਕਾਬੂ ਕਰ ਕੇ ਡਿਟੈਨਸ਼ਨ ਸੈਂਟਰ ਵਿਚ ਸੁੱਟਿਆ ਜਾਵੇਗਾ ਅਤੇ ਫ਼ਿਰ ਹੋਰਨਾਂ ਪ੍ਰਵਾਸੀਆਂ ਨਾਲ ਡਿਪੋਰਟ ਕੀਤੇ ਜਾਣਗੇ। ਅਜਿਹੇ ਹਾਲਾਤ ਵਿਚ ਉਹ ਕਦੇ ਵੀ ਅਮਰੀਕਾ ਨਹੀਂ ਪਰਤ ਸਕਣਗੇ। ਇਥੇ ਦਸਣਾ ਬਣਦਾ ਹੈ ਕਿ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਐਪ ਮੁਢਲੇ ਤੌਰ 'ਤੇ ਬਾਇਡਨ ਸਰਕਾਰ ਵੇਲੇ ਤਿਆਰ ਕੀਤੀ ਗਈ ਜਿਸ ਰਾਹੀਂ ਅਸਾਇਲਮ ਮੰਗਣ ਵਾਲਿਆਂ ਨੂੰ ਅਪੁਆਇੰਟਮੈਂਟ ਦਿਤੀ ਜਾਂਦੀ ਸੀ ਪਰ ਡੌਨਲਡ ਟਰੰਪ ਦੇ ਸੱਤਾ ਵਿਚ ਆਉਣ ਮਗਰੋਂ ਐਪ ਨੂੰ ਡਿਪੋਰਟੇਸ਼ਨ ਵਾਸਤੇ ਵਰਤਿਆ ਜਾਣ ਲੱਗਾ। ਸੈਲਫ਼ ਡਿਪੋਰਟ ਹੋਣ ਵਾਲਿਆਂ ਨੂੰ ਤਿੰਨ ਹਜ਼ਾਰ ਡਾਲਰ ਦੀ ਰਕਮ ਦਿਤੇ ਜਾਣ ਦੀ ਮੁਹਿੰਮ ਨੂੰ ਹੌਲੀਡੇਅ ਸੀਜ਼ਨ ਨਾਲ ਜੋੜਿਆ ਜਾ ਰਿਹਾ ਹੈ ਪਰ ਇੰਮੀਗ੍ਰੇਸ਼ਨ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਫੜ ਕੇ ਡਿਪੋਰਟ ਕਰਨਾ ਬੇਹੱਦ ਖਰਚੀਲੀ ਅਤੇ ਗੁੰਝਲਦਾਰ ਪ੍ਰਕਿਰਿਆ ਹੈ ਜਿਸ ਦੇ ਮੱਦੇਨਜ਼ਰ ਟਰੰਪ ਸਰਕਾਰ ਨੇ ਪੂਰਾ ਜ਼ੋਰ ਲਾਉਣ ਮਗਰੋਂ ਇਕ ਹਜ਼ਾਰ ਡਾਲਰ ਦੀ ਰਕਮ ਵਧਾ ਕੇ ਤਿੰਨ ਹਜ਼ਾਰ ਡਾਲਰ ਕਰ ਦਿਤੀ।

ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਿਭਾਗ ਵੱਲੋਂ ਇਕ ਪ੍ਰਵਾਸੀ ਨੂੰ ਗ੍ਰਿਫ਼ਤਾਰ ਕਰਨ ਤੋਂ ਲੈ ਕੇ ਡਿਟੈਨਸ਼ਨ ਸੈਂਟਰ ਵਿਚ ਰੱਖਣ ਅਤੇ ਫ਼ਿਰ ਡਿਪੋਰਟ ਕਰਨ ਦੀ ਪ੍ਰਕਿਰਿਆ 'ਤੇ ਅੰਦਾਜ਼ਨ 17 ਹਜ਼ਾਰ ਡਾਲਰ ਖ਼ਰਚ ਹੋ ਰਹੇ ਹਨ। ਡੀ.ਐਚ.ਐਸ. ਦੇ ਅੰਕੜਿਆਂ ਮੁਤਾਬਕ ਜਨਵਰੀ ਤੋਂ ਹੁਣ ਤੱਕ 19 ਲੱਖ ਗੈਰਕਾਨੂੰਨੀ ਪ੍ਰਵਾਸੀ ਸੈਲਫ਼ ਡਿਪੋਰਟ ਹੋ ਚੁੱਕੇ ਹਨ ਜਿਨ੍ਹਾਂ ਵਿਚੋਂ ਵੱਡੀ ਗਿਣਤੀ ਨੇ ਸੀ.ਬੀ.ਪੀ. ਹੋਮ ਪ੍ਰੋਗਰਾਮ ਐਪ ਦੀ ਵਰਤੋਂ ਕੀਤੀ। ਇਨ੍ਹਾਂ ਅੰਕੜਿਆਂ ਦੀ ਤਸਦੀਕ ਨਹੀਂ ਕੀਤੀ ਜਾ ਸਕੀ ਪਰ ਸੀ.ਬੀ.ਐਸ. ਨਿਊਜ਼ ਵੱਲੋਂ ਟਰੰਪ ਸਰਕਾਰ ਦੇ ਅੰਦਰੂਨੀ ਦਸਤਾਵੇਜ਼ਾਂ ਦੇ ਹਵਾਲੇ ਪ੍ਰਕਾਸ਼ਤ ਰਿਪੋਰਟ ਮੁਤਾਬਕ ਡੌਨਲਡ ਟਰੰਪ ਦੇ ਸੱਤਾ ਵਿਚ ਆਉਣ ਦੇ ਪਹਿਲੇ ਛੇ ਮਹੀਨੇ ਦੌਰਾਨ 1 ਲੱਖ 50 ਹਜ਼ਾਰ ਪ੍ਰਵਾਸੀ ਫੜ ਫੜ ਕੇ ਡਿਪੋਰਟ ਕੀਤੇ ਗਏ ਜਦਕਿ 13 ਹਜ਼ਾਰ ਸੈਲਫ਼ ਡਿਪੋਰਟ ਹੋਏ। ਦੂਜੇ ਪਾਸੇ ਪਿਛਲੇ ਦਿਨੀਂ ਸਾਹਮਣੇ ਆਈ ਇਕ ਮੀਡੀਆ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਸੈਲਫ਼ ਡਿਪੋਰਟ ਹੋਣ ਵਾਲਿਆਂ ਨੂੰ ਵਾਅਦੇ ਮੁਤਾਬਕ ਇਕ ਹਜ਼ਾਰ ਡਾਲਰ ਨਹੀਂ ਮਿਲੇ।

## ਅਮਰੀਕਾ 'ਚ 30...

ਸੋਮਾਲੀਆ, ਤੁਰਕੀ ਅਤੇ ਯੂਕਰੇਨ ਨਾਲ ਸਬੰਧਤ ਦੱਸੇ ਜਾ ਰਹੇ ਹਨ। ਟਰੱਕ ਡਰਾਈਵਰਾਂ ਨੂੰ ਜਾਰੀ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਦਾ ਜ਼ਿਕਰ ਕੀਤਾ ਜਾਵੇ ਤਾਂ 31 ਜਣਿਆਂ ਨੂੰ ਕੈਲੇਫੋਰਨੀਆ ਸੂਬੇ ਨੇ ਲਾਇਸੰਸ ਜਾਰੀ ਕੀਤੇ ਜਦਕਿ ਬਾਕੀਆਂ ਦੇ ਲਾਇਸੰਸ ਵਾਸ਼ਿੰਗਟਨ, ਫਲੋਰੀਡਾ, ਇੰਡਿਆਨਾ, ਇਲੀਨੌਇ, ਓਹਾਇਓ, ਮੈਰੀਲੈਂਡ, ਮਿਨੇਸੋਟਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਤੋਂ ਜਾਰੀ ਹੋਏ ਦੱਸੇ ਜਾ ਰਹੇ ਹਨ। ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵੱਲੋਂ ਕੀਤੀ ਕਾਰਵਾਈ ਨੂੰ ਅਪ੍ਰੇਸ਼ਨ ਹਾਈਵੇਅ ਸੈਂਟੀਨਲ ਦਾ ਨਾਂ ਦਿਤਾ ਗਿਆ ਜਿਸ ਦੇ ਪਹਿਲੇ ਦਿਨ ਇਕ ਭਾਰਤੀ ਅਤੇ ਇਕ ਤਾਜਿਕਸਤਾਨ ਨਾਲ ਸਬੰਧਤ ਡਰਾਈਵਰ ਕਾਬੂ ਕੀਤਾ ਗਿਆ। ਦੂਜੇ ਦਿਨ ਚਾਰ ਭਾਰਤੀ ਅਤੇ ਇਕ ਉਜ਼ਬੇਕ ਡਰਾਈਵਰ ਆਈਸ ਵਾਲਿਆਂ ਦੀ ਗ੍ਰਿਫ਼ਤ ਵਿਚ ਆਏ। ਕਸਟਮਜ਼ ਐਂਡ ਬਾਰਡਰ ਪੈਟਰੋਲ ਦੇ ਐਲ ਸੈਂਟਰੋ ਸੈਕਟਰ ਦੇ ਕਾਰਜਕਾਰੀ ਮੁਖੀ ਜੋਸਫ਼ ਰੈਮੇਨਰ ਨੇ ਦੱਸਿਆ ਕਿ ਅਮਰੀਕਾ ਵਿਚ ਪਿਛਲੇ ਸਮੇਂ ਦੌਰਾਨ ਵਾਪਰੇ ਜਾਨਲੇਵਾ ਟਰੱਕ ਹਾਦਸਿਆਂ ਮਗਰੋਂ ਕੈਲੇਫੋਰਨੀਆ ਵਿਚ ਵੱਡੇ ਪੱਧਰ 'ਤੇ ਮੁਹਿੰਮ ਦੀ ਰਣਨੀਤੀ ਘੜੀ ਗਈ। ਗ੍ਰਿਫ਼ਤਾਰ ਕੀਤੇ ਪ੍ਰਵਾਸੀਆਂ ਨੂੰ ਟਰੱਕ ਚਲਾਉਣ ਦਾ ਕੋਈ ਹੱਕ ਨਹੀਂ ਸੀ ਅਤੇ ਇਨ੍ਹਾਂ ਨੂੰ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਜਾਰੀ ਕਰਨ ਵਾਲੇ ਸੂਬੇ ਹੀ ਅਸਲ ਵਿਚ ਜਾਨਲੇਵਾ ਹਾਦਸਿਆਂ ਦੇ ਅਸਲ ਜ਼ਿੰਮੇਵਾਰ ਹਨ। ਜੋਸਫ਼ ਰੈਮੇਨਰ ਦਾ ਇਸ਼ਾਰਾ ਹਰਜਿੰਦਰ ਸਿੰਘ, ਜਸ਼ਨਦੀਪ ਸਿੰਘ ਅਤੇ ਰਜਿੰਦਰ ਕੁਮਾਰ ਦੀ ਸ਼ਮੂਲੀਅਤ ਵਾਲੇ ਹਾਦਸਿਆਂ ਵੱਲ ਸੀ ਜਿਨ੍ਹਾਂ ਦੌਰਾਨ ਸਾਂਝੇ ਤੌਰ 'ਤੇ ਅੱਠ ਜਣਿਆਂ ਦੀ ਮੌਤ ਹੋਈ। ਤਿੰਨੋ ਜਣੇ ਇਸ ਵੇਲੇ ਜੇਲ ਵਿਚ ਹਨ ਪਰ ਦੂਜੇ ਪਾਸੇ ਆਈਸ ਵੱਲੋਂ ਪ੍ਰਤਾਪ ਸਿੰਘ ਨਾਂ ਦੇ ਟਰੱਕ ਡਰਾਈਵਰ ਨੂੰ ਵੀ ਕਾਬੂ ਕੀਤਾ ਗਿਆ ਜਿਸ ਨਾਲ ਸਬੰਧਤ ਹਾਦਸੇ ਵਿਚ ਭਾਵੇਂ ਕੋਈ ਮੌਤ ਨਹੀਂ ਸੀ ਹੋਈ ਪਰ ਪੰਜ ਸਾਲ ਦੀ ਬੱਚੀ ਡੈਲੀਲਾ ਕੋਲਮੈਨ ਸਦਾ ਵਾਸਤੇ ਅਪਾਹਜ ਹੋ ਗਈ।

ਦੂਜੇ ਪਾਸੇ ਕੈਲੇਫੋਰਨੀਆ ਦੇ ਪੰਜਾਬੀ ਟਰੱਕ ਡਰਾਈਵਰਾਂ ਵੱਲੋਂ ਸੂਬੇ ਦੇ ਡਿਪਾਰਟਮੈਂਟ ਆਫ਼ ਮੋਟਰ ਵ੍ਹੀਕਲ ਵਿਰੁੱਧ ਮੁਕੱਦਮਾ ਦਾਇਰ ਕੀਤਾ ਗਿਆ ਹੈ। ਪੰਜਾਬੀ ਡਰਾਈਵਰਾਂ ਵੱਲੋਂ ਮੁਕੱਦਮੇ ਦੀ ਪੈਰਵੀ ਸਿੱਖ ਕੋਲੀਸ਼ਨ ਅਤੇ ਸੈਨ ਫ਼ਰਾਂਸਿਸਕੋ ਦੀ ਏਸ਼ੀਅਨ ਲਾਅ ਕੌਕਸ ਵੱਲੋਂ ਕੀਤੀ ਜਾ ਰਹੀ ਹੈ। ਸਿੱਖ ਕੋਲੀਸ਼ਨ ਦੀ ਲੀਗਲ ਡਾਇਰੈਕਟਰ ਮਨਮੀਤ ਕੌਰ ਦਾ ਕਹਿਣਾ ਸੀ ਕਿ ਇਨ੍ਹਾਂ ਡਰਾਈਵਰਾਂ ਨੇ ਆਪਣੀ ਜ਼ਿੰਦਗੀ ਦੇ ਬਿਹਤਰੀਨ ਵਰ੍ਹੇ ਟ੍ਰਾਂਸਪੋਰਟ ਸੈਕਟਰ ਨੂੰ ਦਿਤੇ ਅਤੇ ਅਮਰੀਕਾ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਵਿਚ ਯੋਗਦਾਨ ਪਾਇਆ ਪਰ ਹੁਣ ਇਨ੍ਹਾਂ ਨੂੰ ਵਿਸਾਰਿਆ ਜਾ ਰਿਹਾ ਹੈ। ਕੈਲੇਫੋਰਨੀਆ ਡੀ.ਐਮ.ਵੀ. ਨੇ ਮੁਕੱਦਮੇ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿਤਾ। ਇਥੇ ਦਸਣਾ ਬਣਦਾ ਹੈ ਕਿ ਡੀ.ਸੀ. ਦੀ ਅਪੀਲ ਅਦਾਲਤ ਵੱਲੋਂ ਟਰੰਪ ਸਰਕਾਰ ਦੇ ਐਮਰਜੰਸੀ ਹੁਕਮਾਂ 'ਤੇ ਰੋਕ ਲਾਏ ਜਾਣ ਮਗਰੋਂ ਕੈਲੇਫੋਰਨੀਆ ਵਿਚ 17 ਹਜ਼ਾਰ ਡਰਾਈਵਰਾਂ ਨੂੰ ਮੁੜ ਸੀ.ਡੀ.ਐਲ. ਜਾਰੀ ਕਰਨ ਦਾ ਐਲਾਨ ਕੀਤਾ ਗਿਆ।

## ਐਪਸਟੀਨ ਫਾਈਲਾਂ: ਟਰੰਪ...

ਨਵੇਂ ਰਿਕਾਰਡਾਂ ਵਿੱਚ ਇੱਕ ਅਜਿਹੀ ਉਡਾਣ ਦਾ ਵੀ ਜ਼ਿਕਰ ਹੈ ਜਿਸ ਵਿੱਚ ਸਿਰਫ਼ ਐਪਸਟੀਨ, ਟਰੰਪ ਅਤੇ ਇੱਕ 20 ਸਾਲਾ ਅਣਪਛਾਤੀ ਮਹਿਲਾ ਸਵਾਰ ਸੀ। ਨਿਆਂ ਵਿਭਾਗ ਨੇ 'X' 'ਤੇ ਇੱਕ ਬਿਆਨ ਜਾਰੀ ਕਰਦਿਆਂ ਸਪੱਸ਼ਟ ਕੀਤਾ ਕਿ ਇਨ੍ਹਾਂ ਦਸਤਾਵੇਜ਼ਾਂ ਵਿੱਚ ਰਾਸ਼ਟਰਪਤੀ ਟਰੰਪ ਵਿਰੁੱਧ ਕੀਤੇ ਗਏ ਕੁਝ ਦਾਅਵੇ ਝੂਠੇ ਅਤੇ ਸਨਸਨੀਖੇਜ਼ ਹਨ, ਜੋ 2020 ਦੀਆਂ ਚੋਣਾਂ ਤੋਂ ਠੀਕ ਪਹਿਲਾਂ ਐਫਬੀਆਈ (FBI) ਨੂੰ ਸੌਂਪੇ ਗਏ ਸਨ। ਵਿਭਾਗ ਅਨੁਸਾਰ ਇਹ ਦਾਅਵੇ ਬੇਬੁਨਿਆਦ ਹਨ, ਪਰ ਪਾਰਦਰਸ਼ਤਾ ਦੇ ਕਾਨੂੰਨ ਤਹਿਤ ਇਨ੍ਹਾਂ ਨੂੰ ਜਾਰੀ ਕਰਨਾ ਜ਼ਰੂਰੀ ਸੀ।

ਜਾਰੀ ਕੀਤੀਆਂ ਗਈਆਂ 30,000 ਫਾਈਲਾਂ ਵਿੱਚ ਕਈ ਵੀਡੀਓ ਕਲਿੱਪ ਵੀ ਹਨ, ਜਿਨ੍ਹਾਂ ਵਿੱਚੋਂ ਇੱਕ ਵੀਡੀਓ ਐਪਸਟੀਨ ਦੀ ਜੇਲ੍ਹ ਸੈੱਲ ਦੇ ਅੰਦਰ ਦੀ ਦੱਸੀ ਗਈ ਹੈ, ਪਰ ਜਾਂਚ ਵਿੱਚ ਇਹ 'ਕੰਪਿਊਟਰ-ਜਨਰੇਟਿਡ' (AI) ਪਾਈ ਗਈ ਹੈ। ਇਸ ਤੋਂ ਇਲਾਵਾ ਇੱਕ ਈਮੇਲ ਵਿੱਚ ਟਰੰਪ ਦੇ ਸਾਬਕਾ ਸਹਿਯੋਗੀ ਸਟੀਵ ਬੈਨਨ ਦੇ ਫ਼ੋਨ ਤੋਂ ਟਰੰਪ ਅਤੇ ਮੈਕਸਵੈੱਲ ਦੀ ਇੱਕ ਤਸਵੀਰ ਮਿਲਣ ਦਾ ਵੀ ਜ਼ਿਕਰ ਹੈ।

ਦੂਜੇ ਪਾਸੇ ਟਰੰਪ ਨੇ ਇਨ੍ਹਾਂ ਫਾਈਲਾਂ ਦੀ ਮਹੱਤਤਾ ਨੂੰ ਘਟਾਉਂਦਿਆਂ ਕਿਹਾ ਕਿ ਇਹ ਸਭ ਉਨ੍ਹਾਂ ਦੀ ਸਫਲਤਾ ਤੋਂ ਧਿਆਨ ਭਟਕਾਉਣ ਲਈ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਕਾਂਗਰਸ ਵੱਲੋਂ ਪਾਸ ਕੀਤੇ ਗਏ ਪਾਰਦਰਸ਼ਤਾ ਕਾਨੂੰਨ ਕਾਰਨ ਇਹ ਫਾਈਲਾਂ ਜਾਰੀ ਕਰਨੀਆਂ ਪਈਆਂ ਹਨ, ਜਦਕਿ ਟਰੰਪ ਪ੍ਰਸ਼ਾਸਨ ਇਨ੍ਹਾਂ ਨੂੰ ਸੀਲ ਰੱਖਣ ਦੀ ਕੋਸ਼ਿਸ਼ ਕਰ ਰਿਹਾ ਸੀ। ਰਿਪਬਲਿਕਨ ਪ੍ਰਤੀਨਿਧੀ ਥਾਮਸ ਮੈਸੀ ਨੇ ਟਰੰਪ ਦੀ ਆਲੋਚਨਾ ਕਰਦਿਆਂ ਕਿਹਾ ਕਿ ਟਰੰਪ ਉਸ ਬਿੱਲ ਲਈ ਉਨ੍ਹਾਂ ਨੂੰ ਦੋਸ਼ੀ ਠਹਿਰਾ ਰਹੇ ਹਨ ਜਿਸ 'ਤੇ ਉਨ੍ਹਾਂ ਨੇ ਖੁਦ ਦਸਤਖਤ ਕੀਤੇ ਸਨ, ਜਦਕਿ ਅਟਾਰਨੀ ਜਨਰਲ ਪਾਮ ਬੋਂਡੀ ਕਾਨੂੰਨੀ ਤੌਰ 'ਤੇ ਲੋੜੀਂਦੇ ਦਸਤਾਵੇਜ਼ਾਂ ਨੂੰ ਮਿਟਾਉਣ ਜਾਂ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।

## ਸ਼ਰਮਨਾਕ ! ਕੈਨੇਡਾ...

ਚੋਰੀ ਹੋਏ ਵਾਹਨ ਪਹਿਲਾਂ ਗੋਦਾਮਾਂ ਵਿੱਚ ਲੁਕਾਏ ਜਾਂਦੇ ਸਨ ਅਤੇ ਫਿਰ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਵਿਦੇਸ਼ਾਂ ਵਿੱਚ ਨਿਰਯਾਤ ਕੀਤੇ ਜਾਂਦੇ ਸਨ।

ਪੁਲਿਸ ਦਾ ਕਹਿਣਾ ਹੈ ਕਿ ਚੋਰਾਂ ਦਾ ਇਹ ਨੈੱਟਵਰਕ ਲੰਬੇ ਸਮੇਂ ਤੋਂ ਸਰਗਰਮ ਹੈ ਅਤੇ ਇੱਕ ਸੰਗਠਿਤ ਅਪਰਾਧੀਆਂ ਵਜੋਂ ਕੰਮ ਕਰ ਰਿਹਾ ਹੈ। ਜਾਂਚ ਏਜੰਸੀਆਂ ਹੁਣ ਜਾਂਚ ਕਰ ਰਹੀਆਂ ਹਨ ਕਿ ਇਸ ਗਿਰੋਹ ਦੇ ਕਿਹੜੇ ਦੇਸ਼ਾਂ ਨਾਲ ਸਬੰਧ ਹਨ ਅਤੇ ਹੋਰ ਕਿੰਨੇ ਲੋਕ ਸ਼ਾਮਲ ਹੋ ਸਕਦੇ ਹਨ। ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਸਾਰੇ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿਰੁੱਧ ਆਈਪੀਸੀ ਦੀਆਂ ਸਖ਼ਤ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਗਏ ਹਨ, ਅਤੇ ਹੋਰ ਜਾਂਚ ਜਾਰੀ ਹੈ। ਪੁਲਿਸ ਨੇ ਨਾਗਰਿਕਾਂ ਨੂੰ ਇਹ ਵੀ ਭਰੋਸਾ ਦਿੱਤਾ ਹੈ ਕਿ ਅਜਿਹੇ ਸੰਗਠਿਤ ਅਪਰਾਧਾਂ ਵਿਰੁੱਧ ਕਾਰਵਾਈ ਤੇਜ਼ ਕੀਤੀ ਜਾਵੇਗੀ।

## ਮਿਸੀਸਾਗਾ ਅਤੇ ਬਰੈਂਪਟਨ...

ਗੱਡੀ ਚੋਰੀ ਦੇ ਕੁਲ ਮਾਮਲਿਆਂ ਵਿਚੋਂ ਪੀਲ ਰੀਜਨਲ ਪੁਲਿਸ 3,041 ਦੀ ਗੁੱਥੀ ਸੁਲਝਾਉਣ ਵਿਚ ਸਫ਼ਲ ਰਹੀ ਜਦਕਿ 140 ਦੀ ਪੜਤਾਲ ਚੱਲ ਰਹੀ ਹੈ। ਇਸ ਤੋਂ ਇਲਾਵਾ 1,541 ਮਾਮਲੇ ਅਣਸੁਲਝੇ ਕਰਾਰ ਦਿਤੇ ਗਏ। ਚੋਰੀ ਹੋਈਆਂ ਗੱਡੀਆਂ ਵਿਚੋਂ 3,367 ਕਾਰਾਂ ਸਨ ਜਦਕਿ 879 ਪਿਕਅੱਪ ਟਰੱਕ ਅਤੇ 216 ਨੂੰ ਹੋਰ ਗੱਡੀਆਂ ਦੀ ਸ਼੍ਰੇਣੀ ਵਿਚ ਮੰਨਿਆ ਗਿਆ ਹੈ। ਪੀਲ ਰੀਜਨ ਵਿਚ ਸਭ ਤੋਂ ਵੱਧ ਗੱਡੀ ਚੋਰੀ ਦੇ ਮਾਮਲੇ ਏਅਰ ਪੋਰਟ ਰੋਡ, ਬਲੋਰ ਸਟ੍ਰੀਟ, ਬੋਵੇਅਰਡ ਡਰਾਈਵ, ਬਰੈਮਲੀ ਰੋਡ, ਬ੍ਰਿਟੈਨੀਆ ਰੋਡ, ਬਰਨਹੈਮਥੌਰਪ ਰੋਡ, ਸਿਟੀ ਸੈਂਟਰ ਡਰਾਈਵ, ਕੋਰਟਨੀ ਪਾਰਕ ਡਰਾਈਵ, ਡੈਰੀ ਰੋਡ, ਡਿਕਸੀ ਰੋਡ, ਡੰਡਾਸ ਸਟ੍ਰੀਟ, ਗਰੇਟ ਲੇਕਸ ਡਰਾਈਵ, ਹਿਊਰੋਨਟੇਰੀਓ ਸਟ੍ਰੀਟ, ਕੈਨੇਡੀ ਰੋਡ, ਲੇਕਸ਼ੋਰ ਰੋਡ ਅਤੇ ਮੇਨ ਸਟ੍ਰੀਟ ਵਿਖੇ ਸਾਹਮਣੇ ਆਉਂਦੇ ਹਨ। ਮੌਜੂਦਾ ਵਰ੍ਹੇ ਦੇ ਮਹੀਨਾਵਾਰ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਜਨਵਰੀ ਦੌਰਾਨ ਕਾਰ ਚੋਰ 437 ਗੱਡੀਆਂ ਲੈ ਗਏ ਜਦਕਿ ਫ਼ਰਵਰੀ ਵਿਚ ਅੰਕੜਾ 334 ਦਰਜ ਕੀਤਾ ਗਿਆ। ਮਾਰਚ ਵਿਚ 390 ਵਾਰਦਾਤਾਂ ਸਾਹਮਣੇ ਆਈਆਂ ਅਤੇ ਅਪ੍ਰੈਲ ਵਿਚ 372 ਗੱਡੀਆਂ ਚੋਰੀ ਹੋਈਆਂ। ਮਈ ਵਿਚ ਅੰਕੜਾ ਮੁੜ ਵਧਿਆ ਅਤੇ ਕਾਰ ਚੋਰ 420 ਗੱਡੀਆਂ ਚੋਰ ਕਰਨ ਵਿਚ ਸਫ਼ਲ ਰਹੇ ਜਦਕਿ ਜੂਨ ਵਿਚ ਅੰਕੜਾ ਹੋਰ ਵਾਧੇ ਨਾਲ 431 'ਤੇ ਪੁੱਜ ਗਿਆ। ਗਰਮੀ ਮੌਸਮ ਵਿਚ ਚੋਰੀ ਕੁਝ ਜ਼ਿਆਦਾ ਹੀ ਸਰਗਰਮ ਨਜ਼ਰ ਆਏ ਅਤੇ ਜੁਲਾਈ ਵਿਚ 462 ਗੱਡੀਆਂ ਵੱਖ ਵੱਖ ਥਾਵਾਂ ਤੋਂ ਚੋਰੀ ਹੋਈਆਂ।

### 2024 ਦੇ ਮੁਕਾਬਲੇ ਵਾਰਦਾਤਾਂ ਵਿਚ ਆਈ ਕਮੀ

ਇਸ ਮਗਰੋਂ ਗੱਡੀ ਚੋਰੀ ਦੀਆਂ ਵਾਰਦਾਤਾਂ ਵਧਣ ਦੇ ਸਿਲਸਿਲੇ ਨੂੰ ਠੱਲ੍ਹ ਪਈ ਅਤੇ ਅਗਸਤ ਦੌਰਾਨ 407 ਵਾਰਦਾਤਾਂ ਦਰਜ ਕੀਤੀਆਂ ਗਈਆਂ। ਸਤੰਬਰ ਵਿਚ ਮਾਮੂਲੀ ਕਮੀ ਨਾਲ 402 ਵਾਰਦਾਤਾਂ ਵਾਪਰੀਆਂ ਜਦਕਿ ਅਕਤੂਬਰ ਵਿਚ ਮੁੜ ਵਾਧਾ ਹੋਇਆ ਅਤੇ ਗੱਡੀ ਚੋਰੀ ਦੇ 436 ਮਾਮਲੇ ਸਾਹਮਣੇ ਆਏ। ਇਸੇ ਤਰ੍ਹਾਂ ਨਵੰਬਰ ਮਹੀਨੇ ਦੌਰਾਲ 388 ਵਾਰਦਾਤਾਂ ਵਾਪਰੀਆਂ ਅਤੇ ਦਸੰਬਰ ਦੀ ਪਹਿਲੀ ਤਰੀਕ ਤੋਂ 21 ਤਰੀਕ ਤੱਕ 243 ਗੱਡੀਆਂ ਪੀਲ ਰੀਜਨ ਵਿਚੋਂ ਚੋਰੀ ਹੋਈਆਂ। ਇਥੇ ਦਸਣਾ ਬਣਦਾ ਹੈ ਕਿ ਕੈਨੇਡਾ ਵਿਚੋਂ ਮਹਿੰਗੀਆਂ ਗੱਡੀਆਂ ਚੋਰੀ ਕਰ ਕੇ ਵਿਦੇਸ਼ ਭੇਜਣ ਵਾਲੇ ਇਕ ਗਿਰੋਹ ਦਾ ਪਰਦਾ ਫ਼ਾਸ਼ ਕਰਦਿਆਂ ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਨੇ 306 ਗੱਡੀਆਂ ਬਰਾਮਦ ਕੀਤੀਆਂ। ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਸਾਂਝੇ ਤੌਰ 'ਤੇ ਕੀਤੀ ਕਾਰਵਾਈ ਦੌਰਾਨ ਨਾ ਸਿਰਫ਼ ਗੱਡੀ ਚੋਰੀ ਦੀਆਂ ਵਾਰਦਾਤਾਂ ਵੱਲ ਧਿਆਨ ਕੇਂਦਰਤ ਕੀਤਾ ਗਿਆ ਸਗੋਂ ਚੋਰੀਸ਼ੁਦਾ ਮਾਲ ਦੀ ਵਿਦੇਸ਼ੀ ਬਾਜ਼ਾਰਾਂ ਤੱਕ ਢੋਆ-ਢੁਆਈ ਕਰਨ ਵਾਲੀਆਂ ਕੰਪਨੀਆਂ ਵੀ ਨਿਸ਼ਾਨੇ 'ਤੇ ਰਹੀਆਂ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES!
YOU NEED A MORTGAGE?
WE'LL ARRANGE IT FOR YOU
NO MATTER WHAT YOUR REASON IS!
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail: paulgahunia@hotmail.com
Jaspal Singh Gahunia # M08006400 Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21 Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬ੍ਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Include
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.
MICHELIN BFGoodrich DUNLOP GOODYEAR Hankook Exceed AEOLUS ROADLUX

# ਅਮਰੀਕਾ 'ਚ ਸਿੱਖ ਮੇਅਰ ਨੇ ਸਿਰਜਿਆ ਇਤਿਹਾਸ

* ਸਵਰਨਜੀਤ ਸਿੰਘ ਨੇ ਆਪਣੇ ਦਫ਼ਤਰ ਵਿਚ ਸਥਾਪਤ ਕੀਤਾ ਨਿਸ਼ਾਨ ਸਾਹਿਬ
* ਮੁਲਕ ਵਿਚ ਪਹਿਲੀ ਵਾਰ ਕਿਸੇ ਸਰਕਾਰੀ ਦਫ਼ਤਰ ਦੀ ਸ਼ਾਨ ਬਣਿਆ ਸਿੱਖ ਝੰਡਾ



ਨੌਰਵਿਚ : ਅਮਰੀਕਾ ਵਿਚ ਸਿੱਖ ਮੇਅਰ ਸਵਰਨਜੀਤ ਸਿੰਘ ਖ਼ਾਲਸਾ ਨੇ ਇਤਿਹਾਸ ਸਿਰਜਦਿਆਂ ਆਪਣੇ ਦਫ਼ਤਰ ਵਿਚ ਨਿਸ਼ਾਨ ਸਾਹਿਬ ਸਥਾਪਤ ਕਰ ਲਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਅਮਰੀਕਾ ਦੇ ਕਿਸੇ ਸਰਕਾਰੀ ਦਫ਼ਤਰ ਵਿਚ ਸਿੱਖ ਧਰਮ ਨਾਲ ਸਬੰਧਤ ਝੰਡਾ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਿਵੇਂ ਸਿੱਖ ਰੋਜ਼ਾਨਾ ਸਿਰ 'ਤੇ ਦਸਤਾਰ ਸਜਾਉਂਦੇ ਹਨ, ਉਸੇ ਤਰ੍ਹਾਂ ਦਫ਼ਤਰ ਵਿਚ ਸਥਾਪਤ ਨਿਸ਼ਾਨਾ ਸਾਹਿਬ ਹਮੇਸ਼ਾ ਕਮਿਊਨਿਟੀ ਦੀ ਸੇਵਾ ਵਿਚ ਜੁਟੇ ਰਹਿਣ ਦੀ ਯਾਦ ਦਿਵਾਉਂਦਾ ਰਹੇਗਾ। ਨੌਰਵਿਚ ਸ਼ਹਿਰ ਦੇ ਮੇਅਰ ਨੇ ਅੱਗੇ ਕਿਹਾ ਕਿ ਸਿੱਖ ਧਰਮ ਦਾ ਝੰਡਾ ਉਨ੍ਹਾਂ ਅੰਦਰ ਹਮੇਸ਼ਾ ਸੇਵਾ ਭਾਵਨਾ ਨੂੰ ਬਰਕਰਾਰ ਰੱਖਣ ਵਿਚ ਸਹਾਈ ਸਾਬਤ ਹੋਵੇਗਾ। ਸਿਰਫ਼ ਐਨਾ ਹੀ ਨਹੀਂ ਪੂਰੀ ਦੁਨੀਆਂ ਵਿਚ ਵਸਦੇ ਸਿੱਖ ਅਮਰੀਕਾ ਦੇ ਸਰਕਾਰੀ ਦਫ਼ਤਰ ਵਿਚ ਨਿਸ਼ਾਨਾ ਸਾਹਿਬ ਦੇਖ ਕੇ ਮਾਣ ਮਹਿਸੂਸ ਕਰਨਗੇ। ਬੀਤੀ 2 ਦਸੰਬਰ ਨੂੰ ਮੇਅਰ ਦਾ ਅਹੁਦਾ ਸੰਭਾਲਣ ਵਾਲੇ ਸਵਰਨਜੀਤ ਸਿੰਘ ਖ਼ਾਲਸਾ ਨੇ ਦੱਸਿਆ ਕਿ ਉਹ ਸ਼ਹਿਰ ਵਿਚ ਨਿਵੇਸ਼ ਦੇ ਮੌਕਿਆਂ ਵਿਚ ਵਾਧਾ ਕਰ ਰਹੇ ਹਨ ਅਤੇ 57 ਮੁਲਕਾਂ ਨਾਲ ਸਬੰਧਤ ਸਭਿਆਚਾਰਕ ਪ੍ਰੋਗਰਾਮ ਉਲੀਕਿਆ ਗਿਆ ਹੈ। ਦੱਸ ਦੇਈਏ ਕਿ ਸਵਰਨਜੀਤ ਸਿੰਘ ਖ਼ਾਲਸਾ ਦੇ ਪਿਤਾ ਪਰਮਿੰਦਰ ਪਾਲ ਸਿੰਘ ਖ਼ਾਲਸਾ ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਹਨ। ਸਵਰਨਜੀਤ ਸਿੰਘ ਖ਼ਾਲਸਾ 2007 ਵਿਚ ਸਟੱਡੀ ਵੀਜ਼ਾ 'ਤੇ ਅਮਰੀਕਾ ਪੁੱਜੇ ਅਤੇ ਨਿਊ ਜਰਸੀ ਇੰਸਟੀਚਿਊਟ ਆਫ਼ ਟੈਕਨਾਲੋਜੀ ਤੋਂ ਕੰਪਿਊਟਰ ਸਾਇੰਸ ਵਿਚ ਮਾਸਟਰਜ਼ ਦੀ ਡਿਗਰੀ ਹਾਸਲ ਕੀਤੀ। ਇਸ ਮਗਰੋਂ 2010 ਵਿਚ ਉਹ ਨੌਰਵਿਚ ਸ਼ਹਿਰ ਵਿਚ ਵਸ ਗਏ ਅਤੇ ਕੰਸਟ੍ਰਕਸ਼ਨ ਸੈਕਟਰ ਵਿਚ ਕੰਮ ਸ਼ੁਰੂ ਕਰ ਦਿਤਾ। ਅਮਰੀਕਾ ਵਿਚ 9/11 ਦੇ ਹਮਲਿਆਂ ਮਗਰੋਂ ਪਛਾਣ ਦੇ ਭੁਲੇਖੇ ਕਾਰਨ ਸਿੱਖਾਂ ਨੂੰ ਨਿਸ਼ਾਨਾ ਬਣਾਏ ਜਾਣ ਦਾ ਮੁੱਦਾ ਸਵਰਨਜੀਤ ਸਿੰਘ ਖ਼ਾਲਸਾ ਨੇ ਜ਼ੋਰਦਾਰ ਤਰੀਕੇ ਨਾਲ ਉਠਾਇਆ ਅਤੇ ਇਸ ਮਗਰੋਂ ਚਰਚਾ ਵਿਚ ਆਏ।

# ਟੈਕਸਾਸ 'ਚ ਮੈਕਸੀਕਨ ਜਲ ਸੈਨਾ ਦਾ ਜਹਾਜ਼ ਹਾਦਸਾਗ੍ਰਸਤ, ਪੰਜ ਦੀ ਮੌਤ



ਟੈਕਸਾਸ : ਅਮਰੀਕਾ ਦੇ ਟੈਕਸਾਸ ਵਿੱਚ ਗੈਲਵੈਸਟਨ ਤੱਟ ਦੇ ਨੇੜੇ ਇੱਕ ਛੋਟਾ ਮੈਕਸੀਕਨ ਨੇਵੀ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ ਦੋ ਸਾਲ ਦੇ ਬੱਚੇ ਸਮੇਤ ਘੱਟੋ-ਘੱਟ ਪੰਜ ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ ਬਾਕੀ ਪੀੜਤਾਂ ਨੂੰ ਲੱਭਣ ਲਈ ਸਮੁੰਦਰ ਵਿੱਚ ਇੱਕ ਖੋਜ ਮੁਹਿੰਮ ਸ਼ੁਰੂ ਕੀਤੀ ਗਈ ਹੈ। ਜਲ ਸੈਨਾ ਨੇ ਇਸਨੂੰ "ਹਾਦਸਾ" ਦੱਸਿਆ ਹੈ ਅਤੇ ਕਿਹਾ ਹੈ ਕਿ ਹਾਦਸੇ ਦੇ ਕਾਰਨਾਂ ਦੀ ਪੂਰੀ ਜਾਂਚ ਕੀਤੀ ਜਾਵੇਗੀ।

ਦੱਸ ਦਈਏ ਮੈਕਸੀਕਨ ਜਲ ਸੈਨਾ ਨੇ ਇੱਕ ਬਿਆਨ ਵਿੱਚ ਕਿਹਾ ਕਿ ਐਮਰਜੈਂਸੀ ਅਧਿਕਾਰੀਆਂ ਨੇ ਕੁਝ ਲੋਕਾਂ ਨੂੰ ਬਚਾਇਆ ਹੈ ਅਤੇ ਘਟਨਾ ਦੇ ਕਾਰਨਾਂ ਦੀ ਜਾਂਚ ਜਾਰੀ ਹੈ। ਜਲ ਸੈਨਾ ਦੇ ਅਨੁਸਾਰ ਜਹਾਜ਼ ਵਿੱਚ ਸਵਾਰ ਲੋਕਾਂ ਵਿੱਚੋਂ ਚਾਰ ਜਲ ਸੈਨਾ ਅਧਿਕਾਰੀ ਸਨ ਅਤੇ ਚਾਰ ਆਮ ਨਾਗਰਿਕ ਸਨ। ਇਹ ਤੁਰੰਤ ਸਪੱਸ਼ਟ ਨਹੀਂ ਹੋ ਸਕਿਆ ਕਿ ਕੌਣ ਲਾਪਤਾ ਹੈ ਅਤੇ ਕੌਣ ਮਾਰਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਸੈਨਾ ਦਾ ਜਹਾਜ਼ ਇੱਕ ਮਰੀਜ਼ ਨੂੰ ਲੈ ਕੇ ਜਾ ਰਿਹਾ ਸੀ। ਇਹ ਹਾਦਸਾ ਸੋਮਵਾਰ ਨੂੰ ਟੈਕਸਾਸ ਤੱਟ ਦੇ ਨਾਲ ਹਿਊਸਟਨ ਤੋਂ ਲਗਭਗ 50 ਮੀਲ ਦੱਖਣ-ਪੂਰਬ ਵਿੱਚ ਗੈਲਵੈਸਟਨ ਨੇੜੇ ਇੱਕ ਪੁਲ ਦੇ ਅਧਾਰ ਨੇੜੇ ਵਾਪਰਿਆ। ਮੈਕਸੀਕਨ ਜਲ ਸੈਨਾ ਨੇ ਇੱਕ ਬਿਆਨ ਵਿੱਚ ਕਿਹਾ ਕਿ ਜਹਾਜ਼ ਇੱਕ ਮੈਡੀਕਲ ਆਪ੍ਰੇਸ਼ਨ ਵਿੱਚ ਸਹਾਇਤਾ ਕਰ ਰਿਹਾ ਸੀ ਅਤੇ ਹਾਦਸਾਗ੍ਰਸਤ ਹੋ ਗਿਆ। ਇਸਨੇ ਹਾਦਸੇ ਦੇ ਕਾਰਨਾਂ ਦੀ ਜਾਂਚ ਕਰਨ ਦਾ ਵਾਅਦਾ ਕੀਤਾ। ਜਾਣਕਾਰੀ ਦਿੰਦਿਆਂ ਨੇਵੀ ਨੇ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਇੱਕ ਪੋਸਟ ਵਿੱਚ ਕਿਹਾ ਕਿ ਉਹ ਸਥਾਨਕ ਅਧਿਕਾਰੀਆਂ ਨੂੰ ਖੋਜ ਅਤੇ ਬਚਾਅ ਕਾਰਜ ਵਿੱਚ ਸਹਾਇਤਾ ਕਰ ਰਿਹਾ ਹੈ। ਟੈਕਸਾਸ ਡਿਪਾਰਟਮੈਂਟ ਆਫ਼ ਪਬਲਿਕ ਸੇਫਟੀ ਨੇ X 'ਤੇ ਕਿਹਾ ਕਿ ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ ਦੇ ਅਧਿਕਾਰੀਆਂ ਦੇ ਹਾਦਸੇ ਵਾਲੀ ਥਾਂ 'ਤੇ ਪਹੁੰਚਣ ਦੀ ਉਮੀਦ ਹੈ। ਗੈਲਵੈਸਟਨ ਕਾਉਂਟੀ ਸ਼ੈਰਿਫ਼ ਦੇ ਦਫ਼ਤਰ ਨੇ ਕਿਹਾ ਕਿ ਉਸਦੀ ਡਾਈਵ ਟੀਮ, ਕ੍ਰਾਈਮ ਸੀਨ ਯੂਨਿਟ, ਡਰੋਨ ਯੂਨਿਟ ਅਤੇ ਗਸ਼ਤ ਅਧਿਕਾਰੀ ਹਾਦਸੇ ਵਾਲੀ ਥਾਂ 'ਤੇ ਹਨ।

ਸ਼ੈਰਿਫ਼ ਦੇ ਦਫ਼ਤਰ ਨੇ ਇੱਕ ਪੋਸਟ ਵਿੱਚ ਕਿਹਾ, "ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਵਾਧੂ ਜਾਣਕਾਰੀ ਉਪਲਬਧ ਹੋਣ 'ਤੇ ਜਾਰੀ ਕੀਤੀ ਜਾਵੇਗੀ।" ਨਾਲ ਹੀ ਉਨ੍ਹਾਂ ਅੱਗੇ ਕਿਹਾ ਕਿ ਜਨਤਾ ਨੂੰ ਇਸ ਖੇਤਰ ਤੋਂ ਦੂਰ ਰਹਿਣਾ ਚਾਹੀਦਾ ਹੈ ਤਾਂ ਜੋ ਐਮਰਜੈਂਸੀ ਜਵਾਬ ਦੇਣ ਵਾਲੇ ਸੁਰੱਖਿਅਤ ਢੰਗ ਨਾਲ ਕੰਮ ਕਰ ਸਕਣ। ਦੱਸ ਦਈਏ ਕਿ ਗੈਲਵੈਸਟਨ ਇੱਕ ਟਾਪੂ ਹੈ ਜੋ ਇੱਕ ਪ੍ਰਸਿੱਧ ਬੀਚ ਸੈਰ-ਸਪਾਟਾ ਸਥਾਨ ਹੈ। ਇਹ ਤੁਰੰਤ ਸਪੱਸ਼ਟ ਨਹੀਂ ਹੋ ਸਕਿਆ ਕਿ ਮੌਸਮ ਇੱਕ ਕਾਰਕ ਸੀ ਜਾਂ ਨਹੀਂ। ਹਾਲਾਂਕਿ ਰਾਸ਼ਟਰੀ ਮੌਸਮ ਸੇਵਾ ਦੇ ਮੌਸਮ ਵਿਗਿਆਨੀ ਕੈਮਰਨ ਬੈਟਿਸਟ ਦੇ ਅਨੁਸਾਰ, ਪਿਛਲੇ ਕੁਝ ਦਿਨਾਂ ਤੋਂ ਸੰਘਣੀ ਧੁੰਦ ਇਸ ਖੇਤਰ ਨੂੰ ਢੱਕ ਰਹੀ ਹੈ। ਇਸ ਹਾਦਸੇ ਦੀ ਜਾਂਚ ਹੁਣ FAA ਅਤੇ NTSB ਵਰਗੀਆਂ ਅਮਰੀਕੀ ਏਜੰਸੀਆਂ ਕਰ ਰਹੀਆਂ ਹਨ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਜਹਾਜ਼ ਕਿਵੇਂ ਅਤੇ ਕਿਉਂ ਕ੍ਰੈਸ਼ ਹੋਇਆ। ਹਾਦਸੇ ਦਾ ਸਹੀ ਕਾਰਨ ਫਿਲਹਾਲ ਸਪੱਸ਼ਟ ਨਹੀਂ ਹੈ। ਬਚਾਅ ਟੀਮਾਂ ਲਾਪਤਾ ਵਿਅਕਤੀ ਦੀ ਭਾਲ ਕਰ ਰਹੀਆਂ ਹਨ, ਅਤੇ ਪ੍ਰਸ਼ਾਸਨ ਸਥਿਤੀ 'ਤੇ ਨਜ਼ਰ ਰੱਖ ਰਿਹਾ ਹੈ।

# ਅਮਰੀਕਾ ਦੀ ਸੁਪਰੀਮ ਕੋਰਟ ਵੱਲੋਂ ਡੋਨਲਡ ਟਰੰਪ ਨੂੰ ਝਟਕਾ

## ਪ੍ਰਵਾਸੀਆਂ ਦੀ ਫੜੋ-ਫੜੀ ਲਈ ਸ਼ਿਕਾਗੋ ਵਿਖੇ ਨੈਸ਼ਨਲ ਗਾਰਡਜ਼ ਦੀ ਤੈਨਾਤੀ ਨਹੀਂ



ਵਾਸ਼ਿੰਗਟਨ : ਹੱਥ ਧੋਅ ਕੇ ਗੈਰਕਾਨੂੰਨੀ ਪ੍ਰਵਾਸੀਆਂ ਦੇ ਪਿੱਛੇ ਪਏ ਰਾਸ਼ਟਰਪਤੀ ਡੌਨਲਡ ਟਰੰਪ ਨੂੰ ਵੱਡਾ ਝਟਕਾ ਲੱਗਾ ਜਦੋਂ ਸੁਪਰੀਮ ਕੋਰਟ ਨੇ ਸ਼ਿਕਾਗੋ ਵਿਖੇ ਨੈਸ਼ਨਲ ਗਾਰਡਜ਼ ਤੈਨਾਤ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿਤੀ। ਟਰੰਪ ਵੱਲੋਂ ਨਾਮਜ਼ਦ ਜਸਟਿਸ ਬਰੈਟ ਕੈਵਾਨੌਅ ਨੇ ਕਿਹਾ ਕਿ ਉਹ ਸ਼ਿਕਾਗੋ ਵਿਖੇ ਨੈਸ਼ਨਲ ਗਾਰਡਜ਼ ਦੀ ਤੈਨਾਤੀ ਦੇ ਹੱਕ ਵਿਚ ਨਹੀਂ ਪਰ ਰਾਸ਼ਟਰਪਤੀ ਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ ਕਿ ਭਵਿੱਖ ਦੇ ਹਾਲਾਤ ਨੂੰ ਵੇਖਦਿਆਂ ਉਹ ਕੋਈ ਫੈਸਲਾ ਲੈ ਸਕਦੇ ਹਨ। ਰਿਪਬਲਿਕਨ ਰਾਸ਼ਟਰਪਤੀਆਂ ਵੱਲੋਂ ਨਾਮਜ਼ਦ ਜਸਟਿਸ ਸੈਮੂਅਲ ਐਲੀਟੋ, ਜਸਟਿਸ ਕਲੇਰੈਂਸ ਥੌਮਸ ਅਤੇ ਜਸਟਿਸ ਨੀਲ ਗੌਰਸ਼ ਨੇ ਵੀ ਜਨਤਕ ਤੌਰ 'ਤੇ ਅਸਹਿਮਤੀ ਜ਼ਾਹਰ ਕੀਤੀ। ਫ਼ਿਰ ਵੀ ਇਹ ਅੰਤਮ ਫੈਸਲਾ ਨਹੀਂ ਮੰਨਿਆ ਜਾ ਰਿਹਾ। ਦੂਜੇ ਪਾਸੇ ਇਕ ਫ਼ੈਡਰਲ ਜੱਜ ਨੇ ਐਚ-1ਬੀ ਵੀਜ਼ਾ 'ਤੇ ਇਕ ਲੱਖ ਡਾਲਰ ਦੀ ਫ਼ੀਸ ਨੂੰ ਜਾਇਜ਼ ਠਹਿਰਾਇਆ। ਜ਼ਿਲ੍ਹਾ ਜੱਜ ਬੈਰਿਲ ਹੌਵਲ ਨੇ ਅਮਰੀਕਾ ਦੇ ਚੈਂਬਰ ਆਫ਼ ਕਾਮਰਸ ਦੀਆਂ ਦਲੀਲਾਂ ਨੂੰ ਰੱਦ ਕਰ ਦਿਤਾ ਕਿ ਇਹ ਫ਼ੀਸ ਉਨ੍ਹਾਂ ਦੇ ਕਾਰੋਬਾਰ ਪ੍ਰਭਾਵਤ ਕਰੇਗੀ। ਹੈਰਾਨੀ ਇਸ ਗੱਲ ਦੀ ਹੈ ਕਿ ਬੈਰਿਲ ਹੌਵਲ ਦੀ ਨਿਊ ਡੈਮੋਕ੍ਰੈਟਿਕ ਪਾਰਟੀ ਦੇ ਰਾਸ਼ਟਰਪਤੀ ਬਰਾਕ ਓਬਾਮਾ ਵੇਲੇ ਕੀਤੀ ਗਈ। ਫ਼ਿਲਹਾਲ ਵਾਈਟ ਹਾਊਸ ਵੱਲੋਂ ਇਸ ਮੁੱਦੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਗਈ। ਚੈਂਬਰ ਵੱਲੋਂ ਅਦਾਲਤ ਵਿਚ ਪੇਸ਼ ਦਲੀਲਾਂ ਮੁਤਾਬਕ ਛੋਟੇ ਅਤੇ ਦਰਮਿਆਨੇ ਉਦਯੋਗਾਂ ਵਾਸਤੇ ਐਨੀ ਮੋਟੀ ਫ਼ੀਸ ਬਰਦਾਸ਼ਤ ਕਰਨੀ ਮੁਸ਼ਕਲ ਹੈ ਜਿਸ ਨੂੰ ਖ਼ਤਮ ਕੀਤਾ ਜਾਵੇ।

# ਹੁਣ ਯੂਰਪ ਦੇ 27 ਮੁਲਕਾਂ ਤੋਂ ਡਿਪੋਰਟ ਹੋਣਗੇ ਭਾਰਤੀ

* ਭਾਰਤ ਸਣੇ 7 ਮੁਲਕ ਸੁਰੱਖਿਅਤ ਸ਼੍ਰੇਣੀ 'ਚ ਸ਼ਾਮਲ * ਅਸਾਇਲਮ ਦਾਅਵੇ ਧੜਾ-ਧੜ ਹੋਣਗੇ ਰੱਦ




ਬ੍ਰਸਲਜ਼ : ਅਮਰੀਕਾ ਤੋਂ ਬਾਅਦ ਯੂਰਪੀ ਮੁਲਕਾਂ ਨੇ ਵੀ ਹਜ਼ਾਰਾਂ ਭਾਰਤੀਆਂ ਨੂੰ ਡਿਪੋਰਟ ਕਰਨ ਦੀ ਤਿਆਰੀ ਕਰ ਲਈ ਹੈ। ਜੀ ਹਾਂ, ਯੂਰਪੀ ਯੂਨੀਅਨ ਵੱਲੋਂ ਭਾਰਤ, ਬੰਗਲਾਦੇਸ਼, ਕੋਲੰਬੀਆ, ਮਿਸਰ, ਕੋਸੋਵੋ, ਮੋਰੱਕੋ ਅਤੇ ਟਿਊਨੀਸ਼ੀਆ ਨੂੰ ਸੁਰੱਖਿਅਤ ਮੁਲਕ ਐਲਾਨ ਦਿਤਾ ਹੈ ਅਤੇ ਇਨ੍ਹਾਂ ਮੁਲਕਾਂ ਨਾਲ ਸਬੰਧਤ ਲੋਕਾਂ ਦੇ ਅਸਾਇਲਮ ਦਾਅਵੇ ਸਿੱਧੇ ਤੌਰ 'ਤੇ ਰੱਦ ਕਰ ਦਿਤੇ ਜਾਣਗੇ। ਉਧਰ ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ ਯੂਰਪੀ ਯੂਨੀਅਨ ਨੂੰ ਆਪਣੇ ਫ਼ੈਸਲੇ 'ਤੇ ਮੁੜ ਗੌਰ ਕਰਨ ਦੀ ਦੁਹਾਈ ਦਿਤੀ ਗਈ ਹੈ। ਦੱਸ ਦੇਈਏ ਕਿ ਯੂਰਪੀ ਪਾਰਲੀਮੈਂਟ ਅਤੇ ਯੂਰਪੀ ਕੌਂਸਲ ਦਰਮਿਆਨ ਹੋਏ ਇਕ ਸਮਝੌਤੇ ਵਿਚ ਕਿਹਾ ਗਿਆ ਹੈ ਕਿ ਜਿਹੜੇ ਮੁਲਕਾਂ ਵਿਚ ਹਥਿਆਰਬੰਦ ਜਾਂ ਵੱਡੇ ਪੱਧਰ 'ਤੇ ਹਿੰਸਕ ਵਾਰਦਾਤਾਂ ਨਹੀਂ ਹੁੰਦੀਆਂ, ਉਨ੍ਹਾਂ ਨੂੰ ਸੁਰੱਖਿਅਤ ਦੇਸ਼ ਦੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਗਿਆ ਹੈ। ਅਜਿਹੇ ਵਿਚ ਭਾਰਤੀ ਨਾਗਰਿਕਾਂ ਨੂੰ ਕਿਸੇ ਵੀ ਆਧਾਰ 'ਤੇ ਯੂਰਪ ਦੇ 27 ਮੁਲਕਾਂ ਵਿਚ ਪਨਾਹ ਮਿਲਣ ਦੇ ਆਸਾਰ ਬਿਲਕੁਲ ਖ਼ਤ ਹੋ ਚੁੱਕੇ ਹਨ। ਦੂਜੇ ਪਾਸੇ ਇਟਲੀ, ਜਰਮਨੀ ਅਤੇ ਫ਼ਰਾਂਸ ਸਣੇ ਵੱਖ ਵੱਖ ਯੂਰਪੀ ਮੁਲਕ ਲੱਖਾਂ ਦੀ ਗਿਣਤੀ ਵਿਚ ਅਸਾਇਲਮ ਦਾਅਵਿਆਂ ਤੋਂ ਤੰਗ ਆ ਚੁੱਕੇ ਹਨ ਜਿਨ੍ਹਾਂ ਵਿਚੋਂ ਜ਼ਿਆਦਾਤਾ ਸੀਰੀਆ ਅਤੇ ਇਰਾਕ ਵਰਗੇ ਮੁਲਕਾਂ ਨਾਲ ਸਬੰਧਤ ਲੋਕਾ ਵੱਲੋਂ ਦਾਖਲ ਕੀਤੇ ਗਏ। ਮਾਇਗ੍ਰੇਸ਼ਨ ਅਤੇ ਅਸਾਇਲਮ ਨਾਲ ਸਬੰਧਤ ਨਵਾਂ ਸਮਝੌਤਾ ਜੂਨ 2026 ਤੋਂ ਲਾਗੂ ਕੀਤਾ ਜਾ ਰਿਹਾ ਹੈ ਅਤੇ ਸੁਰੱਖਿਅਤ ਮੰਨੇ ਮੁਲਕਾਂ ਨਾਲ ਸਬੰਧਤ ਲੋਕਾਂ ਨੂੰ ਪਹਿਲਾਂ ਹੀ ਸੁਚੇਤ ਕਰ ਦਿਤਾ ਗਿਆ ਹੈ ਕਿ ਆਪਣਾ ਜੁੱਲੀ ਬਿਸਤਰਾ ਬੰਨ੍ਹ ਲੈਣ।

ਉਧਰ, ਸਮਝੌਤੇ ਨੂੰ ਵਿਸਤਾਰ ਨਾਲ ਪੜ੍ਹਨ ਵਾਲੇ ਇੰਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਇਕ ਚੋਰੀ ਮੋਰੀ ਤਾਜ਼ਾ ਸਮਝੌਤੇ ਵਿਚ ਨਜ਼ਰ ਆਉਂਦੀ ਹੈ ਜਿਸ ਨੂੰ ਆਧਾਰ ਬਣਾ ਕੇ ਕੁਝ ਭਾਰਤੀ, ਖ਼ਾਸ ਤੌਰ 'ਤੇ ਸਿੱਖ ਜਾਂ ਪੰਜਾਬੀ ਆਪਣੀ ਜਾਨ ਨੂੰ ਖ਼ਤਰਾ ਦੱਸ ਕੇ ਪਨਾਹ ਹਾਸਲ ਕਰ ਸਕਣਗੇ। ਇਸੇ ਦੌਰਾਨ ਐਮਨੈਸਟੀ ਇੰਟਰਨੈਸ਼ਨਲ ਦੀ ਯੂਰਪੀ ਯੂਨੀਅਨ ਇਕਾਈ ਦੀ ਤਰਜਮਾਲ ਓਲੀਵੀਆ ਸੈਂਡਬਰਗ ਡਿਆਜ਼ ਵੱਲੋਂ ਨਵੇਂ ਤੌਰ-ਤਰੀਕਿਆਂ ਨੂੰ ਸ਼ਰਮਨਾਕ ਕਰਾਰ ਦਿਤਾ ਹੈ। ਉਨ੍ਹਾਂ ਕਿਹਾ ਕਿ ਖ਼ਤਰੇ ਦੀ ਜ਼ਦ ਵਿਚ ਆਏ ਪ੍ਰਵਾਸੀਆਂ ਨੂੰ ਇਸ ਤਰੀਕੇ ਨਾਲ ਨਕਾਰਿਆ ਨਹੀਂ ਜਾ ਸਕਦਾ। ਡੈਨਿਸ਼ ਰਫ਼ਿਊਜੀ ਕੌਂਸਲ ਦੀ ਸੈਲੀਨ ਮਿਆਸ ਦਾ ਕਹਿਣਾ ਸੀ ਕਿ ਅਸਾਇਲਮ ਅਰਜ਼ੀਆਂ ਦਾ ਫਾਸਟ ਟ੍ਰੈਕ ਨਿਪਟਾਰਾ ਡੂੰਘੀਆਂ ਚਿੰਤਾਵਾਂ ਪੈਦਾ ਕਰਦਾ ਹੈ ਜਿਸ ਦੇ ਸਿੱਟੇ ਵਜੋਂ ਸਿੱਖ ਕਾਰਕੁੰਨਾਂ, ਪੱਤਰਕਾਰਾਂ ਅਤੇ ਹਾਸ਼ੀਏ 'ਤੇ ਪੁੱਜ ਚੁੱਕੀਆਂ ਧਿਰਾਂ ਨਾਲ ਸਬੰਧਤ ਲੋਕਾਂ ਨੂੰ ਯੂਰਪ ਦੇ 27 ਮੁਲਕਾਂ ਵਿਚ ਪਨਾਹ ਨਹੀਂ ਮਿਲ ਸਕੇਗੀ। ਯੂਰਪੀ ਕੰਜ਼ਰਵੇਟਿਵਜ਼ ਐਂਡ ਰਿਫ਼ੌਰਮਿਸਟ ਗਰੁੱਪ ਦੇ ਇਟਾਲੀਅਨ ਐਮ.ਈ.ਪੀ. ਅਲੈਸੈਂਡਰੋ ਸਿਰਿਆਨੀ ਨੇ ਕਿਹਾ ਕਿ ਤਾਜ਼ਾ ਤਬਦੀਲੀਆਂ ਰਾਹੀਂ ਸਪੱਸ਼ਟ ਸੁਨੇਹਾ ਦਿਤਾ ਜਾ ਰਿਹਾ ਹੈ ਕਿ ਯੂਰਪ ਦੀਆਂ ਸਰਹੱਦਾਂ ਪਾਰ ਕਰਨੀਆਂ ਸੌਖੀਆਂ ਨਹੀਂ ਹੋਣਗੀਆਂ ਅਤੇ ਬਗੈਰ ਕਿਸੇ ਠੋਸ ਆਧਾਰ ਤੋਂ ਯੂਰਪੀ ਮੁਲਕ ਵਿਚ ਦਾਖਲ ਹੋਣ ਵਾਲਿਆਂ ਨੂੰ ਡਿਪੋਰਟ ਕਰ ਦਿਤਾ ਜਾਵੇਗਾ। ਯੂਰਪੀ ਯੂਨੀਅਨ ਜਵਾਬਦੇਹੀ ਚਾਹੁੰਦੀ ਹੈ ਅਤੇ ਵੰਡਵੀਂ ਜ਼ਿੰਮੇਵਾਰੀ ਤਹਿਤ ਕੰਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਹੁਣ ਸੁਰੱਖਿਅਤ ਅਤੇ ਖ਼ਤਰਨਾਕ ਮੁਲਕਾਂ ਦਾ ਨਿਤਾਰਾ ਕਰ ਦਿਤਾ ਗਿਆ ਹੈ ਅਤੇ ਪਨਾਹ ਦੇ ਦਾਅਵਿਆਂ ਦਾ ਨਿਪਟਾਰਾ ਕਰਦਿਆਂ ਸਬੰਧਤ ਅਫ਼ਸਰਾਂ ਬਿਲਕੁਲ ਵੀ ਝਿਜਕਣਾ ਨਹੀਂ ਪਵੇਗਾ। ਚੇਤੇ ਰਹੇ ਕਿ ਜਰਮਨੀ, ਬੈਲਜੀਅਮ, ਆਸਟਰੀਆ ਅਤੇ ਡੈਨਮਾਰਕ ਵਰਗੇ ਮੁਲਕਾਂ ਵਿਚ ਦਾਖਲ ਹੋਏ ਭਾਰਤੀ ਨਾਗਰਿਕਾਂ ਵੱਲੋਂ ਪਨਾਹ ਦੇ ਦਾਅਵੇ ਦਾਇਰ ਕੀਤੇ ਗਏ ਹਨ ਅਤੇ ਨਵੇਂ ਨਿਯਮ ਇਨ੍ਹਾਂ ਦੀਆਂ ਮੁਸ਼ਕਲਾਂ ਵਿਚ ਵਾਧਾ ਕਰ ਰਹੇ ਹਨ।

# ਵਿਜੈ ਮਾਲੀਆ ਤੇ ਲਲਿਤ ਮੋਦੀ ਦਾ ਵੀਡੀਓ ਆਇਆ ਸਾਹਮਣੇ



ਲੰਦਨ : ਭਾਰਤ ਵਿੱਚ ਆਰਥਿਕ ਅਪਰਾਧੀ ਐਲਾਨੇ ਗਏ ਵਿਜੈ ਮਾਲੀਆ ਅਤੇ ਲਲਿਤ ਮੋਦੀ ਦਾ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ। ਇਸ ਵਿੱਚ ਲਲਿਤ ਮੋਦੀ ਆਪਣੇ ਆਪ ਨੂੰ ਅਤੇ ਮਾਲੀਆ ਨੂੰ ਭਾਰਤ ਦੇ ਦੋ ਸਭ ਤੋਂ ਵੱਡੇ ਭਗੌੜੇ ਕਹਿ ਰਿਹਾ ਹੈ। ਵੀਡੀਓ ਮਾਲੀਆ ਦੇ ਜਨਮਦਿਨ ਦਾ ਹੈ। ਇਸ ਨੂੰ ਲਲਿਤ ਮੋਦੀ ਨੇ 22 ਦਿਸੰਬਰ ਨੂੰ ਆਪੇ ਪੋਸਟ ਕੀਤਾ ਹੈ ਜਦਿਕ ਮੀਡੀਆ ਵਿੱਚ ਖ਼ਬਰ 23 ਦਿਸੰਬਰ ਨੂੰ ਆਈ। ਆਪਣੀ ਪੋਸਟ ਵਿੱਚ ਲਲਿਤ ਨੇ ਲਿਖਿਆ- ਚੱਲੋ, ਫਿਰ ਤੋਂ ਇੰਟਰਨੈੱਟ ਹਿਲਾ ਦਿੰਦਾ ਹਾਂ। ਖਾਸ ਕਰਕੇ ਤੁਹਾਡੇ ਮੀਡੀਆ ਵਾਲਿਆਂ ਲਈ। ਜਲਣ ਨਾਲ ਵੇਖਦੇ ਰਹੋ। ਇਸ ਦੌਰਾਨ ਮਾਲੀਆ ਆਪਣੀ ਪਾਰਟਨਰ ਪਿੰਕੀ ਲਾਲਵਾਨੀ ਨਾਲ ਮੁਸਕਰਾਉਂਦੇ ਨਜ਼ਰ ਆ ਰਹੇ ਹਨ।

ਇਸ ਵਿਚਕਾਰ ਬੰਬੇ ਹਾਈਕੋਰਟ ਵਿੱਚ ਮੰਗਲਵਾਰ ਨੂੰ ਮਾਲੀਆ ਦੀ ਪਟੀਸ਼ਨ ਤੇ ਸੁਣਵਾਈ ਹੋਈ। ਪਟੀਸ਼ਨ ਵਿੱਚ ਮਾਲੀਆ ਨੇ ਆਪਣੇ ਆਪ ਨੂੰ ਭਗੌੜਾ ਆਰਥਿਕ ਅਪਰਾਧੀ ਐਲਾਨਣ ਦੇ ਹੁਕਮ ਨੂੰ ਚੁਣੌਤੀ ਦਿੱਤੀ ਹੈ। ਕੋਰਟ ਨੇ ਮਾਲੀਆ ਦੇ ਵਕੀਲ ਤੋਂ ਪੁੱਛਿਆ ਕਿ ਉਹ (ਮਾਲੀਆ) ਭਾਰਤ ਕਦੋਂ ਵਾਪਸ ਆਉਣਗੇ। ਕੋਰਟ ਨੇ ਕਿਹਾ ਕਿ ਮਾਲੀਆ ਫਿਲਹਾਲ ਭਾਰਤੀ ਅਦਾਲਤ ਦੇ ਅਧਿਕਾਰ ਖੇਤਰ ਤੋਂ ਬਾਹਰ ਹਨ। ਅਜਿਹੇ ਵਿੱਚ ਉਨ੍ਹਾਂ ਦੀ ਪਟੀਸ਼ਨ ਤੇ ਸੁਣਵਾਈ ਨਹੀਂ ਹੋ ਸਕਦੀ।

ਮਾਲੀਆ 2016 ਤੋਂ ਬ੍ਰਿਟੇਨ ਵਿੱਚ ਹੈ ਅਤੇ 2019 ਵਿੱਚ ਉਸ ਨੂੰ ਅਧਿਕਾਰਤ ਤੌਰ ਤੇ ਭਗੌੜਾ ਆਰਥਿਕ ਅਪਰਾਧੀ ਐਲਾਨਿਆ ਗਿਆ ਸੀ। ਇਸ ਦੇ ਨਾਲ ਹੀ, ਲਲਿਤ ਮੋਦੀ 2010 ਤੋਂ ਵਿਦੇਸ਼ ਵਿੱਚ ਰਹਿ ਰਿਹਾ ਹੈ ਅਤੇ ਉਸ ਤੇ ਟੈਕਸ ਚੋਰੀ, ਮਨੀ ਲਾਂਡਰਿੰਗ ਅਤੇ ਆਈਪੀਐੱਲ ਨਾਲ ਜੁੜੇ ਗੰਭੀਰ ਇਲਜ਼ਾਮ ਹਨ।

# ਬਜ਼ੁਰਗਾਂ ਦੇ ਨਰਸਿੰਗ ਹੋਮ 'ਚ ਵੱਡਾ ਧਮਾਕਾ, 2 ਹਲਾਕ, 20 ਜ਼ਖਮੀ

* ਪੈਨਸਿਲਵੇਨੀਆ ਸੂਬੇ ਦੇ ਬ੍ਰਿਸਟਲ ਸ਼ਹਿਰ ਵਿਚ ਵਾਪਰੀ ਘਟਨਾ
* ਜ਼ਖਮੀਆਂ ਨੂੰ ਪੰਜ ਵੱਖ ਵੱਖ ਹਸਪਤਾਲਾਂ ਵਿਚ ਕਰਵਾਇਆ ਭਰਤੀ



ਬ੍ਰਿਸਟਲ : ਅਮਰੀਕਾ ਦੇ ਪੈਨਸਿਲਵੇਨੀਆ ਸੂਬੇ ਵਿਚ ਬਜ਼ੁਰਗਾਂ ਦੀ ਸੰਭਾਲ ਵਾਲਾ ਇਕ ਨਰਸਿੰਗ ਹੋਮ ਧਮਾਕੇ ਨਾਲ ਦਹਿਲ ਗਿਆ ਅਤੇ ਘੱਟੋ ਘੱਟ 2 ਜਣਿਆਂ ਦੀ ਮੌਤ ਹੋਣ ਦੀ ਰਿਪੋਰਟ ਹੈ ਜਦਕਿ 20 ਹੋਰ ਜ਼ਖਮੀ ਦੱਸੇ ਜਾ ਰਹੇ ਹਨ। ਜ਼ਖਮੀਆਂ ਨੂੰ ਪੰਜ ਵੱਖ ਵੱਖ ਹਸਪਤਾਲਾਂ ਵਿਚ ਭਰਤੀ ਕਰਵਾਇਆ ਗਿਆ ਹੈ। ਬ੍ਰਿਸਟਲ ਪੁਲਿਸ ਵੱਲੋਂ ਮੰਗਲਵਾਰ ਦੇਰ ਰਾਤ ਮਰਨ ਵਾਲਿਆਂ ਦੀ ਗਿਣਤੀ ਤਿੰਨ ਦੱਸੀ ਗਈ ਪਰ ਕੁਝ ਦੇਰ ਬਾਅਦ ਸਪੱਸ਼ਟੀਕਰਨ ਪੇਸ਼ ਕਰਦਿਆਂ ਕਿਹਾ ਕਿ ਮ੍ਰਿਤਕ ਸਮਝੇ ਇਕ ਬਜ਼ੁਰਗ ਦੇ ਸਾਹ ਮੁੜ ਚੱਲਣ ਲੱਗੇ ਜਿਸ ਦੀ ਹਾਲਤ ਫ਼ਿਲਹਾਲ ਸਥਿਰ ਬਣੀ ਹੋਈ ਹੈ। ਮੁਢਲੇ ਤੌਰ 'ਤੇ ਧਮਾਕੇ ਦਾ ਕਾਰਨ ਗੈਸ ਲੀਕ ਮੰਨਿਆ ਜਾ ਰਿਹਾ ਹੈ ਕਿ ਇਸ ਬਾਰੇ ਤਸਦੀਕ ਨਹੀਂ ਕੀਤੀ ਗਈ।

ਬ੍ਰਿਸਟਲ ਦੇ ਸਿਲਵਰ ਲੇਕ ਨਰਸਿੰਗ ਹੋਮ ਵਿਚ 174 ਮੰਜਿਆਂ ਦਾ ਪ੍ਰਬੰਧ ਹੈ ਅਤੇ ਆਮ ਤੌਰ 'ਤੇ ਇਥੇ 150 ਬਜ਼ੁਰਗ ਹੁੰਦੇ ਹਨ ਜਿਨ੍ਹਾਂ ਦੀ ਉਮਰ 95 ਸਾਲ ਤੱਕ ਹੈ। ਪੈਨਸਿਲਵੇਨੀਆ ਹੈਲਥ ਡਿਪਾਰਟਮੈਂਟ ਵੱਲੋਂ ਨਰਸਿੰਗ ਹੋਮ ਦੀ ਘੋਖ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਲਾਈਫ਼ ਸੇਫ਼ਟੀ ਕੋਡ ਨਾਲ ਸਬੰਧਤ ਕਈ ਸ਼ਰਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ। ਮੀਡੀਆ ਰਿਪੋਰਟਾਂ ਮੁਤਾਬਕ ਗੈਸ ਦੀ ਦੁਰਗੰਧ ਆਉਣ 'ਤੇ ਐਮਰਜੰਸੀ ਕਾਮਿਆਂ ਨੂੰ ਸੱਦਿਆ ਗਿਆ ਅਤੇ ਉਨ੍ਹਾਂ ਦੇ ਪੁੱਜਣ ਤੋਂ ਕੁਝ ਪਲ ਬਾਅਦ ਧਮਾਕਾ ਹੋ ਗਿਆ। ਐਮਰਜੰਸੀ ਕਾਮਿਆਂ ਵੱਲੋਂ ਗੈਸ ਅਤੇ ਬਿਜਲੀ ਦੀ ਸਪਲਾਈ ਬੰਦ ਕਰ ਦਿਤੀ ਗਈ ਅਤੇ ਨਰਸਿੰਗ ਹੋਮ ਦੇ ਆਲੇ ਦੁਆਲੇ ਮੌਜੂਦ ਲੋਕਾਂ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਪਹੁੰਚਾਇਆ ਗਿਆ।

ਧਮਾਕੇ ਕਾਰਨ ਨਰਸਿੰਗ ਹੋਮ ਦੀ ਇਮਾਰਤ ਦਾ ਇਕ ਹਿੱਸਾ ਢਹਿ-ਢੇਰੀ ਹੋ ਗਿਆ ਅਤੇ ਬਜ਼ੁਰਗਾਂ ਦਾ ਪਰਵਾਰਾਂ ਨਾਲ ਮਿਲਾਪ ਕਰਵਾਉਣ ਲਈ ਟਰੂਮੈਨ ਹਾਈ ਸਕੂਲ ਵਿਚ ਕੈਂਪ ਸਥਾਪਤ ਕੀਤਾ ਗਿਆ ਹੈ। ਪੈਨਸਿਲਵੇਨੀਆ ਦੇ ਗਵਰਨਰ ਜੌਸ਼ ਸ਼ਪੀਰੋ ਵੱਲੋਂ ਫਾਇਰ ਫਾਈਟਰਜ਼ ਅਤੇ ਹੋਰਨਾਂ ਐਮਰਜੰਸੀ ਕਾਮਿਆਂ ਦੀ ਸ਼ਲਾਘਾ ਕੀਤੀ ਜਾ ਰਹੀ ਹੈ ਜਿਨ੍ਹਾਂ ਨੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ ਅਤੇ ਇਮਾਰਤ ਵਿਚ ਫਸੇ ਬਜ਼ੁਰਗਾਂ ਨੂੰ ਬਾਹਰ ਕੱਢਿਆ। ਦੱਸਿਆ ਜਾ ਰਿਹਾ ਹੈ ਕਿ ਦਸੰਬਰ ਦੇ ਸ਼ੁਰੂ ਵਿਚ ਨਵੇਂ ਮਾਲਕ ਨੇ ਸਿਲਵਰ ਲੇਕ ਨਰਸਿੰਗ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲਿਆ ਅਤੇ ਸਿਹਤ ਵਿਭਾਗ ਦੀ ਟੀਮ ਵੱਲੋਂ 10 ਦਸੰਬਰ ਨੂੰ ਇਮਾਰਤ ਦਾ ਦੌਰਾ ਕੀਤਾ ਗਿਆ। ਫ਼ਿਲਾਡੈਲਫ਼ੀਆ ਤੋਂ 20 ਮੀਲ ਉਤਰ-ਪੂਰਬ ਵੱਲ ਸਥਿਤ ਬ੍ਰਿਸਟਲ ਸ਼ਹਿਰ ਦੇ ਲੋਕਾਂ ਨੂੰ ਹੱਲਾਸ਼ੇਰੀ ਦਿੰਦਿਆਂ ਗਵਰਨਰ ਨੇ ਕਿਹਾ ਕਿ ਉਹ ਜਲਦ ਮੁਲਾਕਾਤ ਕਰਨ ਪੁੱਜ ਰਹੇ ਹਨ।

# ਕੈਨੇਡਾ 'ਚ ਪੰਜਾਬੀ ਨੌਜਵਾਨ ਦੀ ਵੀਡੀਓ ਦੇਖ ਘਬਰਾਏ ਲੋਕ

## ਡਿਪੋਰਟ ਕਰਨ ਦੀ ਮੰਗ ਉਠਣ ਲੱਗੀ



ਬਰੈਂਪਟਨ : ਸਟੱਡੀ ਵੀਜ਼ਾ 'ਤੇ ਕੈਨੇਡਾ ਪੁੱਜੇ ਲਵਪ੍ਰੀਤ ਬਰਾੜ ਦੀ ਹਰ ਪਾਸੇ ਦਹਿਸ਼ਤ ਹੈ ਅਤੇ ਅੰਨ੍ਹੇਵਾਹ ਗੋਲੀਆਂ ਚਲਾਉਣ ਸਣੇ ਗੱਡੀ ਦੇ ਟਾਇਰਾਂ ਦੀਆਂ ਚੀਕਾਂ ਕਢਵਾਉਣ ਦੀਆਂ ਵੀਡੀਓਜ਼ ਵਾਇਰਲ ਹੋ ਰਹੀਆਂ ਹਨ। ਹਾਲਾਤ ਦੀ ਨਜ਼ਾਕਤ ਨੂੰ ਵੇਖਦਿਆਂ ਪੁਲਿਸ ਨੇ ਮਾਮਲਾ ਆਪਣੇ ਹੱਥਾਂ ਵਿਚ ਲੈ ਲਿਆ ਅਤੇ ਪੜਤਾਲ ਕੀਤੀ ਜਾ ਰਹੀ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਤਸਵੀਰਾਂ ਅਤੇ ਵੀਡੀਓਜ਼ ਉਤੇ ਲੋਕ ਲਗਾਤਾਰ ਟਿੱਪਣੀਆਂ ਕਰ ਰਹੇ ਹਨ ਅਤੇ ਇਕ ਵਰਤੋਂਕਾਰਾਂ ਨੇ ਕਿਹਾ ਕਿ ਆਰ.ਸੀ.ਐਮ.ਪੀ. ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ। ਹਾਲ ਹੀ ਵਿਚ ਸਿਡਨੀ ਵਿਚ ਯਹੂਦੀਆਂ ਉਤੇ ਹੋਏ ਹਮਲੇ ਦੇ ਮੱਦੇਨਜ਼ਰ ਲੋਕ ਜ਼ਿਆਦਾ ਘਬਰਾਏ ਹੋਏ ਹਨ। ਲਵਪ੍ਰੀਤ ਬਰਾੜ ਦਾ ਨਾਂ ਲਵਲੀ ਬਰਾੜ ਵੀ ਦੱਸਿਆ ਜਾ ਰਿਹਾ ਹੈ ਜਿਸ ਵੱਲੋਂ ਕੈਲੇਡਨ ਵਿਖੇ ਗੋਲੀਆਂ ਚਲਾਉਣ ਦੀ ਵੀਡੀਓ ਸਭ ਤੋਂ ਜ਼ਿਆਦਾ ਵਾਇਰਲ ਹੋ ਰਹੀ ਹੈ। ਦੂਜੇ ਪਾਸੇ ਲਵਪ੍ਰੀਤ ਦੀ ਵੀਡੀਓ 'ਤੇ ਟਿੱਪਣੀ ਕਰਨ ਵਾਲੇ ਇਕ ਸ਼ਖਸ ਨੇ ਕਿਹਾ ਕਿ ਇਹ ਵੀਡੀਓ ਐਲਬਰਟਾ ਦੇ ਫੌਰੈਸਟਰੀ ਟਰੰਕ ਰੋਡ ਦੀ ਹੈ ਅਤੇ ਜੇ ਕੋਈ ਗੋਰਾ ਅਜਿਹਾ ਕਰਦਾ ਤਾਂ ਹੁਣ ਤੱਕ ਫੜ ਕੇ ਅੰਦਰ ਕੀਤਾ ਹੁੰਦਾ। ਉਸ ਨੇ ਸਵਾਲ ਉਠਾਇਆ ਕਿ ਅਜਿਹੇ ਮੂਰਖ ਲੋਕਾਂ ਨੂੰ ਡਿਪੋਰਟ ਕਿਉਂ ਨਹੀਂ ਕੀਤਾ ਜਾਂਦਾ। ਇਥੇ ਦਸਣਾ ਬਣਦਾ ਹੈ ਕਿ ਕੁਝ ਸਮਾਂ ਪਹਿਲਾਂ ਨਾਜਾਇਜ਼ ਹਥਿਆਰਾਂ ਦੇ ਮਾਮਲੇ ਗ੍ਰਿਫ਼ਤਾਰ ਖ਼ਾਲਿਸਤਾਨ ਹਮਾਇਤੀ ਇੰਦਰਜੀਤ ਸਿੰਘ ਗੋਸਲ ਦਾ ਮੁੱਦਾ ਸੁਰਖੀਆਂ ਵਿਚ ਰਿਹਾ ਜਦਕਿ ਉਸ ਨਾਲ ਗ੍ਰਿਫ਼ਤਾਰ ਦੋ ਜਣੇ ਮਾਮਲੇ ਵਿਚੋਂ ਬਰੀ ਹੋ ਗਏ।

# 'ਵੀਰ ਬਾਲ ਦਿਵਸ' ਨੂੰ ਲੈ ਕੇ ਕੇਂਦਰ ਸਰਕਾਰ ਵੱਲੋਂ ਜਾਰੀ ਪੋਸਟਰ 'ਤੇ ਹਰਸਿਮਰਤ ਕੌਰ ਬਾਦਲ ਨੇ ਜਤਾਇਆ ਇਤਰਾਜ਼




'ਵੀਰ ਬਾਲ ਦਿਵਸ' ਨਾਮ ਨੂੰ ਲੈ ਕੇ ਪਹਿਲਾਂ ਹੀ ਸਿੱਖ ਪੰਥ ਵੱਲੋਂ ਰੋਸ ਜਤਾਇਆ ਜਾ ਰਿਹਾ ਸੀ ਅਤੇ ਹੁਣ ਕੇਂਦਰ ਸਰਕਾਰ ਵੱਲੋਂ ਜਾਰੀ ਪੋਸਟਰ ਨੂੰ ਲੈ ਕੇ ਇੱਕ ਹੋਰ ਵਿਵਾਦ ਖੜ੍ਹਾ ਹੋ ਗਿਆ ਹੈ। ਦਰਅਸਲ, ਬੀਤੇ ਕੱਲ੍ਹ ਕੇਂਦਰ ਸਰਕਾਰ ਵੱਲੋਂ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਮਨਾਉਣ ਸਬੰਧੀ ਇੱਕ ਪੋਸਟਰ ਜਾਰੀ ਹੋਇਆ ਹੈ। ਇਸ ਨੂੰ ਲੈ ਕੇ ਸਾਂਸਦ ਹਰਸਿਮਰਤ ਕੌਰ ਬਾਦਲ ਵੱਲੋਂ ਇਤਰਾਜ਼ ਜਤਾਇਆ ਜਾ ਰਿਹਾ ਹੈ। ਹਰਸਿਮਰਤ ਕੌਰ ਬਾਦਲ ਨੇ ਆਪਣੇ ਐਕਸ (ਪਹਿਲਾ ਟਵੀਟਰ) ਅਕਾਊਂਟ 'ਤੇ ਇੱਕ ਪੋਸਟ ਸਾਂਝੀ ਕਰਕੇ ਲਿਖਿਆ ਕਿ ਕੇਂਦਰ ਵੱਲੋਂ ਪਹਿਲਾਂ ਸਿੱਖ ਸੰਗਤ ਦੀਆਂ ਭਾਵਨਾਵਾਂ ਦੀ ਅਣਦੇਖੀ ਕਰ ਕੇ ਅਤੇ ਸਿੱਖ ਮਰਿਆਦਾ ਦੇ ਖਿਲਾਫ਼ ਚੱਲ ਕੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਧੰਨ ਧੰਨ ਬਾਬਾ ਜ਼ੋਰਾਵਰ ਸਿੰਘ ਜੀ ਤੇ ਧੰਨ ਧੰਨ ਬਾਬਾ ਫਤਿਹ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਦਿਹਾੜੇ ਦਾ ਨਾਮ 'ਵੀਰ ਬਾਲ ਦਿਵਸ' ਰੱਖਿਆ ਗਿਆ। ਉਨ੍ਹਾਂ ਅੱਗੇ ਲਿਖਿਆ ਕਿ ਹੁਣ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਦਿਹਾੜੇ ਨੂੰ ਗੈਰ ਸਿੱਖ ਵਿਚਾਰਧਾਰਾ ਨਾਲ ਜੋੜ ਕੇ ਪੇਸ਼ ਕਰਨ ਦਾ ਜੋ ਕੋਝਾ ਯਤਨ ਕੀਤਾ ਜਾ ਰਿਹਾ ਹੈ। ਇਹ ਬਹੁਤ ਹੀ ਮੰਦਭਾਗਾ ਤੇ ਨਿੰਦਣਯੋਗ ਹੈ। ਅਜਿਹਾ ਪ੍ਰਚਾਰ ਸਿੱਖ ਸਿਧਾਂਤਾਂ 'ਤੇ ਸਿੱਧਾ ਹਮਲਾ ਹੈ ਤੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ। ਕੇਂਦਰ ਸਰਕਾਰ ਤੁਰੰਤ ਅਜਿਹੇ ਗੁਮਰਾਹਕੁੰਨ ਪ੍ਰਚਾਰ ਨੂੰ ਬੰਦ ਕਰੇ ਅਤੇ ਅਜਿਹੇ ਪ੍ਰੋਗਰਾਮਾਂ ਉੱਪਰ ਪੂਰਨ ਪਾਬੰਦੀ ਲਗਾਈ ਜਾਵੇ।

# ਆਮਦਨ ਦੇ ਸ੍ਰੋਤਾਂ ਤੋਂ ਵੱਧ ਜਾਇਦਾਦ ਦਾ ਮਾਮਲਾ, ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਨਹੀਂ ਹੋਏ ਦੋਸ਼ ਤੈਅ



ਨਿਊਂ ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਦਾਇਰ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਦੀ ਸੁਣਵਾਈ ਬੁੱਧਵਾਰ ਨੂੰ ਮੋਹਾਲੀ ਦੀ ਇੱਕ ਵਿਸ਼ੇਸ਼ ਅਦਾਲਤ ਵਿੱਚ ਹੋਈ। ਅਦਾਲਤੀ ਸੁਣਵਾਈ ਦੌਰਾਨ ਦੋਸ਼ ਤੈਅ ਨਹੀਂ ਹੋ ਸਕੇ ਜਿਸ ਕਰਕੇ ਕੇਸ ਦੀ ਅਗਲੀ ਸੁਣਵਾਈ 3 ਜਨਵਰੀ ਲਈ ਨਿਰਧਾਰਤ ਕਰ ਦਿਤੀ ਗਈ ਹੈ। ਅਦਾਲਤੀ ਸੂਤਰਾਂ ਅਨੁਸਾਰ, ਵਿਆਪਕ ਕੇਸ ਰਿਕਾਰਡ ਅਤੇ ਵੱਡੀ ਗਿਣਤੀ ਵਿੱਚ ਦਸਤਾਵੇਜ਼ਾਂ ਦੇ ਕਾਰਨ, ਅਦਾਲਤ ਸਾਰੇ ਪਹਿਲੂਆਂ ਦੀ ਚੰਗੀ ਤਰ੍ਹਾਂ ਜਾਂਚ ਕਰ ਰਹੀ ਹੈ। ਨਤੀਜੇ ਵਜੋਂ, ਦੋਸ਼ ਤੈਅ ਕਰਨ ਦੀ ਪ੍ਰਕਿਰਿਆ ਅਜੇ ਪੂਰੀ ਨਹੀਂ ਹੋਈ ਹੈ।

ਵੇਰਵਿਆਂ ਅਨੁਸਾਰ ਵਿਜੀਲੈਂਸ ਬਿਊਰੋ ਨੇ ਇਸ ਮਾਮਲੇ ਵਿੱਚ 22 ਅਗਸਤ ਨੂੰ ਅਦਾਲਤ ਵਿੱਚ ਚਲਾਨ ਪੇਸ਼ ਕੀਤਾ ਸੀ। ਜਾਂਚ ਏਜੰਸੀ ਨੇ ਮਾਮਲੇ ਵਿੱਚ 200 ਤੋਂ ਵੱਧ ਗਵਾਹਾਂ ਦੀ ਪਛਾਣ ਕੀਤੀ ਹੈ ਅਤੇ ਅਦਾਲਤ ਦੇ ਸਾਹਮਣੇ 40,000 ਤੋਂ ਵੱਧ ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਹੈ। ਇਨ੍ਹਾਂ ਦਸਤਾਵੇਜ਼ਾਂ ਵਿੱਚ ਬੈਂਕ ਲੈਣ-ਦੇਣ, ਜਾਇਦਾਦ ਦੇ ਰਿਕਾਰਡ ਅਤੇ ਹੋਰ ਵਿੱਤੀ ਵੇਰਵੇ ਸ਼ਾਮਲ ਹਨ।

ਵਿਜੀਲੈਂਸ ਬਿਊਰੋ ਦਾ ਕਹਿਣਾ ਹੈ ਕਿ ਜਾਂਚ ਦੌਰਾਨ ਸਾਹਮਣੇ ਆਏ ਤੱਥ ਦੋਸ਼ੀ ਦੀ ਜਾਇਦਾਦ ਉਸਦੀ ਜਾਣੀ-ਪਛਾਣੀ ਆਮਦਨ ਨਾਲ ਮੇਲ ਨਹੀਂ ਖਾਂਦੇ। ਇਸ ਦੌਰਾਨ, ਮਜੀਠੀਆ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਅਤੇ ਰਾਜਨੀਤਿਕ ਬਦਲਾਖੋਰੀ ਦੀ ਕਾਰਵਾਈ ਦੱਸਿਆ ਹੈ। ਕਾਨੂੰਨੀ ਮੋਰਚੇ 'ਤੇ, ਮਜੀਠੀਆ ਪਹਿਲਾਂ ਇਸ ਮਾਮਲੇ ਵਿੱਚ ਜ਼ਮਾਨਤ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਹੁੰਚ ਕਰ ਚੁੱਕੇ ਹਨ। ਕੋਈ ਰਾਹਤ ਨਾ ਮਿਲਣ ਤੋਂ ਬਾਅਦ, ਉਨ੍ਹਾਂ ਨੇ ਹੁਣ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਹੈ, ਜਿੱਥੇ ਅਗਲੀ ਸੁਣਵਾਈ 19 ਜਨਵਰੀ ਨੂੰ ਹੋਣੀ ਹੈ। ਸਾਰਿਆਂ ਦੀਆਂ ਨਜ਼ਰਾਂ ਹੁਣ 3 ਜਨਵਰੀ ਦੀ ਸੁਣਵਾਈ 'ਤੇ ਹਨ, ਜਿਸ ਨੂੰ ਅਦਾਲਤ ਵਿੱਚ ਦੋਸ਼ ਤੈਅ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।










# ਨਾਈਜੀਰੀਆ: ਮਸਜਿਦ 'ਚ ਹੋਏ ਸ਼ੱਕੀ ਆਤਮਘਾਤੀ ਹਮਲੇ 'ਚ 5 ਹਲਾਕ, 30 ਤੋਂ ਵੱਧ ਜ਼ਖ਼ਮੀ



ਨਾਈਜੀਰੀਆ ਦੇ ਉੱਤਰ-ਪੂਰਬੀ ਸ਼ਹਿਰ ਮੈਦੁਗੁਰੀ ਵਿੱਚ ਬੁੱਧਵਾਰ ਰਾਤ ਨੂੰ ਇੱਕ ਮਸਜਿਦ ਵਿੱਚ ਪ੍ਰਾਰਥਨਾ ਦੌਰਾਨ ਹੋਏ ਇੱਕ ਜ਼ੋਰਦਾਰ ਧਮਾਕੇ ਵਿੱਚ ਘੱਟੋ-ਘੱਟ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ 35 ਹੋਰ ਜ਼ਖ਼ਮੀ ਹੋ ਗਏ। ਬੋਰਨੋ ਰਾਜ ਪੁਲੀਸ ਦੇ ਬੁਲਾਰੇ ਨਾਹੂਮ ਦਾਸੋ ਵੱਲੋਂ ਜਾਰੀ ਬਿਆਨ ਅਨੁਸਾਰ ਮੌਕੇ ਤੋਂ ਮਿਲੇ ਆਤਮਘਾਤੀ ਜੈਕਟ ਦੇ ਟੁਕੜਿਆਂ ਅਤੇ ਗਵਾਹਾਂ ਦੇ ਬਿਆਨਾਂ ਤੋਂ ਇਹ ਮਾਮਲਾ ਆਤਮਘਾਤੀ ਹਮਲੇ ਦਾ ਜਾਪਦਾ ਹੈ, ਜਿਸ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਕ੍ਰਿਸਮਸ ਦੀ ਪੂਰਵ ਸੰਧਿਆ 'ਤੇ ਹੋਇਆ ਇਹ ਹਮਲਾ ਨਾਈਜੀਰੀਆ ਦੇ ਅਸ਼ਾਂਤ ਉੱਤਰੀ ਖੇਤਰ ਵਿੱਚ ਹਿੰਸਾ ਦੀ ਤਾਜ਼ਾ ਕੜੀ ਹੈ, ਜਿੱਥੇ ਦੇਸ਼ 2009 ਤੋਂ ਬੋਕੋ ਹਰਾਮ ਅਤੇ ਇਸਲਾਮਿਕ ਸਟੇਟ ਪੱਛਮੀ ਅਫਰੀਕਾ ਪ੍ਰਾਂਤ (ਇਸ਼ਾਂਅਫ) ਵਰਗੇ ਹਥਿਆਰਬੰਦ ਸਮੂਹਾਂ ਨਾਲ ਜੂਝ ਰਿਹਾ ਹੈ। ਹਾਲਾਂਕਿ ਅਜੇ ਤੱਕ ਕਿਸੇ ਵੀ ਸਮੂਹ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ, ਪਰ ਇਸ ਖੇਤਰ ਵਿੱਚ ਆਤਮਘਾਤੀ ਹਮਲਿਆਂ ਲਈ ਅਕਸਰ ਬੋਕੋ ਹਰਾਮ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਹੈ, ਜਿਸ ਕਾਰਨ ਪਿਛਲੇ ਸਾਲਾਂ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਹਨ ਅਤੇ ਲੱਖਾਂ ਵਿਅਕਤੀ ਬੇਘਰ ਹੋਏ ਹਨ।

# ਪਟਿਆਲਾ ਦੇ ਸਕੂਲਾਂ ਨੂੰ ਮਿਲੀ ਬੰਬ ਦੀ ਧਮਕੀ

## ਅਲਰਟ 'ਤੇ ਪ੍ਰਸ਼ਾਸ਼ਨ, ਵਧਾਈ ਸੁਰੱਖਿਆ




ਪਟਿਆਲਾ: ਪੰਜਾਬ ਦੇ ਸਕੂਲਾਂ ਨੂੰ ਇਕ ਵਾਰ ਫਿਰ ਬੰਬ ਦੀ ਧਮਕੀ ਮਿਲੀ ਹੈ। ਅੰਮ੍ਰਿਤਸਰ ਅਤੇ ਜਲੰਧਰ ਤੋਂ ਬਾਅਦ ਅੱਜ ਪਟਿਆਲਾ ਦੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਹੈ। ਸਕੂਲ ਪ੍ਰਬੰਧਨ ਨੂੰ ਇੱਕ ਈਮੇਲ ਰਾਹੀਂ ਇਹ ਧਮਕੀ ਭੇਜੀ ਗਈ ਹੈ। ਇਸ ਧਮਕੀ ਭਰੇ ਈ.ਮੇਲ ਵਿਚ ਦੁਪਹਿਰ 1:00 ਵਜੇ ਤੋਂ 9:00 ਵਜੇ ਤੋਂ ਦੇ ਵਿਚਕਾਰ ਬੰਬ ਧਮਾਕਾ ਕਰਨ ਦੀ ਧਮਕੀ ਦਿੱਤੀ ਗਈ ਹੈ। ਸਕੂਲਾਂ ਨੂੰ ਈਮੇਲ ਮਿਲਣ 'ਤੇ ਸਕੂਲ ਪ੍ਰਬੰਧਨ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਮਾਮਲੇ ਦੀ ਜਾਣਕਾਰੀ ਮਿਲਦੇ ਹੀ ਪੁਲਿਸ ਅਲਰਟ ਹੋ ਗਈ। ਸਕੂਲਾਂ ਅਤੇ ਆਸ ਪਾਸ ਦੇ ਇਲਾਕਿਆਂ 'ਚ ਸੁਰੱਖਿਆ ਤੁਰੰਤ ਵਧਾ ਦਿੱਤੀ ਗਈ। ਬੰਬ ਜਾਂਚ ਕਰਨ ਲਈ ਸਕੂਲਾਂ ਵਿੱਚ ਟੀਮਾਂ ਨੂੰ ਬੁਲਾਇਆ ਗਿਆ ਹੈ। ਮੌਕੇ 'ਤੇ ਮੌਜੂਦ ਪੁਲਿਸ ਅਧਿਕਾਰੀਆਂ ਵੱਲੋਂ ਸਕੂਲ ਦੇ ਸਾਰੇ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਆਪਕਾਂ ਅਤੇ ਸੁਰੱਖਿਆ ਕਰਮਚਾਰੀਆਂ ਨੂੰ ਸੁਚੇਤ ਰਹਿਣ ਦੀ ਸਲਾਹ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਜਾਂਚ ਟੀਮਾਂ ਸਾਰੇ ਸਕੂਲਾਂ ਦਾ ਮੁਆਇਨਾ ਕਰ ਰਹੀਆਂ ਹਨ। ਇਸ ਮਾਮਲੇ 'ਚ ਪਟਿਆਲਾ ਦੇ ਐਸਐਸਪੀ ਵਰੁਣ ਸ਼ਰਮਾ ਦਾ ਬਿਆਨ ਵੀ ਸਾਹਮਣੇ ਆਇਆ ਹੈ ਉਨ੍ਹਾਂ ਨੇ ਕਿਹਾ ਹੈ ਕਿ ਸਕੂਲਾਂ ਤੋਂ ਮਿਲੀ ਜਾਣਕਾਰੀ ਤੋਂ ਬਾਅਦ ਸੁਰੱਖਿਆ ਪ੍ਰਬੰਧ ਵਧਾ ਦਿੱਤੇ ਗਏ ਹਨ। ਪੁਲਿਸ ਟੀਮਾਂ ਵੱਲੋਂ ਮਾਮਲੇ ਦੀ ਜਾਂਚ ਕਰਨ ਦੇ ਨਾਲ- ਨਾਲ ਸਕੂਲਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਰਹੀ ਹੈ। ਇਸ ਤੋਂ ਪਹਿਲਾਂ, ਅੰਮ੍ਰਿਤਸਰ ਅਤੇ ਜਲੰਧਰ ਦੇ ਪ੍ਰਮੁੱਖ ਸਕੂਲਾਂ ਨੂੰ ਵੀ ਬੀਤੇ ਦਿਨੀ ਧਮਕੀ ਭਰੇ ਈਮੇਲ ਮਿਲੇ ਸਨ। ਸਕੂਲ ਪ੍ਰਬੰਧਨ ਨੂੰ ਧਮਕੀ ਭਰੀਆਂ ਈ-ਮੇਲ ਮਿਲਣ ਤੋਂ ਬਾਅਦ ਸਕੂਲਾਂ ਚ ਛੁੱਟੀ ਕਰ ਦਿੱਤੀ ਗਈ ਸੀ। ਹਾਲਾਂਕਿ, ਜਾਂਚ ਵਿੱਚ ਧਮਕੀਆਂ ਦੇ ਪਿੱਛੇ ਮੌਜੂਦ ਵਿਅਕਤੀ ਦੀ ਪਛਾਣ ਦਾ ਖੁਲਾਸਾ ਨਹੀਂ ਹੋਇਆ।

# ਕੁਰੂਕਸ਼ੇਤਰ : 5 ਮਜ਼ਦੂਰਾਂ ਦੀ ਦਮ ਘੁਟਣ ਕਾਰਨ ਮੌਤ

## ਕਮਰੇ 'ਚ ਅੰਗੀਠੀ ਬਾਲ ਕੇ ਸੁੱਤੇ ਹੋਏ ਸਨ ਮਜ਼ਦੂਰ



ਹਰਿਆਣਾ ਦੇ ਕੁਰੂਕਸ਼ੇਤਰ ਜ਼ਿਲ੍ਹੇ ਵਿੱਚ ਇੱਕ ਦੁਖਦਾਈ ਘਟਨਾ ਵਾਪਰੀ ਹੈ, ਜਿੱਥੇ ਉੱਤਰ ਪ੍ਰਦੇਸ਼ ਦੇ ਪੰਜ ਮਜ਼ਦੂਰਾਂ ਦੀ ਦਮ ਘੁੱਟਣ ਨਾਲ ਮੌਤ ਹੋ ਗਈ। ਸੋਮਵਾਰ ਰਾਤ ਕੰਮ ਤੋਂ ਵਾਪਸ ਆਉਣ ਤੋਂ ਬਾਅਦ, ਮਜ਼ਦੂਰ ਠੰਢ ਤੋਂ ਬਚਣ ਲਈ ਕੋਲੇ ਦੀ ਅੰਗੀਠੀ ਬਾਲ ਕੇ ਬੰਦ ਕਮਰੇ ਵਿੱਚ ਸੌਂ ਗਏ ਸਨ। ਜਦੋਂ ਉਹ ਮੰਗਲਵਾਰ ਸਵੇਰੇ ਨਹੀਂ ਉੱਠੇ, ਤਾਂ ਵਸਨੀਕਾਂ ਨੂੰ ਸ਼ੱਕ ਹੋਇਆ ਅਤੇ ਉਨ੍ਹਾਂ ਨੇ ਪੁਲਿਸ ਨੂੰ ਸੂਚਿਤ ਕੀਤਾ। ਸੂਚਨਾ ਮਿਲਣ 'ਤੇ, ਪੁਲਿਸ ਮੌਕੇ 'ਤੇ ਪਹੁੰਚੀ ਅਤੇ ਦਰਵਾਜ਼ਾ ਖੋਲ੍ਹਿਆ। ਪੰਜ ਮਜ਼ਦੂਰ ਅੰਦਰੋਂ ਮ੍ਰਿਤਕ ਪਾਏ ਗਏ। ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਬੰਦ ਕਮਰੇ ਵਿੱਚ ਕੋਲੇ ਦੀ ਅੰਗੀਠੀ ਵਿੱਚੋਂ ਕਾਰਬਨ ਮੋਨੋਆਕਸਾਈਡ ਗੈਸ ਨਿਕਲੀ, ਜਿਸ ਕਾਰਨ ਉਨ੍ਹਾਂ ਦੀ ਮੌਤ ਦਮ ਘੁੱਟਣ ਨਾਲ ਹੋਈ। ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ, ਕੁਰੂਕਸ਼ੇਤਰ ਭੇਜ ਦਿੱਤਾ ਹੈ, ਜਿੱਥੇ ਪੋਸਟਮਾਰਟਮ ਕੀਤਾ ਜਾ ਰਿਹਾ ਹੈ। ਮ੍ਰਿਤਕ ਮਜ਼ਦੂਰ ਉੱਤਰ ਪ੍ਰਦੇਸ਼ ਦੇ ਵਸਨੀਕ ਸਨ ਅਤੇ ਕੁਰੂਕਸ਼ੇਤਰ ਦੀ ਜ਼ਿਲ੍ਹਾ ਜੇਲ੍ਹ ਦੇ ਨੇੜੇ ਇੱਕ ਹੋਟਲ ਵਿੱਚ ਪੇਂਟਰ ਵਜੋਂ ਕੰਮ ਕਰਨ ਆਏ ਸਨ। ਘਟਨਾ ਦੀ ਜਾਣਕਾਰੀ ਮਿਲਣ 'ਤੇ, ਲੇਬਰ ਠੇਕੇਦਾਰ ਨੂੰ ਵੀ ਮੌਕੇ 'ਤੇ ਬੁਲਾਇਆ ਗਿਆ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਮੌਤ ਦੇ ਸਹੀ ਕਾਰਨ ਦੀ ਪੁਸ਼ਟੀ ਕੀਤੀ ਜਾਵੇਗੀ। ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ ਅਤੇ ਸਾਰੇ ਪਹਿਲੂਆਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

# ਕੈਨੇਡਾ 'ਚ ਜਾਨਲੇਵਾ ਹਾਦਸਾ, ਪੰਜਾਬੀ ਟਰੱਕ ਡਰਾਈਵਰ ਗ੍ਰਿਫ਼ਤਾਰ

*** ਮਾਊਂਟ ਹੋਪ ਨਾਲ ਸਬੰਧਤ 32 ਸਾਲ ਦੇ ਸੰਦੀਪ ਸਿੰਘ ਵਜੋਂ ਹੋਈ ਸ਼ਨਾਖ਼ਤ**

*** ਐਲਬਰਟਾ 'ਚ ਸ਼ਰਾਬੀਆਂ ਦੀ ਤੇਜ਼ ਰਫ਼ਤਾਰ ਗੱਡੀ ਪਲਟੀ, 2 ਦੀ ਹਾਲਤ ਨਾਜ਼ੁਕ**



ਟੋਰਾਂਟੋ : ਅਮਰੀਕਾ ਤੋਂ ਬਾਅਦ ਕੈਨੇਡਾ ਵਿਚ ਵੀ ਹੌਲਨਾਕ ਹਾਦਸੇ ਨੂੰ ਅੰਜਾਮ ਦੇਣ ਦੇ ਦੋਸ਼ ਹੇਠ ਪੰਜਾਬੀ ਟਰੱਕ ਡਰਾਈਵਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜੀ ਹਾਂ, ਉਨਟਾਰੀਓ ਦੇ ਹਾਈਵੇਅ 401 'ਤੇ ਵਾਪਰੇ ਜਾਨਲੇਵਾ ਹਾਦਸੇ ਦੀ ਪੜਤਾਲ ਕਰ ਰਹੀ ਪੁਲਿਸ ਵੱਲੋਂ 32 ਸਾਲ ਦੇ ਸੰਦੀਪ ਸਿੰਘ ਨੂੰ ਗ੍ਰਿਫ਼ਤਾਰ ਕਰਦਿਆਂ ਦੋਸ਼ ਆਇਦ ਕੀਤੇ ਗਏ ਹਨ। ਬਲੈਂਡਫ਼ਰਡ-ਬਲੈਨਹਮ ਟਾਊਨਸ਼ਿਪ ਵਿਖੇ ਆਕਸਫੋਰਡ ਰੋਡ ਦੇ ਪੱਛਮ ਵੱਲ 3 ਦਸੰਬਰ ਨੂੰ ਵਾਪਰੇ ਹਿਟ ਐਂਡ ਰਨ ਮਾਮਲੇ ਬਾਰੇ ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਨੇ ਦੱਸਿਆ ਕਿ ਕਿਚਨਰ ਦਾ 42 ਸਾਲਾ ਟੋਅ ਟਰੱਕ ਡਰਾਈਵਰ ਕਿਸੇ ਹੋਰ ਦੀ ਮਦਦ ਕਰ ਰਿਹਾ ਸੀ ਜਦੋਂ ਇਕ ਅਣਪਛਾਤੇ ਵ੍ਹੀਕਲ ਨੇ ਟੱਕਰ ਮਾਰ ਦਿਤੀ ਅਤੇ ਉਹ ਮੌਕੇ 'ਤੇ ਹੀ ਦਮ ਤੋੜ ਗਿਆ। ਪੁਲਿਸ ਨੇ ਮਾਮਲੇ ਦੀ ਡੂੰਘਾਈ ਵਿਚ ਜਾਂਦਿਆਂ ਸ਼ੱਕੀ ਦੀ ਪਛਾਣ ਮਾਊਂਟ ਹੋਪ ਦੇ ਸੰਦੀਪ ਸਿੰਘ ਵਜੋਂ ਕੀਤੀ ਅਤੇ ਖ਼ਤਰਨਾਕ ਤਰੀਕੇ ਨਾਲ ਡਰਾਈਵਿੰਗ ਕਰਦਿਆਂ ਮੌਤ ਦਾ ਕਾਰਨ ਬਣਨ ਸਣੇ ਜਾਨਲੇਵਾ ਹਾਦਸੇ ਮਗਰੋਂ ਮੌਕੇ 'ਤੇ ਮੌਜੂਦ ਰਹਿਣ ਵਿਚ ਅਸਫ਼ਲ ਰਹਿਣ ਦੇ ਦੋਸ਼ ਆਇਦ ਕਰ ਦਿਤੇ।

ਉਨਟਾਰੀਓ ਦੇ ਮਾਊਂਟ ਹੋਪ ਨਾਲ ਸਬੰਧਤ ਸੰਦੀਪ ਸਿੰਘ ਨੂੰ ਬਾਅਦ ਵਿਚ ਜ਼ਮਾਨਤ 'ਤੇ ਰਿਹਾਅ ਕਰ ਦਿਤਾ ਗਿਆ ਅਤੇ ਵੁਡਸਟੌਕ ਦੀ ਅਦਾਲਤ ਵਿਚ ਉਸ ਦੀ ਪੇਸ਼ੀ 27 ਜਨਵਰੀ ਨੂੰ ਹੋਵੇਗੀ। ਦੂਜੇ ਪਾਸੇ ਐਲਬਰਟਾ ਦੇ ਡੇਵੌਨ ਇਲਾਕੇ ਵਿਚ ਨੌਜਵਾਨਾਂ ਨਾਲ ਭਰੀ ਇਕ ਗੱਡੀ ਪਲਟਣ ਕਾਰਨ ਦੋ ਜਣਿਆਂ ਨੂੰ ਨਾਜ਼ੁਕ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਐਲਬਰਟਾ ਆਰ.ਸੀ.ਐਮ.ਪੀ. ਨੇ ਦੱਸਿਆ ਕਿ ਹਾਦਸੇ ਪਾਰਕਲੈਂਡ ਕਾਊਂਟੀ ਵਿਚ ਵਾਪਰਿਆ ਜਦੋਂ ਅੰਨ੍ਹੇਵਾਹ ਰਫ਼ਤਾਰ 'ਤੇ ਜਾ ਰਹੀ ਗੱਡੀ ਬੇਕਾਬੂ ਹੋਣ ਮਗਰੋਂ ਇਕ ਖੜ੍ਹੀ ਗੱਡੀ ਅਤੇ ਦਰੱਖਤ ਵਿਚ ਜਾ ਵੱਜੀ। ਮੌਕੇ 'ਤੇ ਪੁੱਜੇ ਐਮਰਜੰਸੀ ਕਾਮਿਆ ਨੂੰ ਪੰਜੇ ਜਣੇ ਗੱਡੀ ਵਿਚ ਫਸੇ ਹੋਏ ਮਿਲੇ ਜਿਨ੍ਹਾਂ ਵਿਚੋਂ ਦੋ ਜ਼ਿੰਦਗੀ ਵਾਸਤੇ ਸੰਘਰਸ਼ ਕਰ ਰਹੇ ਸਨ। 21 ਸਾਲ ਦੀ ਮੁਟਿਆਰ ਨੂੰ ਸਟਾਰ ਏਅਰ ਐਂਬੂਲੈਂਸ ਰਾਹੀਂ ਐਡਮਿੰਟਨ ਦੇ ਹਸਪਤਾਲ ਲਿਜਾਇਆ ਗਿਆ ਜਦਕਿ 20 ਸਾਲ ਦੇ ਨੌਜਵਾਨ ਨੂੰ ਸੜਕੀ ਰਸਤੇ ਹਸਪਤਾਲ ਪਹੁੰਚਾਉਣ ਦੇ ਪ੍ਰਬੰਧ ਕੀਤੇ ਗਏ।

ਦੋਵੇਂ ਜਣਿਆਂ ਦੀ ਹਾਲਤ ਵਿਚ ਫ਼ਿਲਹਾਲ ਬਹੁਤਾ ਸੁਧਾਰ ਨਹੀਂ ਹੋਇਆ ਜਦਕਿ ਦੋ ਹੋਰਨਾਂ ਦੀ ਮੱਲ੍ਹਮ ਪੱਟੀ ਐਮਰਜੰਸੀ ਕਾਮਿਆਂ ਵੱਲੋਂ ਮੌਕੇ 'ਤੇ ਹੀ ਕਰ ਦਿਤੀ ਗਈ। ਪੁਲਿਸ ਨੇ ਦੱਸਿਆ ਕਿ ਗੱਡੀ ਮੁਟਿਆਰ ਚਲਾ ਰਹੀ ਸੀ ਅਤੇ ਸਾਹ ਦੇ ਨਮੂਨੇ ਰਾਹੀਂ ਤੈਅਸ਼ੁਦਾ ਹੱਦ ਤੋਂ ਦੁੱਗਣੀ ਸ਼ਰਾਬ ਪੀਤੀ ਹੋਣ ਬਾਰੇ ਪਤਾ ਲੱਗਾ। ਮੁਟਿਆਰ ਵਿਰੁੱਧ ਨਸ਼ੇ ਦੀ ਹਾਲਤ ਵਿਚ ਗੱਡੀ ਚਲਾਉਣ ਦੇ ਦੋਸ਼ ਫ਼ਿਲਹਾਲ ਪੈਂਡਿੰਗ ਰੱਖੇ ਗਏ ਹਨ ਅਤੇ ਉਸ ਦੀ ਪਛਾਣ ਵੀ ਜਨਤਕ ਨਹੀਂ ਕੀਤੀ ਗਈ। ਪਾਰਕਲੈਂਡ ਕਾਊਂਟੀ ਆਰ.ਸੀ.ਐਮ.ਪੀ. ਦੇ ਸਾਰਜੈਂਟ ਰੌਬ ਗਿਲੀਜ਼ ਵੱਲੋਂ ਲੋਕਾਂ ਨੂੰ ਜ਼ਿੰਮੇਵਾਰੀ ਨਾਲ ਡਰਾਈਵਿੰਗ ਕਰਨ ਦਾ ਸੱਦਾ ਦਿਤਾ ਗਿਆ ਹੈ। ਉਨ੍ਹਾਂ ਕਿਹਾ ਕਿ ਤਾਜ਼ਾ ਮਾਮਲੇ ਤੋਂ ਇੰਪੇਅਰਡ ਡਰਾਈਵਿੰਗ ਦੇ ਖ਼ਤਰਿਆਂ ਬਾਰੇ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

# ਇੰਡੋਨੇਸ਼ੀਆ 'ਚ ਵਾਪਰਿਆ ਭਿਆਨਕ ਬੱਸ ਹਾਦਸਾ

## 16 ਲੋਕਾਂ ਦੀ ਮੌਤ, 18 ਲੋਕ ਗੰਭੀਰ ਜ਼ਖ਼ਮੀ



ਜਾਵਾ : ਇੰਡੋਨੇਸ਼ੀਆ ਦੇ ਜਾਵਾ ਵਿਖੇ ਇਕ ਭਿਆਨਕ ਸੜਕ ਹਾਦਸਾ ਵਾਪਰਨ ਦੀ ਖ਼ਬਰ ਸਾਹਮਣੇ ਆ ਰਹੀ ਐ, ਜਿਸ ਦੌਰਾਨ 16 ਲੋਕਾਂ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਰੋਡ 'ਤੇ ਜਾ ਰਹੀ ਬੱਸ ਅਚਾਨਕ ਬੇਕਾਬੂ ਹੋ ਕੇ ਕੰਕਰੀਟ ਬੈਰੀਅਰ ਨਾਲ ਟਕਰਾਉਣ ਕਾਰਨ ਇਹ ਹਾਦਸਾ ਵਾਪਰਿਆ। ਹਾਦਸੇ ਦੌਰਾਨ ਬੱਸ ਵਿਚ 34 ਲੋਕ ਸਵਾਰ ਸਨ, ਜਿਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਗੰਭੀਰ ਰੂਪ ਵਿਚ ਜ਼ਖ਼ਮੀ ਵੀ ਹੋ ਗਏ।

ਇੰਡੋਨੇਸ਼ੀਆ ਦੇ ਸਰਚ ਐਂਡ ਰੈਸਕਿਊ ਏਜੰਸੀ ਦੇ ਮੁਖੀ ਬੁਡੀਯੋਨੋ ਨੇ ਦੱਸਿਆ ਕਿ ਬੱਸ ਰਾਜਧਾਨੀ ਜਕਾਰਤਾ ਤੋਂ ਦੇਸ਼ ਦੇ ਯੋਗਯਕਾਰਤਾ ਵਿਖੇ ਜਾ ਰਹੀ ਸੀ ਕਿ ਇਸੇ ਦੌਰਾਨ ਸੇਮਾਰੰਗ ਸ਼ਹਿਰ ਦੇ ਨੇੜੇ ਇਕ ਐਗਜ਼ਿਟ ਟੋਲ ਕੋਲ ਇਹ ਬੱਸ ਪਲਟ ਗਈ। ਬੁਡੀਯੋਨੋ ਨੇ ਦੱਸਿਆ ਕਿ ਹਾਦਸੇ ਵਿਚ ਜ਼ਖ਼ਮੀ ਹੋਏ ਲੋਕਾਂ ਨੂੰ ਤੁਰੰਤ ਇਲਾਜ ਲਈ ਸੇਮਾਰੰਗ ਦੇ ਇਕ ਹਸਪਤਾਲ ਵਿਚ ਲਿਜਾਇਆ ਗਿਆ। ਉਨ੍ਹਾਂ ਮੁਤਾਬਕ ਇਹ ਟੱਕਰ ਇੰਨੀ ਭਿਆਨਕ ਸੀ ਕਿ ਬੱਸ ਵਿਚ ਬੈਠੇ ਕਈ ਲੋਕ ਉਛਲ ਕੇ ਬਾਹਰ ਜਾ ਡਿੱਗੇ, ਜਦਕਿ ਕਈ ਲੋਕ ਅੰਦਰ ਬੁਰੀ ਤਰ੍ਹਾਂ ਫਸ ਗਏ। ਹਾਦਸੇ ਦਾ ਪਤਾ ਚਲਦਿਆਂ ਹੀ ਪੁਲਿਸ ਅਤੇ ਹੋਰ ਬਚਾਅ ਟੀਮਾਂ ਮੌਕੇ 'ਤੇ ਪਹੁੰਚ ਗਈਆਂ, ਜਿਨ੍ਹਾਂ ਨੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਅਤੇ ਲਾਸ਼ਾਂ ਬਾਹਰ ਕੱਢੀਆਂ। ਬੁਡੀਯੋਨੋ ਦੇ ਮੁਤਾਬਕ ਹਸਪਤਾਲ ਲਿਜਾਂਦੇ ਸਮੇਂ ਅਤੇ ਇਲਾਜ ਦੌਰਾਨ ਕਰੀਬ 10 ਲੋਕਾਂ ਦੀ ਮੌਤ ਹੋ ਗਈ। ਮੀਡੀਆ ਰਿਪੋਰਟਾਂ ਦੇ ਮੁਤਾਬਕ ਨੇੜੇ ਦੇ ਹਸਪਤਾਲਾਂ ਵਿਚ ਕਰੀਬ 18 ਲੋਕਾਂ ਦਾ ਇਲਾਜ ਚੱਲ ਰਿਹੈ, ਜਿਸ ਵਿਚੋਂ ਪੰਜ ਦੀ ਹਾਲਤ ਗੰਭੀਰ ਐ।

ਦੱਸ ਦਈਏ ਕਿ ਹਾਲੇ ਦੋ ਹਫ਼ਤੇ ਪਹਿਲਾਂ ਹੀ ਦੇਸ਼ ਦੇ ਜਕਾਰਤਾ ਵਿਖੇ ਇਕ ਦਫ਼ਤਰੀ ਇਮਾਰਤ ਵਿਚ ਅੱਗ ਲੱਗਣ ਦੀ ਘਟਨਾ ਵਾਪਰੀ ਸੀ, ਜਿਸ ਵਿਚ 22 ਲੋਕਾਂ ਦੀ ਮੌਤ ਹੋ ਗਈ ਸੀ। ਇਸ ਤੋਂ ਇਲਾਵਾ ਪਿਛਲੇ ਸਾਲ 2024 ਵਿਚ ਈਦ ਉਲ ਫਿਤਰ ਮਨਾਉਣ ਜਾ ਰਹੇ ਯਾਤਰੀਆਂ ਦੀ ਇਕ ਬੱਸ ਹਾਦਸਾਗ੍ਰਸਤ ਹੋ ਗਈ ਸੀ, ਜਿਸ ਦੌਰਾਨ 12 ਲੋਕਾਂ ਦੀ ਮੌਤ ਹੋ ਗਈ ਸੀ। ਇਸੇ ਤਰ੍ਹਾਂ 2019 ਵਿਚ ਵੀ ਇਕ ਬੱਸ ਹਾਦਸੇ ਦੌਰਾਨ 35 ਲੋਕਾਂ ਦੀ ਮੌਤ ਹੋ ਗਈ ਸੀ।

# ਕੈਨੇਡਾ 'ਚ ਜਾਅਲੀ ਕਰੰਸੀ ਨੋਟਾਂ ਨੇ ਵਜਾਈ ਖ਼ਤਰੇ ਦੀ ਘੰਟੀ

## 20, 50 ਅਤੇ 100 ਡਾਲਰ ਦੇ ਨਕਲੀ ਬਿਲਜ਼ ਦੀ ਰਿਟੇਲ ਸਟੋਰਾਂ 'ਤੇ ਭਰਮਾਰ




ਮੌਂਟਰੀਅਲ : ਕੈਨੇਡਾ ਵਿਚ ਜਾਅਲੀ ਕਰੰਸੀ ਨੋਟਾਂ ਦੀ ਸਮੱਸਿਆ ਨੇ ਖ਼ਤਰੇ ਦੀ ਘੰਟੀ ਵਜਾ ਦਿਤੀ ਹੈ ਅਤੇ ਇਸ ਵੇਲੇ 20 ਡਾਲਰ, 50 ਡਾਲਰ ਤੇ 100 ਡਾਲਰ ਦੇ ਜਾਅਲੀ ਕਰੰਸੀ ਨੋਟ ਰਿਟੇਲ ਸਟੋਰਾਂ ਵਿਚ ਵੱਡੇ ਪੱਧਰ 'ਤੇ ਪੁੱਜ ਰਹੇ ਹਨ। ਰਿਟੇਲ ਕੌਂਸਲ ਆਫ਼ ਕੈਨੇਡਾ ਦਾ ਕਹਿਣਾ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਨਕਲੀ ਬਿਲਜ਼ ਸਾਰੀਆਂ ਹੱਦਾਂ ਪਾਰ ਕਰ ਰਹੇ ਹਨ। ਜਾਅਲੀ ਕਰੰਸੀ ਨੋਟ ਤਿਆਰ ਕਰਨ ਵਾਲਿਆਂ ਵੱਲੋਂ ਆਧੁਨਿਕ ਤਕਨੀਕ ਦੀ ਵਰਤੋਂ ਕਰਦਿਆਂ ਅਜਿਹੇ ਬਿਲਜ਼ ਬਾਜ਼ਾਰ ਵਿਚ ਚਲਾਏ ਜਾ ਰਹੇ ਹਨ ਜਿਨ੍ਹਾਂ ਦੀ ਪਛਾਣ ਕਰਨੀ ਆਮ ਆਦਮੀ ਦੇ ਵਸੋਂ ਬਾਹਰ ਹੈ।

ਰਿਟੇਲ ਕੌਂਸਲ ਦੀ ਕਿਊਬੈਕ ਡਵੀਜ਼ਨ ਦੇ ਪ੍ਰਧਾਨ ਮਿਸ਼ੇਲ ਰੌਸ਼ਟ ਨੇ ਦੱਸਿਆ ਕਿ ਨਕਲੀ ਕਰੰਸੀ ਨੋਟਾਂ 'ਤੇ ਹੋਲੋਗ੍ਰਾਮ ਐਨੀ ਸਫ਼ਾਈ ਨਾਲ ਲੱਗਾ ਹੁੰਦਾ ਹੈ ਕਿ ਪਾਰਖੂ ਅੱਖ ਵੀ ਧੋਖਾ ਖਾ ਜਾਵੇ। ਅਪਰਾਧਕ ਗਿਰੋਹ ਵੀ ਨਵੀਂ ਤਕਨੀਕ ਦੀ ਵਰਤੋਂ 'ਤੇ ਜ਼ੋਰ ਦੇ ਰਹੇ ਹਨ ਅਤੇ ਕ੍ਰਿਸਮਸ ਦੌਰਾਨ ਬਾਜ਼ਾਰ ਵਿਚ ਹੋਰ ਜ਼ਿਆਦਾ ਜਾਅਲੀ ਨੋਟ ਆਉਣ ਦਾ ਖ਼ਤਰਾ ਮੰਡਰਾਉਣ ਲੱਗਾ ਹੈ। ਰਿਟੇਲ ਕੌਂਸਲ ਵੱਲੋਂ ਖਪਤਕਾਰਾਂ ਅਤੇ ਕਾਰੋਬਾਰੀਆਂ ਦੋਹਾਂ ਨੂੰ ਸੁਚੇਤ ਰਹਿਣ ਦਾ ਸੱਦਾ ਦਿਤਾ ਗਿਆ ਹੈ। ਇਸ ਤੋਂ ਇਲਾਵਾ ਕੌਂਸਲ ਨੇ ਫ਼ੈਡਰਲ ਅਤੇ ਸੂਬਾ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਸਮੱਸਿਆ ਦੇ ਟਾਕਰੇ ਲਈ ਪੁਲਿਸ ਮਹਿਕਮਿਆਂ ਨੂੰ ਵੱਧ ਤੋਂ ਵੱਧ ਵਸੀਲੇ ਮੁਹੱਈਆ ਕਰਵਾਏ ਜਾਣ। ਮਿਸ਼ੇਲ ਰੌਸ਼ਟ ਨੇ ਅੰਤ ਵਿਚ ਕਿਹਾ ਕਿ ਮਸਲਾ ਬੇਹੱਦ ਗੰਭੀਰ ਹੈ ਅਤੇ ਸਮਾਂ ਰਹਿੰਦੇ ਢੁਕਵੇਂ ਕਦਮ ਨਾ ਉਠਾਏ ਗਏ ਤਾਂ ਹਾਲਾਤ ਬਦਤਰ ਹੋ ਸਕਦੇ ਹਨ।

# ਕਾਂਗਰਸ ਦੇ ਆਦਮਪੁਰ ਤੋਂ ਵਿਧਾਇਕ ਸੁਖਵਿੰਦਰ ਕੋਟਲੀ ਨੇ ਤਿੰਨ ਸਾਲਾਂ ਦੌਰਾਨ ਲਿਆ ਸਭ ਤੋਂ ਜ਼ਿਆਦਾ ਭੱਤਾ



ਚੰਡੀਗੜ੍ਹ : ਪੰਜਾਬ ਦੇ ਮੌਜੂਦਾ ਵਿਧਾਇਕਾਂ ਵੱਲੋਂ ਤਿੰਨਾਂ ਸਾਲਾਂ ਦੌਰਾਨ ਲਏ ਗਏ ਭੱਤਿਆਂ ਸਬੰਧੀ ਅੰਕੜੇ ਜਾਰੀ ਕੀਤੇ ਗਏ ਹਨ। ਜਾਰੀ ਅੰਕੜਿਆਂ ਅਨੁਸਾਰ ਕਾਂਗਰਸ ਪਾਰਟੀ ਦੇ ਜਲੰਧਰ ਦੇ ਆਦਮਪੁਰ ਤੋਂ ਵਿਧਾਇਕ ਸੁਖਵਿੰਦਰ ਕੋਟਲੀ ਭੱਤੇ ਲੈਣ ਵਿਚ ਸਭ ਤੋਂ ਮੋਹਰੀ ਹਨ। ਵਿਧਾਇਕ ਜਦੋਂ ਸਰਕਾਰੀ ਮੀਟਿੰਗਾਂ ਜਾਂ ਸਮਾਗਮਾਂ 'ਚ ਸ਼ਾਮਲ ਹੁੰਦੇ ਹਨ ਤਾਂ ਉਹ ਆਪਣੇ ਪ੍ਰਾਈਵੇਟ ਵਾਹਨਾਂ ਦੀ ਵਰਤੋਂ ਕਰਦੇ ਹਨ, ਜਿਸ ਬਦਲੇ ਉਨ੍ਹਾਂ ਨੂੰ ਰਹਿਣ-ਸਹਿਣ ਅਤੇ ਤੇਲ ਦਾ ਖਰਚਾ ਮਿਲਦਾ ਹੈ। ਪੰਜਾਬ ਸਰਕਾਰ ਵੱਲੋਂ ਵਿਧਾਇਕਾਂ ਨੂੰ ਜੋ ਸਰਕਾਰੀ ਗੱਡੀਆਂ ਅਲਾਟ ਕੀਤੀਆਂ ਹਨ, ਵਿਧਾਇਕ ਉਨ੍ਹਾਂ ਨੂੰ ਸਕਿਓਰਟੀ ਵਜੋਂ ਵਰਤਦੇ ਹਨ ਅਤੇ ਵਿਧਾਇਕ ਪ੍ਰਾਈਵੇਟ ਗੱਡੀ 'ਚ ਸਫ਼ਰ ਕਰਦੇ ਹਨ ਅਤੇ ਸਰਕਾਰੀ ਗੱਡੀ ਬਤੌਰ ਸਕਿਓਰਟੀ ਨਾਲ ਚੱਲਦੀ ਹੈ। ਸਰਕਾਰੀ ਗੱਡੀ ਦਾ ਖਰਚਾ ਵੱਖਰੇ ਤੌਰ 'ਤੇ ਟਰਾਂਸਪੋਰਟ ਵਿਭਾਗ ਚੁੱਕਦਾ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਦੇ ਵਿਧਾਇਕਾਂ 'ਚੋਂ ਕਾਂਗਰਸ ਦੇ ਵਿਧਾਇਕ ਸੁਖਵਿੰਦਰ ਸਿੰਘ ਭੱਤੇ ਲੈਣ 'ਚ ਸਭ ਤੋਂ ਅੱਗੇ ਹਨ, ਜਿਨ੍ਹਾਂ ਨੇ ਲੰਘੇ ਤਿੰਨ ਵਰ੍ਹਿਆਂ (2022-23 ਤੋਂ 2024-25) ਦੌਰਾਨ 15.17 ਲੱਖ ਰੁਪਏ ਇਕੱਲੇ ਟੀ ਏ/ਡੀ ਏ ਵਜੋਂ ਪ੍ਰਾਪਤ ਕੀਤੇ ਹਨ। ਦੂਜਾ ਨੰਬਰ ਹਲਕਾ ਭੁੱਚੋ ਮੰਡੀ ਦੇ 'ਆਪ' ਵਿਧਾਇਕ ਮਾਸਟਰ ਜਗਸੀਰ ਸਿੰਘ ਦਾ ਹੈ, ਜਿਨ੍ਹਾਂ ਨੇ ਤਿੰਨ ਸਾਲਾਂ 'ਚ 12.30 ਲੱਖ ਰੁਪਏ ਭੱਤੇ ਵਜੋਂ ਲਏ। ਸਾਰੇ ਵਿਧਾਇਕ ਵਿਧਾਨ ਸਭਾ ਦੀਆਂ ਅਲੱਗ-ਅਲੱਗ ਕਮੇਟੀਆਂ ਦੇ ਮੈਂਬਰ ਆਦਿ ਹਨ ਤੇ ਇਨ੍ਹਾਂ ਕਮੇਟੀਆਂ ਦੀਆਂ ਮੀਟਿੰਗਾਂ 'ਚ ਵਿਧਾਇਕ ਹਿੱਸਾ ਲੈਂਦੇ ਹਨ। ਨਿਯਮਾਂ ਅਨੁਸਾਰ ਵਿਧਾਇਕ ਨੂੰ ਪ੍ਰਾਈਵੇਟ ਵਾਹਨ ਦੀ ਵਰਤੋਂ ਕਰਨ 'ਤੇ ਪ੍ਰਤੀ ਕਿਲੋਮੀਟਰ 15 ਰੁਪਏ ਅਤੇ ਰੋਜ਼ਾਨਾ ਭੱਤੇ ਵਜੋਂ 1500 ਰੁਪਏ ਮਿਲਦੇ ਹਨ। ਜੇ ਵਿਧਾਇਕ ਚੰਡੀਗੜ੍ਹ ਮੀਟਿੰਗ 'ਚ ਸ਼ਾਮਲ ਹੁੰਦਾ ਹੈ ਤਾਂ ਉਹ ਮੀਟਿੰਗ ਤੋਂ ਇੱਕ ਦਿਨ ਪਹਿਲਾਂ ਅਤੇ ਇੱਕ ਦਿਨ ਬਾਅਦ ਦਾ ਡੀ ਏ ਲੈਣ ਦਾ ਹੱਕਦਾਰ ਹੈ। ਹਲਕਾ ਬਠਿੰਡਾ ਦਿਹਾਤੀ ਤੋਂ 'ਆਪ' ਵਿਧਾਇਕ ਅਮਿਤ ਰਤਨ ਕੋਟਫੱਤਾ ਨੇ ਤਿੰਨ ਸਾਲਾਂ 'ਚ 10.64 ਲੱਖ ਰੁਪਏ, ਜੈਤੋ ਤੋਂ ਵਿਧਾਇਕ ਅਮੋਲਕ ਸਿੰਘ ਨੇ 10.28 ਲੱਖ ਰੁਪਏ, ਕਾਂਗਰਸ ਵਿਧਾਇਕ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ 10.08 ਲੱਖ ਰੁਪਏ ਤੇ ਬਸਪਾ ਵਿਧਾਇਕ ਨਛੱਤਰ ਪਾਲ ਨੇ 7.80 ਲੱਖ ਰੁਪਏ ਭੱਤਿਆਂ ਵਜੋਂ ਵਸੂਲ ਕੀਤੇ ਹਨ। ਕਪੂਰਥਲਾ ਤੋਂ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਅਤੇ ਉਨ੍ਹਾਂ ਦੇ ਸੁਲਤਾਨਪੁਰ ਲੋਧੀ ਤੋਂ ਵਿਧਾਇਕ ਪੁੱਤਰ ਰਾਣਾ ਇੰਦਰ ਸਿੰਘ ਨੇ ਤਿੰਨ ਵਰ੍ਹਿਆਂ 'ਚ ਕੋਈ ਟੀ ਏ/ਡੀ ਏ ਨਹੀਂ ਲਿਆ। ਸਭ ਤੋਂ ਘੱਟ ਭੱਤੇ ਲੈਣ ਵਾਲੇ ਵਿਧਾਇਕਾਂ 'ਚ ਭਾਰਤੀ ਜਨਤਾ ਪਾਰਟੀ ਦੇ ਅਸ਼ਵਨੀ ਕੁਮਾਰ ਸ਼ਰਮਾ, ਆਮ ਆਦਮੀ ਪਾਰਟੀ ਦੇ ਗੁਰਲਾਲ ਘਨੌਰ, ਸ਼੍ਰੋਮਣੀ ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਆਲੀ ਅਤੇ ਕਾਂਗਰਸ ਪਾਰਟੀ ਦੇ ਵਿਧਾਇਕ ਪਰਗਟ ਸਿੰਘ ਦਾ ਨਾਂ ਸ਼ਾਮਲ ਹੈ।

## ਨਾਮ ਬਦਲੀ

ਮੈਂ ਗੁਰਜੰਟ ਸਿੰਘ, 6420, Mayfield RD, Caledon ON, L7C 027 ਦਾ ਰਹਿਣਾ ਵਾਲਾ, ਮੈਂ ਆਪਣਾ ਨਾਮ ਬਦਲ ਕੇ ਗੁਰਜੰਟ ਸਿੰਘ ਪੰਨੂੰ ਰੱਖ ਲਿਆ ਹੈ। ਹੁਣ ਮੈਨੂੰ ਇਸ ਨਾਮ ਨਾਲ ਜਾਣਿਆ ਜਾਵੇ।



# ਕੰਕਰੀਟ ਬੈਰੀਅਰ ਨਾਲ ਟਕਰਾਉਣ ਤੋਂ ਬਾਅਦ ਪਲਟੀ ਸਵਾਰੀਆਂ ਨਾਲ ਭਰੀ ਬੱਸ, 15 ਲੋਕਾਂ ਦੀ ਮੌਤ




ਜਕਾਰਤਾ: ਇੰਡੋਨੇਸ਼ੀਆ ਤੋਂ ਦੁਖਦਾਈ ਖ਼ਬਰ ਸਾਹਮਣੇ ਆਈ ਹੈ, ਜਿੱਥੇ ਸੋਮਵਾਰ ਅੱਧੀ ਰਾਤ ਨੂੰ ਇੱਕ ਭਿਆਨਕ ਸੜਕ ਹਾਦਸੇ ਵਿੱਚ 15 ਲੋਕਾਂ ਦੀ ਮੌਤ ਹੋ ਗਈ। ਇਹ ਵੱਡਾ ਸੜਕ ਹਾਦਸਾ ਉਦੋਂ ਵਾਪਰਿਆ ਜਦੋਂ 34 ਯਾਤਰੀਆਂ ਨੂੰ ਲੈ ਕੇ ਜਾ ਰਹੀ ਇੱਕ ਬੱਸ ਕੰਟਰੋਲ ਗੁਆ ਬੈਠੀ ਅਤੇ ਇੱਕ ਕੰਕਰੀਟ ਬੈਰੀਅਰ ਨਾਲ ਟਕਰਾ ਗਈ। ਇਸ ਭਿਆਨਕ ਸੜਕ ਹਾਦਸੇ ਵਿੱਚ ਘੱਟੋ-ਘੱਟ 15 ਲੋਕਾਂ ਦੀ ਮੌਤ ਹੋ ਗਈ ਅਤੇ 19 ਹੋਰ ਗੰਭੀਰ ਜ਼ਖਮੀ ਹੋ ਗਏ।

ਹਾਦਸਾ ਇੰਨਾ ਭਿਆਨਕ ਸੀ ਕਿ ਬੱਸ ਮੌਕੇ 'ਤੇ ਹੀ ਪਲਟ ਗਈ, ਜਿਸ ਨਾਲ ਚੀਕ ਚਿਹਾੜਾ ਪੈ ਗਿਆ। ਸਥਾਨਕ ਅਧਿਕਾਰੀ ਅਤੇ ਬਚਾਅ ਟੀਮਾਂ ਤੁਰੰਤ ਘਟਨਾ ਸਥਾਨ 'ਤੇ ਪਹੁੰਚ ਗਈਆਂ, ਪਰ ਉਦੋਂ ਤੱਕ ਬਹੁਤ ਸਾਰੇ ਲੋਕਾਂ ਦੀ ਮੌਤ ਹੋ ਚੁੱਕੀ ਸੀ। ਖੋਜ ਅਤੇ ਬਚਾਅ ਏਜੰਸੀ ਦੇ ਮੁਖੀ ਨੇ ਕਿਹਾ ਕਿ 34 ਲੋਕਾਂ ਨੂੰ ਲੈ ਜਾ ਰਹੀ ਬੱਸ ਟੋਲ ਰੋਡ 'ਤੇ ਕੰਟਰੋਲ ਗੁਆ ਬੈਠੀ ਅਤੇ ਕੰਕਰੀਟ ਦੇ ਬੈਰੀਅਰ ਨਾਲ ਟਕਰਾਉਣ ਤੋਂ ਬਾਅਦ ਪਲਟ ਗਈ। ਇਸ ਭਿਆਨਕ ਸੜਕ ਹਾਦਸੇ ਵਿੱਚ ਘੱਟੋ-ਘੱਟ 15 ਲੋਕਾਂ ਦੀ ਮੌਤ ਹੋ ਗਈ ਅਤੇ 19 ਹੋਰ ਗੰਭੀਰ ਜ਼ਖਮੀ ਹੋ ਗਏ। ਖੋਜ ਅਤੇ ਬਚਾਅ ਦਫਤਰ ਦੇ ਮੁਖੀ ਬੁਡੀਓਨੋ ਨੇ ਕਿਹਾ ਕਿ ਬਚਾਅ ਕਾਰਜ ਚੁਣੌਤੀਪੂਰਨ ਸੀ। ਉਨ੍ਹਾਂ ਕਿਹਾ ਕਿ ਬੱਸ ਦੀਆਂ ਖਿੜਕੀਆਂ ਟੁੱਟ ਗਈਆਂ ਸਨ ਅਤੇ ਪ੍ਰਵੇਸ਼ ਦੁਆਰ ਪੂਰੀ ਤਰ੍ਹਾਂ ਬੰਦ ਸਨ। ਜਿਸ ਕਾਰਨ ਪੀੜਤ ਲੋਕਾਂ ਨੂੰ ਕੱਢਣ ਚ ਕਾਫੀ ਮੁਸ਼ਕਿਲ ਆਈ।

ਜਾਣਕਾਰੀ ਦਿੰਦਿਆਂ ਪੁਲਿਸ ਨੇ ਦੱਸਿਆ ਕਿ ਹਾਦਸਾਗ੍ਰਸਤ ਬੱਸ ਰਾਜਧਾਨੀ ਜਕਾਰਤਾ ਤੋਂ ਪ੍ਰਾਚੀਨ ਸ਼ਾਹੀ ਸ਼ਹਿਰ ਯੋਗਿਆਕਾਰਤਾ ਜਾ ਰਹੀ ਸੀ। ਹਾਦਸੇ ਵਿੱਚ ਕਈ ਲੋਕ ਜ਼ਖਮੀ ਵੀ ਹੋਏ ਹਨ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਅਧਿਕਾਰੀਆਂ ਨੇ ਕਿਹਾ, "ਇਸ ਟੱਕਰ ਕਾਰਨ ਬਹੁਤ ਸਾਰੇ ਯਾਤਰੀ ਬਾਹਰ ਡਿੱਗ ਗਏ ਅਤੇ ਕਈਆਂ ਦੇ ਸਰੀਰ ਬੱਸ ਵਿੱਚ ਫਸ ਗਏ।" ਜ਼ਖਮੀਆਂ ਵਿੱਚੋਂ ਬਹੁਤ ਸਾਰੇ ਗੰਭੀਰ ਹਾਲਤ ਵਿੱਚ ਹਨ। ਹਾਦਸੇ ਵਿੱਚ 19 ਲੋਕ ਜ਼ਖਮੀ ਹੋਏ, ਜਿਨ੍ਹਾਂ ਵਿੱਚੋਂ ਪੰਜ ਦੀ ਹਾਲਤ ਗੰਭੀਰ ਹੈ, ਅਤੇ 14 ਹੋਰ ਗੰਭੀਰ ਜ਼ਖਮੀ ਹਨ। ਮ੍ਰਿਤਕਾਂ ਅਤੇ ਜ਼ਖਮੀਆਂ ਦੀ ਪਛਾਣ ਕਰਨ ਦੀ ਪ੍ਰਕਿਰਿਆ ਜਾਰੀ ਹੈ, ਜਦੋਂ ਕਿ ਪੁਲਿਸ ਅਤੇ ਸਬੰਧਤ ਏਜੰਸੀਆਂ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੀਆਂ ਹਨ।

# ਟਰੰਪ ਸਰਕਾਰ ਨੇ ਅਮਰੀਕਾ ਆਉਣ ਤੋਂ ਰੋਕੇ ਸੈਂਕੜੇ ਭਾਰਤੀ

## ਵੀਜ਼ਾ ਨਵਿਆਉਣ ਭਾਰਤ ਪੁੱਜਣ ਵਾਲਿਆਂ ਦੀਆਂ ਇੰਟਰਵਿਊਜ਼ ਰੱਦ




ਵਾਸ਼ਿੰਗਟਨ : ਟਰੰਪ ਸਰਕਾਰ ਵੱਲੋਂ ਅਚਨਚੇਤ ਵੀਜ਼ਾ ਅਪੁਆਇੰਟਮੈਂਟਸ ਰੱਦ ਕੀਤੇ ਜਾਣ ਕਰ ਕੇ ਵੱਡੀ ਗਿਣਤੀ ਵਿਚ ਭਾਰਤੀ ਲੋਕ ਨਵੀਂ ਦਿੱਲੀ, ਹੈਦਰਾਬਾਦ, ਚੇਨਈ ਜਾਂ ਮੁੰਬਈ ਵਿਚ ਫਸ ਚੁੱਕੇ ਹਨ ਜੋ ਆਪਣੇ ਐਚ-1ਬੀ ਵੀਜ਼ਾ ਨਵਿਆਉਣ ਪੁੱਜੇ ਸਨ ਪਰ ਕੌਂਸਲਰ ਦਫ਼ਤਰਾਂ ਨੇ ਬਗੈਰ ਕਿਸੇ ਅਗਾਊਂ ਚਿਤਾਵਨੀ ਤੋਂ 15 ਦਸੰਬਰ ਤੋਂ ਬਾਅਦ ਵਾਲੀਆਂ ਵੀਜ਼ਾ ਇੰਟਰਵਿਊਜ਼ ਵੱਡੇ ਪੱਧਰ 'ਤੇ ਰੱਦ ਕਰ ਦਿਤੀਆਂ। ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ ਅਮਰੀਕਾ ਦੇ ਵਿਦੇਸ਼ ਵਿਭਾਗ ਵੱਲੋਂ ਵੀਜ਼ਾ ਧਾਰਕਾਂ ਨੂੰ ਦੱਸਿਆ ਗਿਆ ਹੈ ਕਿ ਨਵੀਂ ਸੋਸ਼ਲ ਮੀਡੀਆ ਪੌਲਿਸੀ ਦੇ ਚਲਦਿਆਂ ਇੰਟਰਵਿਊਜ਼ ਫ਼ਿਲਹਾਲ ਟਾਲ ਦਿਤੀਆਂ ਗਈਆਂ। ਪਰ ਇੰਮੀਗ੍ਰੇਸ਼ਨ ਮਾਹਰਾਂ ਨੇ ਖਦਸ਼ਾ ਜ਼ਾਹਰ ਕੀਤਾ ਹੈ ਕਿ ਅਮਰੀਕਾ ਵਿਚੋਂ ਵੀਜ਼ਾ ਵਾਲਿਆਂ ਨੂੰ ਡਿਪੋਰਟ ਕਰਨ ਦਾ ਇਹ ਨਵਾਂ ਤਰੀਕੇ ਹੋ ਸਕਦਾ ਹੈ। ਦੱਸ ਦੇਈਏ ਕਿ ਵਾਸ਼ਿੰਗਟਨ ਪੋਸਟ ਦੀ ਰਿਪੋਰਟ ਤਿੰਨ ਇੰਮੀਗ੍ਰੇਸ਼ਨ ਵਕੀਲਾਂ ਵੱਲੋਂ ਮੁਹੱਈਆ ਜਾਣਕਾਰੀ 'ਤੇ ਆਧਾਰਤ ਹੈ ਜਿਨ੍ਹਾਂ ਦੇ ਕਲਾਈਂਟਸ ਇਸ ਵੇਲੇ ਭਾਰਤ ਵਿਚ ਫਸੇ ਹੋਏ ਹਨ।

ਵਿਦੇਸ਼ ਵਿਭਾਗ ਦੀ ਦਲੀਲ ਹੈ ਕਿ ਕੌਮੀ ਸੁਰੱਖਿਆ ਜਾਂ ਲੋਕ ਸੁਰੱਖਿਆ ਨੂੰ ਕਿਸੇ ਵੀ ਕਿਸਮ ਦੇ ਖ਼ਤਰਾ ਨਾ ਹੋਣ ਬਾਰੇ ਯਕੀਨ ਹੋਣ 'ਤੇ ਹੀ ਐਚ-1ਬੀ ਵੀਜ਼ਾ ਧਾਰਕਾਂ ਦੇ ਵਰਕ ਪਰਮਿਟ ਰਿਨੀਊ ਕੀਤੇ ਜਾਣਗੇ। ਉਧਰ ਨਵੀਂ ਦਿੱਲੀ ਸਥਿਤ ਯੂ.ਐਸ. ਅੰਬੈਸੀ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਵਿਦੇਸ਼ ਵਿਭਾਗ ਵੱਲੋਂ ਵਿਦਿਆਰਥੀਆਂ ਅਤੇ ਵੀਜ਼ਾ ਵਿਜ਼ਟਰ ਵਾਲਿਆਂ ਦੀਆਂ ਸੋਸ਼ਲ ਮੀਡੀਆ ਪੋਸਟਾਂ ਦੀ ਡੂੰਘਾਈ ਨਾਲ ਘੋਖ ਆਰੰਭ ਹੋ ਚੁੱਕੀ ਹੈ ਅਤੇ ਐਚ-1ਬੀ ਵੀਜ਼ਾ ਜਾਂ ਐਚ-4 ਵੀਜ਼ਾ ਦੇ ਮਾਮਲੇ ਵਿਚ ਵੀ ਇਹੋ ਰਣਨੀਤੀ ਅਖਤਿਆਰ ਕੀਤੀ ਗਈ ਹੈ। ਹਿਊਸਟਨ ਦੀ ਇਕ ਇੰਮੀਗ੍ਰੇਸ਼ਨ ਫ਼ਰਮ ਵਿਚ ਭਾਈਵਾਲ ਐਮਿਲੀ ਨੌਇਮਨ ਨੇ ਦੱਸਿਆ ਕਿ ਉਨ੍ਹਾਂ ਦੇ ਘੱਟੋ ਘੱਟ 100 ਕਲਾਈਂਟਸ ਭਾਰਤ ਵਿਚ ਫਸੇ ਹੋਏ ਹਨ। ਇਸੇ ਤਰ੍ਹਾਂ ਐਟਲਾਂਟਾ ਵਿਖੇ ਇੰਮੀਗ੍ਰੇਸ਼ਨ ਲਾਅ ਦੀ ਪ੍ਰੈਕਟਿਕਸ ਕਰ ਰਹੇ ਚਾਰਲਸ ਕੱਕ ਅਤੇ ਭਾਰਤ ਵਿਚ ਮੌਜੂਦ ਇੰਮੀਗ੍ਰੇਸ਼ਨ ਵਕੀਲ ਵੀਨਾ ਵਿਜੇ ਅਨੰਤ ਨੇ ਦੱਸਿਆ ਕਿ ਉਨ੍ਹਾਂ ਦੇ ਘੱਟੋ ਘੱਟ 12-12 ਕਲਾਈਂਟਸ ਭਾਰਤ ਵਿਚ ਫਸੇ ਹੋਏ ਹਨ। ਐਨਾ ਵੱਡੀ ਇੰਮੀਗ੍ਰੇਸ਼ਨ ਸਮੱਸਿਆ ਇਸ ਤੋਂ ਪਹਿਲਾਂ ਕਦੇ ਸਾਹਮਣੇ ਨਹੀਂ ਆਈ ਅਤੇ ਨੀਅਤ ਸਾਫ਼ ਨਜ਼ਰ ਨਹੀਂ ਆ ਰਹੀ।

ਇੰਮੀਗ੍ਰੇਸ਼ਨ ਮਾਹਿਰਾਂ ਨੇ ਨਵੀਂ ਨੀਤੀ 'ਤੇ ਉਠਾਏ ਸਵਾਲ

ਉਧਰ ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਕਿ ਅਤੀਤ ਵਿਚ ਉਡੀਕ ਸਮਾਂ ਘਟਾਉਂਦਿਆਂ ਇੰਮੀਗ੍ਰੇਸ਼ਨ ਮਾਮਲਿਆਂ ਦੀ ਪ੍ਰੋਸੈਸਿੰਗ ਤੇਜ਼ ਕੀਤੀ ਗਈ ਪਰ ਇਸ ਵੇਲੇ ਹਰ ਵੀਜ਼ਾ ਕੇਸ ਦੀ ਡੂੰਘਾਈ ਨਾਲ ਪੁਣ-ਛਾਣ ਕੀਤੀ ਜਾ ਰਹੀ ਹੈ। ਸਿਟੀਜ਼ਨਸ਼ਿਪ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਵਿਭਾਗ ਨਾਲ ਸਬੰਧਤ ਅਪ੍ਰੈਲ 2025 ਦੇ ਅੰਕੜਿਆਂ ਮੁਤਾਬਕ ਅਮਰੀਕਾ ਵੱਲੋਂ ਜਾਰੀ ਕੁਲ ਐਚ-1ਬੀ ਵੀਜ਼ਿਆਂ ਵਿਚੋਂ 71 ਫ਼ੀ ਸਦੀ ਭਾਰਤੀ ਲੋਕਾਂ ਕੋਲ ਹਨ। ਜੁਲਾਈ ਵਿਚ ਵਿਦੇਸ਼ ਵਿਭਾਗ ਨੇ ਐਲਾਨ ਕੀਤਾ ਸੀ ਕਿ ਐਚ-1ਬੀ ਅਤੇ ਉਨ੍ਹਾਂ ਉਤੇ ਨਿਰਭਰ ਐਚ 4 ਵੀਜ਼ਾ ਹੋਲਡਰ ਕਿਸੇ ਤੀਜੇ ਮੁਲਕ ਵੀਜ਼ੇ ਰੀਨਿਊ ਨਹੀਂ ਕਰਵਾ ਸਕਣਗੇ। ਇਸ ਮਗਰੋਂ 19 ਸਤੰਬਰ ਨੂੰ ਰਾਸ਼ਟਰਪਤੀ ਡੌਨਲਡ ਟਰੰਪ ਨੇ ਨਵੀਆਂ ਐਚ-1ਬੀ ਵੀਜ਼ਾ ਅਰਜ਼ੀਆਂ 'ਤੇ ਇਕ ਲੱਖ ਡਾਲਰ ਫ਼ੀਸ ਲਾਗੂ ਕਰ ਦਿੱਤੀ। ਡੈਟਰਾਇਟ ਸ਼ਹਿਰ ਵਿਚ ਰਹਿੰਦੇ ਇਕ ਭਾਰਤੀ ਨੇ ਦੱਸਿਆ ਕਿ ਉਹ ਵਿਆਹ ਦੇ ਸਿਲਸਿਲੇ ਵਿਚ ਦਸੰਬਰ ਦੇ ਪਹਿਲੇ ਹਫ਼ਤੇ ਭਾਰਤ ਪੁੱਜਾ ਅਤੇ ਉਸ ਦੀ ਕੌਂਸਲਰ ਅਪੁਆਇੰਟਮੈਂਟ 17 ਦਸੰਬਰ ਦੀ ਤੈਅ ਹੋਈ ਪਰ ਇਸ ਨੂੰ ਰੱਦ ਕਰ ਦਿਤਾ ਗਿਆ। ਨੌਇਮਨ ਨੇ ਸਵਾਲ ਉਠਾਇਆ ਕਿ ਆਖਰਕਾਰ ਕੰਪਨੀਆਂ ਨੂੰ ਆਪਣੇ ਮੁਲਾਜ਼ਮਾਂ ਦੀ ਵਾਪਸੀ ਵਾਸਤੇ ਕਿੰਨੀ ਉਡੀਕ ਕਰਨੀ ਹੋਵੇਗੀ?

# ਅਕਾਲੀ ਆਗੂ ਕੰਚਨਪ੍ਰੀਤ ਦੀ ਅਗਾਊਂ ਜ਼ਮਾਨਤ ਰੱਦ

## ਤਰਨਾਤਰਨ ਜਿਮਨੀ ਚੋਣ ਦੌਰਾਨ ਮਜੀਠਾ ਥਾਣੇ 'ਚ ਮਾਮਲਾ ਕੀਤਾ ਗਿਆ ਸੀ ਦਰਜ



ਅੰਮ੍ਰਿਤਸਰ : ਤਰਨ ਤਾਰਨ ਤੋਂ ਜ਼ਿਮਨੀ ਚੋਣ ਲੜਨ ਵਾਲੀ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ ਦੀ ਧੀ ਕੰਚਨਪ੍ਰੀਤ ਦੀ ਅਗਾਊਂ ਜ਼ਮਾਨਤ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਪਰਿੰਦਰ ਸਿੰਘ ਦੀ ਅਦਾਲਤ ਨੇ ਰੱਦ ਕਰ ਦਿੱਤੀ। ਕੰਚਨਪ੍ਰੀਤ ਖ਼ਿਲਾਫ਼ ਗੈਰਕਾਨੂੰਨੀ ਤਰੀਕੇ ਨਾਲ ਭਾਰਤ 'ਚ ਦਾਖਲ ਹੋਣ ਦਾ ਮਜੀਠਾ ਥਾਣੇ 'ਚ ਮਾਮਲਾ ਦਰਜ ਕੀਤਾ ਗਿਆ ਸੀ। ਪੁਲਿਸ ਅਨੁਸਾਰ ਜਾਂਚ ਵਿਚ ਪਤਾ ਲੱਗਿਆ ਕਿ ਕੰਚਨਪ੍ਰੀਤ ਕੌਰ ਆਪਣੀ ਮਾਂ ਦੇ ਚੋਣ ਪ੍ਰਚਾਰ ਵਿੱਚ ਹਿੱਸਾ ਲੈਣ ਲਈ ਵਿਦੇਸ਼ ਤੋਂ ਭਾਰਤ ਵਾਪਸ ਆਈ ਸੀ। ਜਦੋਂ ਪੁਲਿਸ ਨੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਕੰਚਨਪ੍ਰੀਤ ਕੌਰ ਨੇ ਝੂਠੀ ਪਛਾਣ ਦੀ ਵਰਤੋਂ ਕਰ ਕੇ ਕਈ ਜਾਅਲੀ ਦਸਤਾਵੇਜ਼ ਤਿਆਰ ਕਰਵਾਏ ਹਨ।

# ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਨੂੰ ਖ਼ਤਰਾ, ਵਕੀਲ ਨੇ ਦੇ ਦਿੱਤੀ ਚੇਤਾਵਨੀ



ਇੱਕ ਚੋਟੀ ਦੇ ਭਾਰਤੀ-ਅਮਰੀਕੀ ਇਮੀਗ੍ਰੇਸ਼ਨ ਵਕੀਲ ਨੇ ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀਆਂ ਅਤੇ ਹੋਰ ਗੈਰ-ਪ੍ਰਵਾਸੀ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਫਿਲਹਾਲ ਅਮਰੀਕਾ ਤੋਂ ਬਾਹਰ ਯਾਤਰਾ ਨਾ ਕਰਨ। ਵਕੀਲ ਦਾ ਕਹਿਣਾ ਹੈ ਕਿ ਇਸ ਸਮੇਂ ਵਿਦੇਸ਼ ਯਾਤਰਾ ਕਰਨ ਲਈ ਗੈਰ-ਪ੍ਰਵਾਸੀ ਵੀਜ਼ਾ ਧਾਰਕਾਂ ਨੂੰ ਅਮਰੀਕਾ ਵਾਪਸ ਜਾਣ ਲਈ ਵੀਜ਼ਾ ਸਟੈਂਪਿੰਗ ਕਰਵਾਉਣ ਦੀ ਲੋੜ ਹੁੰਦੀ ਹੈ, ਜਿਸ ਨਾਲ ਬੇਲੋੜੀ ਦੇਰੀ ਅਤੇ ਪੇਚੀਦਗੀਆਂ ਪੈਦਾ ਹੋ ਸਕਦੀਆਂ ਹਨ।

ਇਮੀਗ੍ਰੇਸ਼ਨ ਮਾਹਿਰਾਂ ਦੇ ਅਨੁਸਾਰ, ਮੌਜੂਦਾ ਹਾਲਾਤਾਂ ਵਿੱਚ ਵੀਜ਼ਾ ਸਟੈਂਪਿੰਗ ਪ੍ਰਕਿਰਿਆ ਵਧੇਰੇ ਸਖ਼ਤ ਹੋ ਗਈ ਹੈ ਅਤੇ ਜਾਂਚ ਦਾ ਦਾਇਰਾ ਵੀ ਵਧਾ ਦਿੱਤਾ ਗਿਆ ਹੈ। ਇਸ ਲਈ, ਜੇਕਰ ਕੋਈ ਵਿਅਕਤੀ ਅਮਰੀਕਾ ਤੋਂ ਬਾਹਰ ਯਾਤਰਾ ਕਰਦਾ ਹੈ, ਤਾਂ ਉਸਨੂੰ ਵਾਧੂ ਪੁੱਛਗਿੱਛ, ਦਸਤਾਵੇਜ਼ ਬੇਨਤੀਆਂ, ਜਾਂ ਵੀਜ਼ਾ ਸਟੈਂਪਿੰਗ ਦੌਰਾਨ ਲੰਬੀ ਉਡੀਕ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜੋ ਉਹਨਾਂ ਦੇ ਰੁਜ਼ਗਾਰ ਅਤੇ ਕਾਨੂੰਨੀ ਸਥਿਤੀ ਨੂੰ ਪ੍ਰਭਾਵਤ ਕਰ ਸਕਦਾ ਹੈ। ਵਕੀਲ ਨੇ ਸੋਸ਼ਲ ਮੀਡੀਆ ਬਾਰੇ ਇੱਕ ਸਖ਼ਤ ਚੇਤਾਵਨੀ ਵੀ ਜਾਰੀ ਕੀਤੀ। ਉਸਨੇ ਕਿਹਾ ਕਿ ਗੈਰ-ਪ੍ਰਵਾਸੀ ਵੀਜ਼ਾ ਧਾਰਕਾਂ ਨੂੰ ਧਾਰਮਿਕ ਜਾਂ ਰਾਜਨੀਤਿਕ ਵਿਸ਼ਿਆਂ 'ਤੇ ਪੋਸਟ ਕਰਨ, ਟਿੱਪਣੀ ਕਰਨ ਜਾਂ ਜਾਣਕਾਰੀ ਸਾਂਝੀ ਕਰਨ ਤੋਂ ਬਚਣਾ ਚਾਹੀਦਾ ਹੈ। ਇਮੀਗ੍ਰੇਸ਼ਨ ਜਾਂਚ ਦੌਰਾਨ ਅਜਿਹੀਆਂ ਗਤੀਵਿਧੀਆਂ ਨੂੰ ਨਕਾਰਾਤਮਕ ਤੌਰ 'ਤੇ ਦੇਖਿਆ ਜਾ ਸਕਦਾ ਹੈ ਅਤੇ ਇਹ ਸਿੱਧੇ ਤੌਰ 'ਤੇ ਵੀਜ਼ਾ ਸਥਿਤੀ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਬਿਲਕੁਲ ਜ਼ਰੂਰੀ ਨਾ ਹੋਵੇ, ਸੰਯੁਕਤ ਰਾਜ ਤੋਂ ਬਾਹਰ ਯਾਤਰਾ ਕਰਨ ਤੋਂ ਬਚਣਾ ਅਤੇ ਸੋਸ਼ਲ ਮੀਡੀਆ 'ਤੇ ਬਹੁਤ ਸਾਵਧਾਨੀ ਵਰਤਣਾ ਸਿਆਣਪ ਹੈ।

ਉਨ੍ਹਾਂ ਗੈਰ-ਪ੍ਰਵਾਸੀਆਂ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਕਾਨੂੰਨੀ ਦਸਤਾਵੇਜ਼ਾਂ ਨੂੰ ਪੂਰੀ ਤਰ੍ਹਾਂ ਅਪਡੇਟ ਰੱਖਣ ਅਤੇ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਕਿਸੇ ਇਮੀਗ੍ਰੇਸ਼ਨ ਮਾਹਰ ਨਾਲ ਸਲਾਹ-ਮਸ਼ਵਰਾ ਕਰਨ।

# 15 ਪਿੰਡਾਂ 'ਚ ਔਰਤਾਂ ਲਈ ਸਮਾਰਟ ਫ਼ੋਨ ਵਰਤਣ 'ਤੇ ਲੱਗੀ ਪਾਬੰਦੀ



ਰਾਜਸਥਾਨ: ਰਾਜਸਥਾਨ ਦੇ ਜਾਲੋਰ ਜ਼ਿਲ੍ਹੇ ਦੀ ਇੱਕ ਪੰਚਾਇਤ ਨੇ ਇੱਕ ਅਜੀਬ ਫ਼ਰਮਾਨ ਜਾਰੀ ਕੀਤਾ ਹੈ। 26 ਜਨਵਰੀ ਤੋਂ 15 ਪਿੰਡਾਂ ਵਿੱਚ ਨੂੰਹਾਂ - ਧੀਆਂ ਲਈ ਕੈਮਰੇ ਵਾਲੇ ਫ਼ੋਨ ਵਰਤਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇੰਨਾ ਹੀ ਨਹੀਂ, ਉਨ੍ਹਾਂ ਨੂੰ ਜਨਤਕ ਇਕੱਠਾਂ ਜਾਂ ਗੁਆਂਢੀਆਂ ਦੇ ਘਰਾਂ ਵਿੱਚ ਫ਼ੋਨ ਲੈ ਕੇ ਜਾਣ ਦੀ ਵੀ ਮਨਾਹੀ ਹੋਵੇਗੀ। ਦਰਅਸਲ, ਐਤਵਾਰ ਨੂੰ ਗਾਜ਼ੀਪੁਰ ਪਿੰਡ ਵਿੱਚ ਜਲੌਰ ਜ਼ਿਲ੍ਹੇ ਦੇ ਸੁੰਧਾਮਾਤਾ ਪੱਟੀ ਦੇ ਚੌਧਰੀ ਭਾਈਚਾਰੇ ਦੀ ਮੀਟਿੰਗ ਹੋਈ। ਇਹ ਫੈਸਲਾ 14 ਪੱਟੀ ਦੇ ਪ੍ਰਧਾਨ ਸੁਜਾਨਰਾਮ ਚੌਧਰੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਬਰਾਦਰੀ ਦੀਆਂ ਧੀਆਂ-ਭੈਣਾਂ ਲਈ ਕੀਤਾ ਗਿਆ। ਫੈਸਲੇ ਅਨੁਸਾਰ ਔਰਤਾਂ ਸਮਾਰਟ ਫੋਨ ਦੀ ਬਜਾਏ ਕੀਪੈਡ ਫੋਨ ਦੀ ਵਰਤੋਂ ਕਰ ਸਕਣਗੀਆਂ। ਇਹ ਫੈਸਲਾ ਇਸ ਲਈ ਲਿਆ ਗਿਆ ਕਿਉਂਕਿ ਔਰਤਾਂ ਦੇ ਮੋਬਾਈਲ ਫੋਨਾਂ ਨੂੰ ਬੱਚੇ ਵਰਤਦੇ ਹਨ, ਅਤੇ ਇਸ ਨਾਲ ਅੱਖਾਂ ਨੂੰ ਨੁਕਸਾਨ ਹੋ ਸਕਦਾ ਹੈ। ਇਹ ਨਿਯਮ ਜਾਲੌਰ ਜ਼ਿਲ੍ਹੇ ਦੇ ਗਾਜੀਪੁਰਾ, ਪਵਾਲੀ, ਕਾਲੜਾ, ਮਨੋਜੀਆ ਵਾਸ, ਰਾਜੀਕਾਵਾਸ, ਦਾਤਲਾਵਾਸ, ਰਾਜਪੁਰਾ, ਕੋਡੀ, ਸਿਦਰੋੜੀ, ਅਲਦੀ, ਰੋਪਸੀ, ਖਾਨਦੇਵਾਲ, ਸਵਿਧਰ, ਭੀਨਮਾਲ ਦੇ ਹਥਮੀ ਕੀ ਢਾਣੀ ਅਤੇ ਖਾਨਪੁਰ ਵਿੱਚ ਲਾਗੂ ਹੋਣਗੇ। ਪੰਚ ਹਿੰਮਤਰਾਮ ਨੇ ਦੱਸਿਆ ਕਿ ਕਰਨੋਲ ਦੇ ਦੇਵਰਾਮ ਨੇ ਇਹ ਪ੍ਰਸਤਾਵ ਰੱਖਿਆ ਸੀ। ਵਿਚਾਰ-ਵਟਾਂਦਰੇ ਤੋਂ ਬਾਅਦ, ਸਾਰੇ ਪੰਚਾਂ ਅਤੇ ਲੋਕਾਂ ਨੇ ਫੈਸਲਾ ਕੀਤਾ ਕਿ 15 ਪਿੰਡਾਂ ਦੀਆਂ ਨੂੰਹਾਂ- ਧੀਆਂ ਕੋਲ ਫ਼ੋਨ ਕਾਲਾਂ ਲਈ ਕੀਪੈਡ ਫ਼ੋਨ ਹੋਣਗੇ। ਇਸ ਤੋਂ ਇਲਾਵਾ, ਜੇਕਰ ਪੜ੍ਹਾਈ ਕਰ ਰਹੀਆਂ ਕੁੜੀਆਂ ਲਈ ਮੋਬਾਈਲ ਫ਼ੋਨ ਰੱਖਣਾ ਜ਼ਰੂਰੀ ਹੋ ਜਾਂਦਾ ਹੈ, ਤਾਂ ਉਹ ਘਰ ਬੈਠੇ ਹੀ ਪੜ੍ਹਾਈ ਕਰਨਗੀਆਂ। ਇਸਦਾ ਮਤਲਬ ਹੈ ਕਿ ਉਹ ਘਰ ਬੈਠੇ ਹੀ ਮੋਬਾਈਲ ਫ਼ੋਨ ਦੀ ਵਰਤੋਂ ਕਰ ਸਕਣਗੀਆਂ ਪਰ ਘਰ ਤੋਂ ਬਾਹਰ ਮੋਬਾਈਲ ਵਰਤੋਂ ਤੇ ਪਾਬੰਦੀ ਰਹੇਗੀ। ਵਿਆਹਾਂ, ਸਮਾਜਿਕ ਸਮਾਗਮਾਂ ਜਾਂ ਗੁਆਂਢੀਆਂ ਦੇ ਘਰਾਂ ਵਿੱਚ ਵੀ ਮੋਬਾਈਲ ਫੋਨ ਨਹੀਂ ਲਿਜਾਇਆ ਜਾ ਸਕੇਗਾ। ਪ੍ਰਧਾਨ ਸੁਜਾਨਾਰਾਮ ਨੇ ਕਿਹਾ ਕਿ ਐਤਵਾਰ ਨੂੰ ਹੋਈ ਇਸ ਮੀਟਿੰਗ ਵਿੱਚ ਮੋਬਾਈਲ ਫੋਨ ਦੀ ਵਰਤੋਂ ਸੰਬੰਧੀ ਨਿਯਮ ਲਾਗੂ ਕੀਤੇ ਗਏ ਹਨ।

# ਸਿੱਖਾਂ ਦੇ ਸਮਰਥਨ 'ਚ ਆਏ ਕੌਂਸਲਰ ਡੈਨੀਅਲ

## ਕਿਹਾ, ਮੈਂ ਅਗਲੇ ਸਾਲ ਨਗਰ ਕੀਰਤਨ 'ਚ ਜ਼ਰੂਰ ਸ਼ਾਮਲ ਹੋਵਾਂਗਾ

## "ਨਗਰ ਕੀਰਤਨ ਦਾ ਰਸਤਾ ਰੋਕਣਾ ਮੰਦਭਾਗਾ"



ਔਕਲੈਂਡ : ਕੌਂਸਲਰ ਡੈਨੀਅਲ ਨਿਊਮੈਨ ਨਿਊਜ਼ੀਲੈਂਡ ਦੇ ਇਕ ਉੱਘੇ ਸਿਆਸਤਦਾਨ ਹਨ, ਜੋ ਵਰਤਮਾਨ ਵਿਚ 'ਮਨੁਰੇਵਾ-ਪਾਪਾਕੁਰਾ ਵਾਰਡ' ਲਈ ਔਕਲੈਂਡ ਕੌਂਸਲਰ ਵਜੋਂ ਸੇਵਾ ਨਿਭਾ ਰਹੇ ਹਨ। ਇਸੇ ਹਲਕੇ ਵਿਚ ਨਗਰ ਕੀਰਤਨ ਦੌਰਾਨ ਇਕ ਨਸਲਵਾਦੀ ਟਿਪਣੀਆਂ ਕਰਨ ਵਾਲੇ ਗਰੁਪ ਵਲੋਂ ਵਿਘਨ ਪਾਇਆ ਗਿਆ। ਇਸ ਸਬੰਧ 'ਚ ਉਨ੍ਹਾਂ ਅਪਣਾ ਪ੍ਰਤੀਕਰਮ ਜਾਰੀ ਕੀਤਾ ਹੈ।

ਉਨ੍ਹਾਂ ਕਿਹਾ, "ਮੈਂ ਔਕਲੈਂਡ ਦੀ ਸਿੱਖ ਕਮਿਊਨਿਟੀ ਵਲੋਂ ਇਸ ਹਫ਼ਤੇ ਸ਼ੁਰੂ ਕੀਤਾ ਗਿਆ ਨਗਰ ਕੀਰਤਨ ਦੇਖ ਕੇ ਅਪਣਾ ਮਾਣ ਪ੍ਰਗਟ ਕਰਨਾ ਚਾਹੁੰਦਾ ਹਾਂ। ਇਹ ਸ਼ਾਂਤਮਈ ਨਗਰ ਕੀਰਤਨ ਮੇਰੇ ਸਿੱਖ ਭਾਈਚਾਰੇ ਨੂੰ ਅਪਣੇ ਪਵਿੱਤਰ ਗ੍ਰੰਥ ਦੀ ਸੰਗਤ ਕਰਨ ਦਾ ਮੌਕਾ ਦਿੰਦਾ ਹੈ, ਜਿਸ ਨੂੰ ਮੇਰੀ ਸਮਝ ਅਨੁਸਾਰ ਗੁਰਦੁਆਰਾ ਨਾਨਕਸਰ ਨਿਊਜ਼ੀਲੈਂਡ ਵਾਪਸ ਲਿਆਂਦਾ ਜਾ ਰਿਹਾ ਸੀ, ਇਕ ਅਜਿਹਾ ਸਥਾਨ ਜੋ ਅਰਦਾਸ ਦਾ ਵੀ ਕੇਂਦਰ ਹੈ ਅਤੇ ਲੰਗਰ ਤੇ ਸਾਂਝ-ਸਾਂਝੇਦਾਰੀ ਦਾ ਵੀ ਹੈ।

ਇਸ ਨਾਲ ਹੀ, ਮੈਂ ਉਨ੍ਹਾਂ 'ਦੇਸ਼ਭਗਤਾਂ' ਪ੍ਰਤੀ ਅਪਣੀ ਗਹਿਰੀ ਨਿਰਾਸ਼ਾ ਵੀ ਪ੍ਰਗਟ ਕਰਦਾ ਹਾਂ ਜਿਨ੍ਹਾਂ ਨੇ ਨਗਰ ਕੀਰਤਨ ਦਾ ਰਸਤਾ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਵਿਰੋਧੀ ਨਾਹਰਿਆਂ ਵਾਲੀਆਂ ਟੀ-ਸ਼ਰਟਾਂ ਪਾ ਕੇ ਰਸਤਾ ਰੋਕਿਆ।" ਨਿਊਜ਼ੀਲੈਂਡ ਬਿਲ ਆਫ਼ ਰਾਈਟਸ ਐਕਟ ਦੀ ਧਾਰਾ 15 ਇਹ ਘੋਸ਼ਿਤ ਕਰਦੀ ਹੈ ਕਿ ਹਰ ਵਿਅਕਤੀ ਨੂੰ ਅਪਣੇ ਧਰਮ ਜਾਂ ਵਿਸ਼ਵਾਸ ਨੂੰ ਰੀਤ-ਰਿਵਾਜ, ਅਭਿਆਸ ਜਾਂ ਸਿਖਿਆ ਰਾਹੀਂ ਪ੍ਰਗਟ ਕਰਨ ਦਾ ਅਧਿਕਾਰ ਹੈ। ਚਾਹੇ ਇਕੱਲੇ ਜਾਂ ਹੋਰਾਂ ਨਾਲ ਮਿਲ ਕੇ ਕੀਤਾ ਜਾਵੇ। ਉਸ ਅਨੁਸਾਰ, ਸਿੱਖ ਭਾਈਚਾਰੇ ਨੇ ਅਪਣਾ ਨਗਰ ਕੀਰਤਨ ਯੋਜਨਾ ਅਨੁਸਾਰ ਕੀਤਾ ਅਤੇ ਤੈਅ ਕੀਤੇ ਰਸਤੇ 'ਤੇ ਕਾਇਮ ਰਹੇ ਅਤੇ ਉਹ ਨੌਜਵਾਨ ਜਿਨ੍ਹਾਂ ਨੇ ਉਹ ਟੀ-ਸ਼ਰਟਾਂ ਪਾਈਆਂ ਹੋਈਆਂ ਸਨ ਉਨ੍ਹਾਂ ਨੂੰ ਵੀ ਅਪਣੀ ਰਾਏ ਰੱਖਣ ਦਾ ਅਧਿਕਾਰ ਹੈ। ਪਰ ਇਥੇ ਸੰਦਰਭ ਨੂੰ ਸਮਝਣਾ ਜ਼ਰੂਰੀ ਹੈ। ਸਾਡੀ ਸਿੱਖ ਕਮਿਊਨਿਟੀ, ਇਸ ਦੇਸ਼ ਦੀ ਹੋਰ ਕਮਿਊਨਿਟੀ ਵਾਂਗ, ਅਪਣੀਆਂ ਜੜ੍ਹਾਂ ਨਿਊਜ਼ੀਲੈਂਡ ਤੋਂ ਬਾਹਰ ਕਿਤੇ ਨਾ ਕਿਤੇ ਨਾਲ ਜੋੜ ਸਕਦੀ ਹੈ। ਇਸ ਮਾਮਲੇ ਵਿਚ, ਪਹਿਲੇ ਪੰਜਾਬੀ ਪ੍ਰਵਾਸੀ 1890 ਵਿਚ ਨਿਊਜ਼ੀਲੈਂਡ ਆਏ ਸਨ ਅਤੇ ਉਦੋਂ ਤੋਂ ਲਗਾਤਾਰ ਆ ਰਹੇ ਹਨ। ਮੈਂ ਨਿਊਜ਼ੀਲੈਂਡ ਅਤੇ ਭਾਰਤ ਦੇ ਰਿਸ਼ਤੇ ਦੀ ਭੂਮਿਕਾ ਅਤੇ ਵਿਰਾਸਤ ਲਈ ਬਹੁਤ ਧਨਵਾਦੀ ਹਾਂ। ਉਨ੍ਹਾਂ ਕਿਹਾ, "ਮੈਂ ਕੋਸ਼ਿਸ਼ ਕਰਾਂਗਾ ਕਿ ਅਪਣੀ ਡਾਇਰੀ ਵਿਚ ਸਮਾਂ ਕੱਢ ਕੇ ਅਗਲਾ ਨਗਰ ਕੀਰਤਨ, ਜੋ ਮੈਨੁਰੇਵਾ ਵਿਚ ਹੋਵੇਗਾ, ਉਸ ਵਿਚ ਸ਼ਾਮਲ ਹੋ ਸਕਾਂ।"

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
NUTRA SELECT
100% NATURAL PRODUCT
PRODUCT OF CANADA
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market
20 Red Maple Dr.
Brampton
Indian Food Land
45 Dusk Drive,
Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders; so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ
To Contact Us:
Editor:
Simrat Grewal
905-673-7666
Marketing Director:
Lakhwinder Singh Sandhu
647-400-7314
Senior Advisors:
Harkirat Singh
Abnash Nijjar
Davinder Sandhu
Onkar Grewal
Technical Director :
Bobby Bhamra
Accounts Advisor:
Sandeep Assi (CGA)
905-450-8999
Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)
Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611
website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

# "ਬੰਦ ਬੰਦ" ਪੰਜਾਬੀ ਸੱਭਿਆਚਾਰ ਨੂੰ ਮੁਖਾਤਬ ਗ਼ਜ਼ਲਗੋ ਭੂਪਿੰਦਰ ਦੂਲੇ

ਇਨ੍ਹਾਂ ਵਿੱਚ ਜੋਸ਼ ਹੈ, ਜ਼ਿੰਦਾ ਦਿਲੀ, ਜਜ਼ਬਾ ਹੈ, ਜੁਰਅਤ ਹੈ
ਦਬੇ ਨੇ ਬਰਫ ਹੇਠਾਂ ਹਰਫ਼ ਮੇਰੇ ਪਰ ਹਠੀਲੇ ਨੇ ਪੰਨਾ 34

ਭੂਪਿੰਦਰ ਦੂਲੇ ਪ੍ਰਸਿੱਧ ਗ਼ਜ਼ਲਗੋ ਡਾ. ਰਣਧੀਰ ਸਿੰਘ ਚੰਦ ਦਾ ਫ਼ਰਜ਼ੰਦ ਹੈ। ਪੰਜਾਬੀ ਅਤੇ ਸੰਗੀਤ ਦੀ ਐਮ. ਏ. ਹੈ। ਬਹੁਤ ਸਾਲਾਂ ਤੋਂ ਕਨੇਡਾ ਰਹਿ ਰਿਹਾ ਹੈ। ਕਈ ਸਾਲ ਰੇਡੀਓ ਟੀ. ਵੀ. ਹੋਸਟ ਵੀ ਰਹਿ ਚੁੱਕਾ ਹੈ। ਇਸ ਕੰਮ ਨਾਲ ਰੋਟੀ ਤਾਂ ਤੁਰਦੀ ਹੈ ਜੇ ਸਪੌਂਸਰ ਲੱਭ ਕੇ ਮਾਇਆ ਇਕੱਠੀ ਕਰਨੀ ਵੀ ਆਉਂਦੀ ਹੋਵੇ। ਉਹ ਇਕ ਵੱਖਰੇ ਟਰੇਡ ਵਿੱਚ ਆ ਕੇ ਆਪਣਾ ਘਰ ਚਲਾਉਂਦਾ ਹੈ ਪਰ ਸਾਹਿਤ ਦੀ ਪੂਰੀ ਮੱਸ ਰੱਖਦਾ ਹੈ। ਉਹ ਪੰਜਾਬੀ ਗ਼ਜ਼ਲ ਮਿੱਥ ਕੇ ਲਿਖਦਾ ਅਤੇ ਵਧੀਆ ਲਿਖਦਾ ਹੈ। ਬੰਦ ਬੰਦ ਉਸਦਾ ਦੂਸਰਾ ਗ਼ਜ਼ਲ ਸੰਗ੍ਰਹਿ ਹੈ। ਜਿਸਦੇ ਦੂਸਰੇ ਐਡੀਸ਼ਨ ਵਿੱਚ ਦਰਜ ਗ਼ਜ਼ਲਾਂ ਦੇ ਅਧਾਰ ਤੇ ਗੱਲ ਕੀਤੀ ਜਾ ਰਹੀ ਹੈ। ਉਹ ਗ਼ਜ਼ਲ ਕਲਾ ਦੀਆਂ ਬਰੀਕੀਆਂ ਤੋਂ ਬਾਖ਼ੂਬੀ ਵਾਕਫ਼ ਹੈ। ਇਹ ਸਮਝ ਉਸਨੂੰ ਆਪਣੇ ਪਿਤਾ ਡਾ. ਰਣਧੀਰ ਸਿੰਘ ਚੰਦ ਤੋਂ ਵਿਰਸੇ ਵਿੱਚ ਮਿਲੀ ਹੈ ਅਤੇ ਉਸਨੇ ਮਿਹਨਤ ਵੀ ਬਹੁਤ ਕੀਤੀ ਹੈ। ਉਸਦੀ ਕਾਵਿਕ ਸਿਰਜਣਾਤਮਕ ਪਹੁੰਚ ਬੜੀ ਉੱਚੀ ਹੈ। ਉਸਦੀ ਸ਼ਾਇਰੀ ਦੀ ਉੱਚੀ ਉਡਾਰੀ ਉਸਨੂੰ ਸਦਾ ਸਰੋਤਿਆਂ ਪਾਠਕਾਂ ਦੀ ਸਿਮਰਤੀ ਵਿੱਚ ਰੱਖੇਗੀ।

ਬ੍ਰਹਿਮੰਡ ਨੂੰ ਜੋ ਸਿਰਜੇ, ਪੁਸਤਕ 'ਚ ਬੰਦ ਹੋ ਜਾ
ਤੈਨੂੰ ਹਰ ਘੜੀ ਪੜ੍ਹਾਂ ਮੈਂ, ਤੂੰ ਇਲਾਹੀ ਛੰਦ ਹੋ ਜਾ
ਇਹ ਮਹਿਲ , ਇਹ ਮੁਨਾਰੇ, ਤੇਰੇ ਪੈਰੀਂ ਡਿੱਗਣੇ ਸਾਰੇ
ਜਾਂ ਚਰਖੜੀ 'ਤੇ ਚੜ੍ਹ ਜਾਹ, ਜਾ ਬੰਦ ਬੰਦ ਹੋ ਜਾ ਪੰਨਾ 10
ਆਪੋ ਆਪਣੀ ਪਹੁੰਚ, ਆਪੋ ਆਪਣਾ ਮੁਕਾਮ
ਮਰਨ ਪਿਛੋਂ ਵੀ ਸ਼ਾਇਰ ਤਾਂ ਜੀਵਤ ਰਹੇ ਪੰਨਾ 17

ਵੇਦ ਗ੍ਰੰਥ ਗੀਤਾ ਕੁਰਾਨ ਸਭ ਸ਼ਾਇਰੀ ਵਿੱਚ ਰਚਿਤ ਹਨ ਜਿੰਨਾਂ ਦੀ ਪੂਜਾ ਹੁੰਦੀ ਹੈ। ਇਸ ਲਈ ਕਾਵਿਕ ਅੰਦਾਜ਼ ਅਲੱਗ ਹੋਵੇ ਅਤੇ ਨਵੀਂ ਕਾਵਿ ਭਾਸ਼ਾ ਸਿਰਜ ਕੇ ਕਵੀ ਆਪਣੀ ਗੱਲ ਕਹੇ ਤਾਂ ਸਾਲਾਂ ਤੱਕ ਜੀਵਤ ਰਹਿ ਸਕਦਾ ਹੈ। ਉੱਚੀ ਕਾਵਿਕ ਉਡਾਰੀ ਗਹਿਰ ਗੰਭੀਰ ਅਧਿਐਨ ਮੰਗਦੀ ਹੈ। ਸ਼ਾਇਰੀ ਸਾਧਨਾ ਮੰਗਦੀ ਹੈ ਤਾਂ ਹੀ ਇਬਾਦਤ ਦੇ ਯੋਗ ਬਣਦੀ ਹੈ।

ਚੰਦ ਸੂਰਜ ਗਗਨ ਧਰਤ ਸਾਗਰ ਪਵਨ
ਅਜਲ ਤੋਂ ਸ਼ਾਇਰੀ ਦੀ ਇਬਾਦਤ ਰਹੇ ਪੰਨਾ 17

ਪਰ ਕੋਈ ਵੀ ਕਾਵਿ ਰਚਨਾ ਇਬਾਦਤ ਤਾਂ ਹੀ ਬਣ ਸਕਦੀ ਹੈ ਜੇ ਸ਼ਾਇਰ ਦੀ ਸੋਚ ਉੱਚੀ ਸੁੱਚੀ ਤੇ ਇਮਾਨਦਾਰੀ ਹੋਵੇ। ਚੰਚਲਤਾ ਤੇ ਲੱਚਰ ਸੋਚ ਤੋਂ ਦੂਰ ਰਹੇ। ਐਸੇ ਸਿੱਖਿਆ ਦਾਇਕ ਭਾਵ ਵੀ ਉਹ ਸੰਜੀਦਾ ਸ਼ਬਦਾਂ ਨਾਲ ਪੇਸ਼ ਨਾਲ ਕਰਦਾ ਹੈ। ਉਸਦਾ ਮੰਨਣਾ ਹੈ ਕਿ ਗ਼ਜ਼ਲਗੋ ਇਕੱਲਾ ਅਰੂਜ਼ ਦਾ ਹੀ ਪੱਕਾ ਨਾ ਹੋਵੇ ਉਸਦਾ ਸੰਵੇਦਨਾਸ਼ੀਲ ਹੋਣਾ ਵੀ ਬਹੁਤ ਜ਼ਰੂਰੀ ਹੈ। ਤੁਕਬੰਦੀ ਤਾਂ ਹਰ ਕੋਈ ਕਰੀ ਜਾ ਰਿਹਾ ਹੈ। ਐਸੇ ਸ਼ਿਅਰ ਦਿਲ ਨੂੰ ਧੂਹ ਨਹੀਂ ਪਾਉਂਦੇ । ਗ਼ਜ਼ਲ ਆਪਣੇ ਖ਼ੂਨ ਵਿੱਚ ਡਬੋ ਕਿ ਲਿਖਣੀ ਪੈਂਦੀ ਹੈ। ਮਿਰਜ਼ਾ ਗਾਲਿਬ ਦਾ ਇਕ ਸ਼ਿਅਰ ਹੈ, " ਰਗੋਂ ਮੇਂ ਦੌੜਦੇ ਫਿਰਨੇ ਕੇ ਹਮ ਨਹੀਂ ਕਾਇਲ, ਜਬ ਆਂਖ ਸੇ ਹੀ ਨਾ ਟਪਕਾ ਵੋ ਲਹੂ ਕਿਆ ਹੈ। " ਐਸੀ ਗ਼ਜ਼ਲ ਸਦੀਆਂ ਤੱਕ ਯਾਦ ਰੱਖੀ ਜਾਂਦੀ ਹੈ।

ਚੰਚਲ ਜਿਹੇ ਚਾਵਾਂ ਤੋਂ, ਦਿਲ ਦੇ ਸਹਿਰਾਵਾਂ ਤੋਂ
ਚੰਗਾ ਹੋਵੇ ਜੇਕਰ ਬਸ ਦੂਰ ਰਹੇ ਦਾਨਿਸ਼ ਪੰਨਾ 39
ਚੀਖ ਨੂੰ ਜੁ ਬਹਿਰ ਅੰਦਰ ਬੰਨ੍ਹ ਸਕੇਂ ਤਾਂ ਬੰਨ ਫਿਰ

ਗੂੰਗਿਆਂ ਹੋਠਾਂ ਦੇ ਅੱਖਰ, ਲਿਖ ਸਕੇਂ ਤਾਂ ਲਿਖ ਕਦੀ
ਤੂੰ ਅਰੂਜ਼ੀ ਵੀ, ਰਦੀਫ਼ੀ ਵੀ, ਮਗਰ ਤੁਕਬੰਦ ਕਿਉਂ
ਦਰਦ ਜੀਵਨ ਦਾ ਰਤਾ ਭਰ, ਲਿਖ ਸਕੇਂ ਤਾਂ ਲਿਖ ਕਦੀ ਪੰਨਾ 103
ਮਸ਼ਾਲਾਂ ਵਾਂਗ ਬਲਨਾ ਦੀਵਿਆਂ ਦੀ ਲਾਟ ਥੀਂ ਲੰਘਣਾ
ਮਿਲੇਗਾ ਨੂਰ ਜੋ ਗ਼ਜ਼ਲਾਂ 'ਚ ਭਰ-ਭਰ ਲਿਖਦਿਆਂ ਰਹਿਣਾ ਪੰਨਾ 21

ਉਸਦੀ ਕਾਵਿ ਪੁਸਤਕ ਦਾ ਨਾਮ ਹੈ " ਬੰਦ ਬੰਦ " । ਬੰਦ ਇਕ ਬਹੁ ਅਰਥੀ ਸ਼ਬਦ ਹੈ ਜਿਵੇਂ ਔਰਤਾਂ ਦੀਆਂ ਬਾਂਹਵਾਂ ਵਿੱਚ ਪਾਉਣ ਵਾਲਾ ਡੇਢ ਕੁ ਇੰਚ ਚੌੜਾ ਬਣਿਆ ਕੜੇ ਵਰਗਾ ਇਕ ਗਹਿਣਾ ਜਿਸਨੂੰ ਬਾਜੂਬੰਦ ਵੀ ਆਖਦੇ ਹਨ। ਬੰਦ ਦਾ ਅਰਥ ਬੰਨਿਆਂ, ਢੱਕਿਆ, ਭੀੜਿਆਂ, ਢੋਇਆ, ਮੀਟਿਆ, ਜਿਸਨੂੰ ਖੋਲਣਾ ਪਵੇ, ਰੁਕਾਵਟ ਜਿਵੇਂ ਅੱਜ ਪੰਜਾਬ ਬੰਦ ਹੈ, ਵਰਜਣਾ ਆਦਿ ਇਸ ਦੇ ਸ਼ਾਬਦਿਕ ਅਰਥ ਹੋ ਸਕਦੇ ਹਨ। ਉਸ ਨੇ ਆਪਣੇ ਸ਼ਿਅਰਾਂ ਨੂੰ ਇਸ ਤਰਾਂ ਬੰਨਿਆਂ ਹੈ ਕਿ ਉਹਨਾਂ ਨੂੰ ਖੋਲਣ ਤੇ ਬਹੁ-ਪਰਤੀ ਅਰਥ ਸਾਹਮਣੇ ਖੁੱਲਣ ਲੱਗਦੇ ਹਨ। ਉਸ ਨੇ ਆਪਣੀਆਂ ਗ਼ਜ਼ਲਾਂ ਵਿੱਚ ਇਕੋ ਹੀ ਸ਼ਬਦ ਨੂੰ ਦੋ ਵਾਰ ਲੈ ਕੇ ਕਾਫ਼ੀਆ ਬੰਨਿਆਂ ਹੈ ਜਿਵੇਂ :

ਏਸ ਦਰਿਆ ਦੀ ਇਹ ਜੋ ਹੈ ਕਲ ਕਲ
ਦਿਲ ਦੇ ਸਹਿਰਾ ਨੂੰ ਲੰਘਦੀ ਹੈ ਛਲ ਛਲ ਪੰਨਾ 29
ਮੈਨੂੰ ਮਿਲੀ ਹੈ ਨਿਅਮਤ, ਏਨੀ ਹੁਸੀਨ ਕੁਦਰਤ
ਚਾਹਾਂ ਦੀਦਾਰ ਕਰਨਾ, ਮੈਂ ਮੰਗ ਮੰਗ ਤੇਰਾ ਪੰਨਾ 41

ਕੁਦਰਤ ਸਦੀਆਂ ਸ਼ਾਇਰਾਂ ਨੂੰ ਆਪਣੇ ਮਨਮੋਹਕ ਰੂਪ, ਰੰਗ ਅਤੇ ਸੁਹੱਪਣ ਨਾਲ ਆਪਣੇ ਨਾਲ ਜੋੜਦੀ ਰਹੀ ਹੈ। ਗੁਰਬਾਣੀ ਵਿੱਚ ਵੀ ਕੁਦਰਤ ਦਾ ਭਰਪੂਰ ਵਰਨਣ ਹੈ। ਵਿਲੀਅਮ ਵਰਡਜ਼ਵਰਥ ਅਤੇ ਭਾਈ ਵੀਰ ਸਿੰਘ ਤੋਂ ਲੈ ਕੇ ਅੱਜ ਤੱਕ ਹਰ ਕਵੀ ਨੇ ਕੁਦਰਤ ਬਾਰੇ ਕਿਸੇ ਨਾ ਕਿਸੇ ਰੂਪ ਵਿੱਚ ਕਾਵਿਕ ਰਚਨਾ ਕੀਤੀ ਹੈ। ਭੂਪਿੰਦਰ ਨੇ ਵੀ ਇਸ ਵਿਸ਼ੇ ਤੇ ਆਪਣੀ ਕਲਮ ਅਜ਼ਮਾਈ ਕੀਤੀ ਹੈ:

ਇਹ ਕਿਸ ਨੇ ਆਗੰਣ 'ਚ ਪੈਰ ਧਰਿਆ, ਚੁਫੇਰ ਚਾਨਣ ਦੇ ਨਾਲ ਭਰਿਆ,
ਗ਼ਜ਼ਲ ਫ਼ਿਜ਼ਾ ਬਰੂਹੀਂ ਤਰੇਲ ਚੋਵੇ, ਬਹਾਰ ਕਰਦੀ ਸ਼ਗਨ ਹੈ ਤਾਂ ਹੀ ਪੰਨਾ 18

ਰਿਸ਼ਤੇ ਨਾਤੇ ਸਾਡੇ ਸਮਾਜ ਅਤੇ ਪਰਿਵਾਰ ਵਿੱਚ ਵਿਚਰਨ ਲਈ ਮਹੱਤਵਪੂਰਨ ਹਿੱਸਾ ਹਨ। ਕਿਸੇ ਵੀ ਸ਼ਾਇਰ ਦੇ ਜੀਵਨ ਦਾ ਸਮਤੋਲ ਰਿਸ਼ਤਿਆਂ ਦੀ ਮੌਜੂਦਗੀ ਨਾਲ ਬਣਦਾ ਹੈ। ਜੇ ਕਿਸੇ ਵੀ ਸਨਬੰਧ ਖਾਸ ਤੌਰ ਤੇ ਪਿਆਰ ਵਾਲੇ ਰਿਸ਼ਤੇ ਵਿੱਚ ਵਿਗਾੜ ਪੈ ਜਾਵੇ ਤਾਂ ਸ਼ਾਇਰ ਦੀ ਜ਼ਿੰਦਗੀ ਦੇ ਨਾਲ ਉਸਦੀ ਸ਼ਾਇਰੀ ਵੀ ਪ੍ਰਭਾਵਿਤ ਹੁੰਦੀ ਹੈ। ਭੁਪਿੰਦਰ ਨੇ ਮਾਂ, ਦਾਦੀ, ਪਿਤਾ, ਪੁੱਤਰ ਅਤੇ ਖਾਸ ਤੌਰ ਤੇ ਧੀਆਂ ਨਾਲ ਵੀ ਸੰਵਾਦ ਪੈਦਾ ਕੀਤਾ ਅਤੇ ਖ਼ੂਬਸੂਰਤ ਸ਼ਿਅਰ ਕਹੇ ਹਨ:

ਨਿੱਘ ਦੀ ਥਾਂ ਸੇਕ ਹੀ ਮਿਲਿਆ ਸਦਾ ਮਮਤਾ ਨੂੰ ਪਰ
ਮੰਗਦੀ ਮਾਂ ਹੈ ਦੁਆਵਾਂ ਹਰ ਘਰੇ ਦੀਵੇ ਲਈ ਪੰਨਾ 20
ਚੁੱਪ ਹੈ ਸੁਰਤਾਲ, ਗੁੰਮ ਹੈ ਰੋਸ਼ਨੀ ਦਾ ਗ਼ਜ਼ਲਗੋ
ਭਾਲਦੇ ਫਿਰਦੇ ਨੇ ਮੈਨੂੰ ਉਹ ਦਿਨੇ ਦੀਵੇ ਲਈ

ਭੂ ਹੇਰਵਾ ਉਸ ਦੀ ਸ਼ਾਇਰੀ ਵਿੱਚ ਸਾਫ਼ ਝਲਕਦਾ ਹੈ। ਹਾਲਾਂਕਿ ਕਨੇਡਾ ਰਹਿੰਦਿਆਂ ਉਸ ਨੂੰ ਤਿੰਨ ਦਹਾਕੇ ਹੋ ਗਏ ਹਨ। ਪਿੰਡ ਦੀ ਸੱਥ, ਯਾਰਾਂ ਦੀ ਢਾਣੀ, ਤ੍ਰਿੰਜਣ ਦੀ ਰੌਣਕ, ਵਿਆਹਵਾਂ ਦੇ ਚਾਅ, ਮਲ੍ਹਾਰ ਤੇ ਸ਼ਗਨ ਉਸਦੇ ਚੇਤਿਆਂ ਵਿੱਚ ਵੱਸੇ ਹੋਏ ਹਨ। ਉਹ ਸਾਲ ਦੋ ਸਾਲ ਪਿੰਡ ਗੇੜਾ ਵੀ ਮਾਰ ਆਉਂਦਾ ਹੈ। ਇਹ ਉਸਦਾ ਆਪਣੇ ਜੰਮਣ ਭੋਂਹ ਪ੍ਰਤੀ ਗਹਿਰਾ ਮੋਹ ਹੈ।

ਸੱਥ ਨਾ ਢਾਣੀ ਤ੍ਰਿੰਝਣ ਨਾ ਸ਼ਗਨ
ਕਿੰਨਾ ਸੁੰਨਾ ਹੋ ਗਿਆ ਪਰਬਾਤਪੁਰ

ਤਾਰਿਆਂ ਦੀ ਰਾਤ ਨਾ ਦਾਦੀ ਦੀ ਗੋਦ
ਬਾਤ ਵਿਚੇ ਛੱਡ ਗਈ ਗੁਰਬਚਨ ਕੁਰ ਪੰਨਾ 40

ਪੰਕਜ ਉਦਾਸ ਦਾ ਗਾਇਆ ਤੇ ਅਨੰਦ ਬਖਸ਼ੀ ਦਾ ਲਿਖਿਆ ਗੀਤ 'ਚਿੱਠੀ ਆਈ ਹੈ' ਨੇ ਉਸਨੂੰ ਵੱਡਾ ਗਾਇਕ ਬਣਾ ਦਿੱਤਾ ਸੀ। ਡਾ. ਸੁਰਜੀਤ ਪਾਤਰ ਦੀ ਗ਼ਜ਼ਲ" ਖ਼ਤਾਂ ਦੀ ਉਡੀਕ' ਅਭੁੱਲ ਰਚਨਾ ਹੈ। ਖ਼ਤ ਪੱਤਰ ਲਿਖਣ ਦਾ ਇਕ ਆਪਣਾ ਦੌਰ ਹੁੰਦਾ ਸੀ। ਉਸਦੀ ਵੱਖਰੀ ਮਹਾਨਤਾ ਤੇ ਵਿਸ਼ੇਸ਼ਤਾ ਰਹੀ ਹੈ। ਜਵਾਹਰ ਲਾਲ ਨਹਿਰੂ ਜੀ ਨੇ ਵੀ ਇੰਦਰਾ ਗਾਂਧੀ ਨੂੰ ਖ਼ਤ ਲਿਖੇ ਜੋ ਬਾਅਦ ਵਿੱਚ ਇਕ ਪੁਸਤਕ ਰੂਪ ਵਿੱਚ ਮਿਲਦੇ ਹਨ," ਲੈਟਰਜ਼ ਫਰਾਮ ਏ ਫਾਦਰ ਟੂ ਹਿਜ ਡਾਟਰ – ਇਕ ਪਿਤਾ ਤੋਂ ਉਸਦੀ ਧੀ ਨੂੰ ਚਿੱਠੀਆਂ'। ਕਈ ਪੰਜਾਬੀ ਹਿੰਦੀ ,ਉਰਦੂ ਅਤੇ ਅੰਗਰੇਜ਼ੀ ਦੇ ਲੇਖਕਾਂ ਨੇ ਖ਼ਤ ਲਿਖਣ ਦੀ ਵਿਧੀ ਰਾਹੀਂ ਆਪਣੇ ਨਾਵਲ ਜਾਂ ਜੀਵਨ ਕਥਾਵਾਂ ਲਿਖੀਆਂ ਹਨ ਜੋ ਬਹੁਤ ਪ੍ਰਭਾਵਸ਼ਾਲੀ ਮੰਨੀਆਂ ਜਾਂਦੀਆਂ ਹਨ। ਖ਼ਤ ਲਿਖਣਾ, ਪਾਉਣਾ, ਡਾਕੀਏ ਨੂੰ ਉਡੀਕਣਾ, ਖ਼ਤ ਪੜ੍ਹਨਾ ਤੇ ਵਾਰ ਵਾਰ ਪੜ੍ਹਨਾ ਸਾਡੇ ਸਮਾਜ ਦਾ ਇਕ ਮਹੱਤਵ ਪੂਰਣ ਇਤਿਹਾਸਕ ਅੰਗ ਰਿਹਾ ਹੈ। ਇਸ ਪ੍ਰਕ੍ਰਿਆ ਵਿੱਚ ਲੋਕ ਨਾ ਸਿਰਫ ਖ਼ਤ ਪੜ੍ਹਦੇ ਸਨ ਬਲਕਿ ਲਿਖਣ ਵਾਲੇ ਦਾ ਚਿਹਰਾ ਮੁਹਰਾ ਵੀ ਆਪਣੀ ਕਲਪਨਾ ਵਿੱਚ ਨਿਹਾਰਦੇ ਸਨ :

ਤੁਹਾਡੇ ਹਰਫ ਉਹ ਚੁੰਮਣਗੀਆਂ ਹਿੱਕਾਂ ਨੂੰ ਲਾ ਲਾ ਕੇ
ਕਦੇ ਫੁਰਸਤ ਮਿਲੇ ਤਾਂ ਰੋਂਦੀਆਂ ਮਾਵਾਂ ਨੂੰ ਖ਼ਤ ਲਿਖਣਾ ਪੰਨਾ 97

ਉਹਨਾਂ ਦੇ ਪਿਤਾ ਡਾ. ਰਣਧੀਰ ਸਿੰਘ ਚੰਦ ਹੋਰਾਂ ਦੀ ਗਹਿਰੀ ਯਾਦ ਜੋ ਉਹਨਾਂ ਦੀ ਗ਼ਜ਼ਲ ਵਿੱਚ ਲਗਾਤਾਰ ਚਲਦੀ ਵੇਖੀ ਜਾ ਸਕਦੀ ਹੈ। ਇਹ ਯਾਦ ਉਸਨੂੰ ਕਮਜ਼ੋਰ ਨਹੀਂ ਹੋਣ ਦਿੰਦੀ ਬਲਕਿ ਉਸਦੀ ਕਲਾਤਮਕ ਸ਼ਕਤੀ ਨੂੰ ਹੋਰ ਤੀਖਣ ਕਰਦੀ ਹੈ। ਪਿਆਰ, ਸ਼ੋਹਰਤ, ਸ਼ਾਨ , ਸ਼ੌਕਤ, ਰੋਕੜਾ, ਯਾਰੀ , ਖੁਸ਼ੀ ਹਰ ਸਹਾਰਾ ਜ਼ਿੰਦਗੀ ਵਿੱਚ ਮਿਲ ਗਿਆ ਸੀ, ਪਰ ਤੂੰ ਨਾ ਸੀ ਪੰਨਾ 104

ਆਪਣੇ ਘਰ ਨੂੰ ਤੁਰ ਗਿਆ ਸੂਰਜ, ਚੰਦ ਬਦਲਾਂ ਦੇ ਕੋਲ ਹੋ ਬੈਠਾ
ਵੇਖ ਲੋਰੀ ਸੁਣਾ ਰਹੀ ਮਮਤਾ, ਖ਼ਾਬ ਨੈਣਾਂ ਦੇ ਕੋਲ ਹੋ ਬੈਠਾ
ਨੂਰ ਦੇ ਨਾਲ ਭਰ ਗਿਆ ਕੋਈ, ਜੀਣ ਜੋਗਾ ਹੈ ਕਰ ਗਿਆ ਕੋਈ
ਮੈਨੂੰ ਦੀਵਟ ਤੇ ਧਰ ਗਿਆ ਕੋਈ, ਮੈਂ ਮਸ਼ਾਲਾਂ ਦੇ ਕੋਲ ਹੋ ਬੈਠਾ ਪੰਨਾ 24
ਬਚਪਨ ਬਾਅਦ ਹੀ ਫਰਜ਼ਾਂ ਨੇ ਹੈ ਅੱਧਖੜ ਕੀਤਾ ਸਾਨੂੰ
ਪਰ ਇਕ ਸੁਪਨਾ ਉਮਰਾਂ ਸਾਰੀ ਨਾਲੋਂ ਨਾਲ ਗਿਆ ਪੰਨਾ 37
ਪਵਿੱਤਰ ਪੁਸਤਕਾਂ ਦੇ ਹੱਥ ਧਰ ਧਰ
ਸਦਾ ਜੋ ਵੀ ਕਿਹਾ ਸੱਚ ਹੀ ਕਿਹਾ ਮੈਂ
ਰਿਹਾ ਦਸਤੂਰ ਐਸਾ ਜ਼ਿੰਦਗੀ ਭਰ
ਕਟਿਹਰੇ ਵਿਚ ਬਸ ਮੁਜ਼ਰਿਮ ਰਿਹਾ ਮੈਂ ਪੰਨਾ 32

ਔਰਤ ਬਾਰੇ, ਧੀਆਂ ਬਾਰੇ, ਭਰੂਣ ਹੱਤਿਆ ਬਾਰੇ ਬਹੁਤ ਕੁਝ ਲਿਖਿਆ ਗਿਆ ਤੇ ਲਿਖਿਆ ਜਾ ਰਿਹਾ ਹੈ। ਭੁਪਿੰਦਰ ਦੂਲੇ ਕੋਈ ਨਾਅਰੇਬਾਜ਼ੀ ਨਹੀਂ ਕਰਦਾ। ਬੜੀ ਸੰਵੇਦਨਾਂ ਨਾਲ ਇਸ ਵਿਸ਼ੇ ਉਪਰ ਆਪਣੇ ਦਿਲ ਦੀ ਗੱਲ ਰੱਖਦਾ ਹੈ। ਉਸ ਦਾ ਕਾਵਿ ਸ਼ੈਲੀ ਉਸਨੂੰ ਆਪਣੇ ਸਮਕਾਲੀ ਸ਼ਾਇਰਾਂ ਤੋਂ ਵੱਖਰਾ ਕਰਦੀ ਹੈ। ਸ਼ਾਇਰ ਨਹੀਂ ਕਹਿੰਦਾ ਕਿ ਜ਼ੁਮੇਵਾਰ ਔਰਤ ਹੈ ਜਾਂ ਮਰਦ ਹੈ। ਇਕ ਵਰਤਾਰਾ ਹੈ ਜੋ ਚੁਪਚਾਪ ਵਰਤ ਰਿਹਾ ਹੈ, ਜਿਸ ਲਈ ਪੂਰਾ ਸਮਾਜ ਉੱਤਰ ਦਾਈ ਬਣਨਾ ਚਾਹੀਦਾ ਹੈ। ਉਸਦਾ ਕਮਾਲ ਵੇਖੋ;

ਕੁੱਖੋਂ ਹੀ ਡੋਲੀ ਤੋਰ ਕੇ ਮਮਤਾ ਦੀ ਬੇਬਸੀ
ਪੱਥਰ ਨੇ ਆਂਦਰਾਂ ਮਗਰ ਦਿਸਦੀ ਨਦੀ ਦੇ ਵਾਂਗ ਪੰਨਾ 28
ਜਿਹਨਾਂ ਦੀ ਹੋਂਦ ਦਫ਼ਨਾਈ ਗਈ ਜੰਮਣ ਤੋਂ ਪਹਿਲਾਂ ਹੀ

ਕਦੇ ਕਲਮਾਂ ਚੋਂ ਉਪਜਣ ਫੇਰ ਕਵਿਤਾਵਾਂ ਨੂੰ ਖ਼ਤ ਲਿਖਣਾ ਪੰਨਾ 97
ਇਕ ਪਿੰਜਰੇ ਤੋਂ ਦੂਸਰੇ ਪਿੰਜਰੇ
ਨਾ ਧਿਆਣੀ ਦਾ ਕੋਈ ਜ਼ੋਰ ਹੈ ਪੰਨਾ 95

ਰਾਬਰਟ ਫਰੌਸਟ ਦਾ ਕਥਨ ਹੈ ਕਿ ਜਦੋਂ ਇਕ ਭਾਵਨਾ ਨੇ ਆਪਣਾ ਵਿਚਾਰ ਲੱਭ ਲਿਆ ਅਤੇ ਵਿਚਾਰ ਨੇ ਢੁੱਕਵਾਂ ਸ਼ਬਦ ਲੱਭ ਲਿਆ ਤਾਂ ਕਵਿਤਾ ਹੁੰਦੀ ਹੈ। ਇਹਨਾਂ ਭਾਵਨਾਵਾਂ ਨੂੰ ਵਿਚਾਰਾਂ ਵਿੱਚ ਬਦਲ ਕੇ ਸ਼ਬਦਾਂ ਦਾ ਜਾਮਾ ਪਹਿਨਾਉਣ ਵਿੱਚ ਉਹ ਬਹੁਤ ਮਾਹਰ ਹੈ। ਪ੍ਰਵਾਸ ਵਿੱਚ ਰਹਿੰਦਿਆਂ ਬੰਦਾ ਇਕੋ ਸ਼ਹਿਰ, ਇਲਾਕੇ ਜਾਂ ਦੇਸ ਵਿੱਚ ਹੀ ਕਈ ਵਾਰ ਮਕਾਨ ਬਦਲਦਾ, ਪੁਰਾਣਾ ਘਰ ਵੇਚ ਕੇ ਨਵਾਂ ਲੈਂਦਾ, ਗਵਾਂਢੀ ਬਦਲਦੇ ਤਾਂ ਰਹਿਣ ਸਹਿਣ ਅਤੇ ਵਿਚਾਰ ਵੀ ਬਦਲ ਜਾਂਦੇ ਹਨ। ਉਵੇਂ ਹੀ ਦੇਸੋਂ ਵਿਦੇਸ਼ ਜਾ ਕੇ ਬੰਦੇ ਦੇ ਵਿਚਾਰ, ਰਹਿਣ ਸਹਿਣ, ਬੋਲੀ, ਸਭਿਆਚਾਰ, ਸਹਿਚਾਰ ਵੀ ਬਦਲ ਜਾਂਦਾ ਹੈ। ਚੰਗਾ ਵੀ ਲਗਦਾ ਹੈ ਪਰ ਜੋ ਪਿਛੇ ਛੱਡ ਆਏ ਹਾਂ ਉਹ ਹੋਰ ਵੀ ਚੰਗਾ ਲੱਗਣ ਲੱਗਦਾ ਹੈ। ਇਸ ਲਈ ਪਰਵਾਸੀ ਸਦਾ ਯਾਦਾਂ ਦੀ ਪੀਂਘ ਝੂਟਦੇ ਹੀ ਰਹਿੰਦੇ ਹਨ ਭਾਵੇਂ ਕਿਤੇ ਵੀ ਹੋਣ। ਪਰਵਾਸ ਵਿਚ ਕਾਮਯਾਬ ਹੋਣ ਲਈ ਅਤੇ ਅਕਸਰ ਕੰਮਾਂ ਕਾਰਾਂ ਦੀ ਦੌੜ ਵਿੱਚ ਲੋਕ ਬਹੁਤ ਕੁਝ ਛੱਡ ਦਿੰਦੇ ਹਨ ਅਤੇ ਬਹੁਤ ਕੁਝ ਪ੍ਰਾਪਤ ਵੀ ਕਰ ਲੈਂਦੇ ਹਨ। ਆਪਣੇ ਕਈ ਸ਼ੌਕ ਪੂਰੇ ਕਰ ਲੈਂਦੇ ਹਨ ਪਰ ਕਈ ਸ਼ੌਕ ਛੁੱਟ ਜਾਂਦੇ ਹਨ। ਆਰਥਿਕ ਖੁਸ਼ਹਾਲੀ ਆ ਜਾਂਦੀ ਹੈ ਪਰ ਕਈ ਵਾਰ ਅੰਦਰਲੀਆਂ ਕੋਮਲ ਕਲਾਵਾਂ ਸੌਂ ਜਾਂਦੀਆਂ ਹਨ। ਉਹਨਾਂ ਨੂੰ ਵਧਣ, ਫੁੱਲਣ ਲਈ ਜ਼ਮੀਨ ਨਾ ਮਿਲਦੀ ਹੈ ਨਾ ਹੀ ਵਕਤ। ਸ਼ਾਇਰ ਇਸ ਅੰਤਰ ਮਨ ਦੇ ਦੁੱਖ ਨੂੰ ਇਸ ਤਰਾਂ ਪ੍ਰਗਟ ਕਰਦਾ ਹੈ:

ਛੱਡ ਆਪਣੇ ਘਰਾਂ ਨੂੰ ਤੁਰੇ ਸਾਂ ਜਦੋਂ ,
ਸੋਚਿਆ ਨਾ ਸੀ ਕਿ ਸ਼ੌਕ ਮਰ ਜਾਣਗੇ ਪੰਨਾ 36
ਕਿਸੇ ਵਿਰਲੇ ਹੀ ਸਾਂਭੇ ਹੋਣਗੇ ਇਤਿਹਾਸ ਦੇ ਵਰਕੇ
ਗਵਾਚੇ ਨੇ ਬੜੇ ਆਵਾਸ ਤੇ ਪਰਵਾਸ ਦੇ ਵਰਕੇ ਪੰਨਾ 93
ਦੇਸ ਬਦਲੀਂ, ਭੇਸ ਬਦਲੀਂ, ਰੰਗ ਬਦਲੀਂ, ਥਹੁ ਪਤਾ
ਕਿੰਝ ਬਦਲੇਂਗਾ ਨਿਸ਼ਾਨੀ ਡਾਕਖ਼ਾਨਾ ਖਾਸ ਦੀ ਪੰਨਾ 94
ਬੜਾ ਹੀ ਭਟਕਦਾ ਹੈ ਦਿਲ ਜਦ ਵੀ ਅਕਸਰ ਯਾਦ ਕਰ ਲੈਂਨਾ
ਬਸੀਮਾਂ, ਪੈਲੀਆਂ, ਰਸਤਾਗਰਾਂ, ਘਰ ਯਾਦ ਕਰ ਲੈਂਨਾ ਪੰਨਾ 96

ਮੁੱਛ ਫੁੱਟ ਉਮਰ ਦੀ ਕਹਾਣੀ ਜੋ ਕਿ ਲਗਭਗ ਸਭ ਦੀ ਹੀ ਹੁੰਦੀ ਹੈ। ਚੜਦੀ ਜਵਾਨੀ ਵਿੱਚ ਕਈ ਵਾਰ ਕਿਤਾਬਾਂ ਵਿੱਚ ਲਿਖੇ ਵਿਸ਼ਿਆਂ ਤੋਂ ਵੱਧ ਕਿਤਾਬਾਂ ਵਿੱਚ ਰੱਖੇ ਯਾਦਾਂ ਦੇ ਸੁੱਕੇ ਫੁੱਲਾਂ ਦੇ ਪੱਤੇ ਵੱਧ ਯਾਦ ਰਹਿੰਦੇ ਹਨ। ਉਸਨੇ ਉਮਰ ਇਸ ਰੰਗ ਨੂੰ ਵੀ ਸੁਹਣਾ ਚਿਤਰਿਆ ਹੈ ।

ਨਸ਼ਾ ਸੀ, ਭਾਵਨਾ ਸੀ ਖਿੱਚ ਸੀ ਜਾਂ ਬਾਲਪਨ ਐਵੇਂ
ਕਦੇ ਜੋ ਖੂਨ ਥੀਂ ਲਿਖਦੇ ਸੀ ਪੱਤਰ ਯਾਦ ਕਰ ਲੈਂਨਾ ਪੰਨਾ 96
ਬੰਦ ਪੁਸਤਕ ਵਿਚ ਤੇਰਾ ਦਰਦ ਲੈ
ਮਹਿਕਦੈ ਹਾਲੇ ਵੀ ਉਹ ਸੁੱਕਾ ਗੁਲਾਬ ਪੰਨਾ 101

ਵਧੇਰੇ ਗਿਣਤੀ ਰਾਜਨੀਤੀ ਤੋਂ ਦੂਰ ਭਜਣਾ ਚਾਹੁੰਦੀ ਹੈ। ਰਾਜਨੀਤੀ ਹਰ ਬੰਦੇ ਨੂੰ ਪ੍ਰਭਾਵਿਤ ਕਰਦੀ ਹੈ ਕੋਈ ਇਸ ਵਿੱਚ ਦਿਲਚਸਪੀ ਰੱਖੇ ਜਾਂ ਨਾ ਰੱਖੇ। ਅਕਸਰ ਲੋਕ ਵੋਟਾਂ ਦਿਨਾਂ ਵਿੱਚ ਆਪਣੇ ਇਲਾਕੇ, ਧਰਮ, ਬੋਲੀ, ਸਭਿਆਚਾਰ, ਰਿਸ਼ਤੇਦਾਰੀ ਵਿੱਚੋਂ ਕਹਿ ਕੇ ਵੋਟਾਂ ਦਾ ਕਹਿਣ ਤੁਰ ਪੈਂਦੇ ਹਨ। ਇਸ ਦਾ ਪ੍ਰਭਾਵ ਇਹਨਾਂ ਮੁਲਕਾਂ ਵਿੱਚ ਵੀ ਪੈ ਰਿਹਾ ਹੈ। ਫਿਰ ਵੀ ਇਹਨਾਂ ਮੁਲਕਾਂ ਦੀ ਰਾਜਨੀਤੀ ਥੋੜੀ ਅਲੱਗ ਹੈ। ਜੋ ਕੱਲ ਰੋਜ਼ ਟੀ ਵੀ ਤੇ ਛਾਏ ਹੋਏ ਸਨ ਅੱਜ ਉਹ ਨਾਂ ਦਾ ਨਾਮ ਵੀ ਨਹੀਂ ਹੈ। ਇਥੇ ਦੇ ਮੰਤਰੀ ਜਾਂ ਚੁਣੇ ਹੋਏ ਨੁਮਾਇੰਦੇ ਜੇ ਲੋਕ ਹਿਤੂ ਚੰਗੇ ਕੰਮ ਨਾ ਸਕਣ ਆਪ ਹੀ ਰਾਜਨੀਤੀ ਛੱਡ ਕੇ ਘਰ ਬੈਠ ਜਾਂਦੇ ਹਨ ਮੁੜ ਆਪਣੇ ਆਮ ਕੰਮਾਂ ਤੇ ਚਲੇ ਜਾਂਦੇ ਹਨ।

ਪੂਰਬੀ ਪੱਛਮੀ ਸਭਿਅਤਾ ਤੇ ਰਾਜਨੀਤੀ ਦਾ ਫਰਕ ਤਾਂ ਹੈ; ਸ਼ਾਇਰ ਨੇ ਵੀ ਆਪਣੇ ਵਿਚਾਰ ਰੱਖੇ ਹਨ:

ਹਰ ਆਵਾਜ਼ ਦਬਾ ਸਕਦੈਂ ਤੂੰ ਕੰਨ ਬੋਲੇ ਕਰ ਸਕਦੈਂ
ਤਾਂ ਮੰਨਾਂ ਜੇ ਦੇਵੇਂ ਗੂੰਗੇ ਬੋਲਾਂ ਨੂੰ ਗੁਫ਼ਤਾਰੀ ਪੰਨਾ 92
ਸ਼ਿਕਾਰੀ ਦੀ ਕਲਾ ਨੂੰ ਖੂਬ ਮੈਂ ਮੰਨਦਾ 'ਬਰਾਬਰ' ਜੇ
ਲਿਖੇ ਹੁੰਦੇ ਪਰਾਂ ਦੇ ਦਰਦ ਦੇ ਅਹਿਸਾਸ ਦੇ ਵਰਕੇ
ਪੁੱਛਿਆ ਮੈਂ ਦਰਦ ਨੂੰ ਕਿਉਂ ਦਰਦ ਹੈਂ
ਹੱਸਿਆ ਤੇ ਬੋਲਿਆ ਦਸਤੂਰ ਹਾਂ ਪੰਨਾ 102

ਗਿਆਨ ਕਦੇ ਪੂਰਾ ਨਹੀਂ ਹੋ ਸਕਦਾ । ਜਿਨ੍ਹਾਂ ਮਿਲ ਜਾਏ ਘੱਟ ਹੈ ਹੋਰ ਪ੍ਰਾਪਤੀ ਦੀ ਇੱਛਾ ਬਣੀ ਰਹੇ ਤਾਂ ਚੰਗਾ। ਕੋਈ ਵੀ ਬੰਦਾ ਦਾਅਵਾ ਨਹੀ ਕਰ ਸਕਦਾ ਕਿ ਉਸਨੇ ਸੰਪੂਰਨ ਗਿਆਨ ਹਾਸਲ ਕਰ ਲਿਆ। ਐਲਫਰੈਡ ਲੌਰਡ ਟੈਨੀਸਨ ਆਪਣੀ ਕਵਿਤਾ 'ਯੂਲਿਸਿਸ' ਵਿੱਚ ਪ੍ਰਗਟਾਉਂਦਾ ਹੈ ਕਿ ਹਰ ਨਵਾਂ ਤਜਰਬਾ, ਹਰ ਨਵੀਂ ਯਾਤਰਾ ਅਣ ਗਾਹੀ ਦੁਨੀਆਂ ਦੀ ਇਕ ਲਗਾਤਾਰ ਚਲ ਰਹੀ ਨਵੀਂ ਖੋਜ ਵਾਂਗ ਹੈ । ਲੌਰਡ ਟੈਨੀਸਨ ਉਮਰ ਭਰ ਚਲਦੇ ਰਹਿਣ ਅਤੇ ਨਵੇਂ ਤਜਰਬੇ ਗ੍ਰਹਿਣ ਕਰਨ ਦਾ ਇੱਛੁਕ ਰਿਹਾ। ਸ਼ਾਇਰ ਭੁਪਿੰਦਰ ਦੂਲੇ ਵੀ ਲਗਾਤਾਰ ਚਲਦੇ ਰਹਿਣ ਵਿੱਚ ਵਿਸ਼ਵਾਸ ਕਰਦਾ ਹੈ। ਉਹ ਆਪਣੀ ਗ਼ਜ਼ਲ ਦੀ ਬਣਤਰ ਨਵੇਂ ਤਜਰਬੇ ਕਰਦਾ ਹੈ। ਵਿਸ਼ਾ ਸਮਗਰੀ ਦੀ ਵਰਤੋਂ ਕਰਨ ਲੱਗਿਆਂ ਅਤੇ ਉਸਨੂੰ ਨਿਭਾਉਣ ਲੱਗਿਆਂ, ਉਹ ਕਾਹਲ ਨਹੀਂ ਕਰਦਾ। ਉਹ ਭਾਵਨਾਵਾਂ ਨੂੰ ਸਹੀ ਸ਼ਬਦਾਂ ਦਾ ਜਾਮਾ ਪਹਿਨਾ ਕੇ ਹੋਰ ਗਹਿਰਾਈ ਵਿੱਚ ਜਾਂਦਾ ਹੈ ਅਤੇ ਪਹਿਲਾਂ ਤੋਂ ਵੱਧ ਉਚਾਈ ਹਾਸਿਲ ਕਰਦਾ ਹੈ। ਉੱਚੀ ਲਿਖਤ ਹੀ ਸ਼ਾਇਰ ਨੂੰ ਜ਼ਿੰਦਾ ਰੱਖਦੀ ਹੈ। ਉਸਦੇ ਸ਼ਿਅਰ ਇਸ ਭਾਵ ਦੀ ਅਭਿਵਿਅਕਤੀ ਇੰਝ ਕਰਦੇ ਹਨ:

ਮੈਂ ਮੁਕਾਏ ਫ਼ਾਸਲੇ ਦਰ ਫ਼ਾਸਲੇ,
ਪਰ ਅਜੇ ਮੰਜ਼ਿਲ ਤੋਂ ਕੋਹਾਂ ਦੂਰ ਹਾਂ ਪੰਨਾ 102
ਬੜਾ ਕੁਝ ਕਹਿ ਲਿਆ ਇਹ ਸੋਚ ਕੇ ਨਾ ਚੁੱਪ ਕਰ ਜਾਣਾ
ਮੇਰੇ ਸ਼ਬਦੋ ਮੇਰੇ ਮਗਰੋਂ ਵੀ ਲਿਖ ਹੁੰਦੇ ਰਿਹਾ ਕਰਨਾ ਪੰਨਾ 100

"ਬੰਦ ਬੰਦ" ਦੀਆਂ ਗ਼ਜ਼ਲਾਂ ਪੰਜਾਬੀ ਸਭਿਆਚਾਰ ਨੂੰ ਬੜੇ ਸਲੀਕੇ ਨਾਲ ਮੁਖਾਤਬ ਹੁੰਦੀਆਂ ਹਨ ।

ਪਿਆਰਾ ਸਿੰਘ ਕੁੱਦੋਵਾਲ
pskudowal@yahoo.com
1-647-278-4477



# ਛੁਪੀਆਂ ਭਾਵਨਾਵਾਂ ਉਜਾਗਰ ਕਰਦਾ ਹੈ ਰਵਿੰਦਰ ਰੁਪਾਲ ਦਾ ਕਹਾਣੀ ਸੰਗ੍ਰਹਿ 'ਸ਼ਾਇਦ ਮੈਨੂੰ ਪਛਾਣ ਲੈਣ'




ਪੁਸਤਕ (ਕਹਾਣੀ ਸੰਗ੍ਰਹਿ)ਦਾ ਨਾਮ :- ਸ਼ਾਇਦ ਮੈਨੂੰ ਪਛਾਣ ਲੈਣ
ਲੇਖਕ ਦਾ ਨਾਮ :- ਰਵਿੰਦਰ ਰੁਪਾਲ , ਕੌਲਗੜ੍ਹ
ਪ੍ਰਕਾਸ਼ਕ :- ਨੈਸ਼ਨਲ ਬੁੱਕ ਸ਼ਾਪ ,ਦਿੱਲੀ
ਪੰਨੇ :123 ਕੀਮਤ :- 350/-
ਸਮੀਖਿਆਕਾਰ:- ਜਸਵਿੰਦਰ ਸਿੰਘ ਫ਼ਤੁੋਟ;ਰੁਪਾਲਫ਼ਤੁੋਟ; ਕੈਲਗਰੀ



ਜਸਵਿੰਦਰ ਸਿੰਘ ਰੁਪਾਲ
9814715796

ਸ਼ਾਇਦ ਕੁਦਰਤ ਦਾ ਸਭ ਤੋਂ ਗੁੰਝਲਦਾਰ ਜੀਵ ਹੈ ਇਨਸਾਨ । ਇਸ ਦੇ ਬੋਲਾਂ ਅਤੇ ਕਰਮ ਤੋਂ ਅਕਸਰ ਇਸਦੇ ਮਨ ਵਿਚਲੇ ਭਾਵਾਂ ਅਤੇ ਸੋਚਾਂ ਬਾਰੇ ਪੂਰਾ ਪਤਾ ਨਹੀਂ ਚੱਲਦਾ। ਜਿਵੇਂ ਕਿਸ਼ਤੀ ਦਾ ਵਧੇਰੇ ਹਿੱਸਾ ਪਾਣੀ ਵਿੱਚ ਡੁੱਬਿਆ ਹੁੰਦਾ ਹੈ ਅਤੇ ਥੋੜ੍ਹਾ ਦਿਖਾਈ ਦਿੰਦਾ ਹੈ, ਇਸੇ ਤਰਾਂ ਮਨੁੱਖ ਦੇ ਅਚੇਤ ਮਨ ਵਿੱਚ ਜੋ ਬਹੁਤ ਕੁਝ ਛੁਪਿਆ ਹੁੰਦਾ ਹੈ, ਅਸਲ ਵਿੱਚ ਓਹੀ ਸੰਚਾਲਕ ਸ਼ਕਤੀ ਹੁੰਦੀ ਹੈ। ਸਮਾਜ ਅਤੇ ਕਾਨੂੰਨ ਦਾ ਦਬਾਅ ਉਸਨੂੰ ਬਾਹਰ ਨਹੀਂ ਆਉਣ ਦਿੰਦਾ ਅਤੇ ਅੰਦਰੇ ਅੰਦਰ ਉਹ ਲਾਵਾ ਹੋਰ ਤੀਬਰ ਹੋਈ ਜਾਂਦਾ ਹੈ। ਅਤੇ ਕਦੇ ਕਦੇ ਅਚਨਚੇਤ ਹਲਕਾ ਜਿਹਾ ਨਿਕਾਸ ਮਿਲਣ ਤੇ ਜਾਂ ਕਈ ਵਾਰ ਆਪਣੇ ਹੀ ਦਬਾਅ ਨੂੰ ਨਾ ਝੱਲਦਾ ਹੋਇਆ ਜਦੋਂ ਬਾਹਰ ਆਉਂਦਾ ਹੈ, ਤਾਂ ਸਮਾਜ ਹੈਰਾਨ ਹੁੰਦਾ ਹੈ ਕਿਉਂਕਿ ਉਸਨੇ ਇਸਦਾ ਇਹ ਰੂਪ ਨਹੀਂ ਸੋਚਿਆ ਹੁੰਦਾ। ਇਹ ਹਰ ਮਨੁੱਖ ਨਾਲ ਵਾਪਰਦੀ ਕਿਰਿਆ ਹੈ ,ਕਿਤੇ ਇਸਦੀ ਮਾਤਰਾ ਥੋੜ੍ਹੀ ਹੈ ਅਤੇ ਕਿਤੇ ਜ਼ਿਆਦਾ। ਇੱਕ ਲੇਖਕ ਸੂਖਮ ਬਿਰਤੀ ਦਾ ਮਾਲਕ ਹੁੰਦਾ ਹੈ ਅਤੇ ਉਸਦੀ ਤੀਖਣ ਦ੍ਰਿਸ਼ਟੀ ਉਹ ਕੁਝ ਵੀ ਦੇਖ ਲੈਂਦੀ ਹੈ ਜਿਹੜੀ ਇੱਕ ਸਧਾਰਨ ਇਨਸਾਨ ਨਹੀਂ ਦੇਖ ਸਕਦਾ। ਲੇਖਕ ਨੇ ਸਮਾਜ ਨੂੰ ਇੱਕ ਸੇਧ ਵੀ ਦੇਣੀ ਹੁੰਦੀ ਹੈ, ਇਸਲਈ ਉਹ ਆਪਣੀ ਕਲਪਨਾ ਰਾਹੀਂ ਖੂਬਸੂਰਤ ਸ਼ਬਦਾਂ ਵਿੱਚ ਅਜਿਹਾ ਬਿਰਤਾਂਤ ਸਿਰਜਦਾ ਹੈ ਜਿਹੜਾ ਇੱਕ ਪਾਸੇ ਤਾਂ ਕੁਝ ਗੁੱਝੇ ਭੇਦ ਖੋਲ੍ਹਦਾ ਹੈ, ਦੂਜੇ ਪਾਸੇ ਸਮਾਜ ਨੂੰ ਇਸਦੇ ਜਖਮ ਦਿਖਾ ਕੇ ਉਹਨਾਂ ਨੂੰ ਠੀਕ ਕਰਨ ਲਈ ਵੀ ਆਖਦਾ ਹੈ।ਕਹਾਣੀ ਸੰਗ੍ਰਹਿ ਸ਼ਾਇਦ ਮੈਨੂੰ ਪਛਾਣ ਲੈਣ ਇਸਤਰਾਂ ਦੀ ਹੀ ਸਫਲ ਕੋਸ਼ਿਸ਼ ਹੈ। ਜਿਹੜੀ ਇੱਕ ਤਰਲ ਤਬੀਅਤ ਦੇ ਮਾਲਕ ਰਵਿੰਦਰ ਰੁਪਾਲ ਦੇ ਗਿਆਨ ,ਤਜਰਬੇ, ਅਤੇ ਉਸਦੀ ਸਮਾਜ ਪ੍ਰਤੀ ਸੁਲਝੀ ਹੋਈ ਤੀਖਣ ਬੁੱਧੀ ਦੇ ਸੰਗਮ ਦਾ ਨਤੀਜਾ ਹੈ।

ਪੁਸਤਕ ਦੀਆਂ ਕਹਾਣੀਆਂ ਵਿੱਚ ਮੁੱਖ ਵਿਸ਼ਾ ਮਰਦ ਅਤੇ ਔਰਤ ਅੰਦਰ ਛੁਪੀ ਹੋਈ ਕਾਮ ਬਿਰਤੀ ਹੈ। ਪ੍ਰਸਿੱਧ ਮਨੋਵਿਗਿਆਨਕ ਸਿਗਮੰਡ ਫਰਾਇਡ ਅਨੁਸਾਰ ਇਹ ਬਿਰਤੀ ਹੀ ਸਾਰੀਆਂ ਮਨੁੱਖੀ ਕਿਰਿਆਵਾਂ ਦਾ ਮੂਲ ਹੈ। ਸਾਡੇ ਸਮਾਜ ਵਿੱਚ ਕਾਮ ਇੱਕ ਵਰਜਿਤ ਵਿਸ਼ਾ ਹੈ। ਵਿਆਹੇ ਹੋਏ ਮਰਦ ਔਰਤ ਇਥੋਂ ਤੱਕ ਕਿ ਪਤੀ ਪਤਨੀ ਵੀ ਇਸ ਤੇ ਖੁੱਲ੍ਹ ਕੇ ਵਿਚਾਰ ਨਹੀਂ ਕਰਦੇ। ਜਿਸ ਨਾਲ ਬਹੁਤ ਸਾਰੀ ਨਾਸਮਝੀ ਅਤੇ ਕੁਝ ਅਣਖੋਲ੍ਹੀਆਂ ਗੁੰਝਲਾਂ ਰਹਿ ਜਾਂਦੀਆਂ ਹਨ ਜਿਹੜੀਆਂ ਅੱਗੇ ਚੱਲ ਕੇ ਸੰਬੰਧਿਤ ਵਿਅਕਤੀ ਜਾਂ ਉਸ ਨਾਲ ਜੁੜੇ ਰਿਸ਼ਤਿਆਂ ਨੂੰ ਹੀ ਨਹੀਂ, ਸਗੋਂ ਸਮਾਜ ਨੂੰ ਵੀ ਇੱਕ ਵੱਡਾ ਝਟਕਾ ਦਿੰਦੀਆਂ ਹਨ। ਕਿਉ ਇਸ ਬਿਰਤੀ ਦੀ ਠੀਕ ਅਤੇ ਸੰਤੁਲਿਤ ਪੂਰਤੀ ਨਹੀਂ ਹੁੰਦੀ ?? ਕਿੱਥੇ ਘਾਟ ਰਹਿ ਜਾਂਦੀ ਹੈ? ਨਿਤ ਵਧਦੇ ਬਲਾਤਕਾਰ ਵੀ ਸਮਾਜ ਦੇ ਦਾਨਿਸ਼ਵਰਾਂ ਨੂੰ ਇਸਦਾ ਹੱਲ ਸੋਚਣ ਲਈ ਮਜਬੂਰ ਕਿਉ ਨਹੀ ਕਰਦੇ ?? ਸਰਕਾਰਾਂ ਅਤੇ ਸਮਾਜ ਇਸਦੀ ਠੀਕ ਸਿੱਖਿਆ ਕਿਉ ਨਹੀ ਦੇ ਰਹੇ ?? ਅਜਿਹੇ ਸੈਂਕੜੇ ਸਵਾਲ ਇਹ ਕਹਾਣੀਆਂ ਛੱਡ ਜਾਂਦੀਆਂ ਹਨ। ਅਤੇ ਸੰਜੀਦਾ ਪਾਠਕ ਨੂੰ ਸੋਚਣ ਲਈ ਮਜ਼ਬੂਰ ਕਰਦੀਆਂ ਹਨ।

ਭਾਰਤੀ ਸਮਾਜ ਵਿੱਚ ਔਰਤ ਦੀ ਵਿਆਹ ਵਿਚ ਕੋਈ ਆਪਣੀ ਮਰਜੀ ਨਹੀਂ ਹੁੰਦੀ। ਮਾਪਿਆਂ ਨੇ ਆਪਣੇ ਮਾਪਦੰਡ ਦੇਖ ਕੇ ਜਿੱਥੇ ਲੜਕੀ ਤੋਰ ਦਿੱਤੀ ,ਉਸਨੂੰ ਮਜਬੂਰਨ ਉੱਥੇ ਹੀ ਜਾਣਾ ਪੈਂਦਾ ਹੈ । 'ਉਦੋਂ ਮੈਨੂੰ ਹੀ ਸਮਝ ਲੈਣਾ', 'ਅੰਤਿਕਾ ਖਾਲੀ', 'ਨਖੱਟੂ', 'ਲੇਡੀਜ਼ ਬਾਥਰੂਮ' ਕਹਾਣੀਆਂ ਦੀਆਂ ਨਾਇਕਾਵਾਂ ਆਪੋ ਆਪਣੇ ਪਤੀਆਂ ਤੋਂ ਸੰਤੁਸ਼ਟ ਨਹੀਂ ਹਨ। ਜਿੱਥੇ ਹਰਜੀਤ ਰੁੱਸ ਕੇ ਪੇਕੇ ਚਲੀ ਜਾਂਦੀ ਹੈ, ਨਖੱਟੂ ਦੀ ਨਾਇਕਾ ਸਰੀਰ ਵੇਚਣ ਅਤੇ ਮਾਇਆ ਲਈ ਹੋਰਾਂ ਨੂੰ ਵੀ ਇਸ ਪਾਸੇ ਤੋਰਨ ਦਾ ਗਲਤ ਰਾਹ ਚੁਣਦੀ ਹੈ, ਪਰ 'ਲੇਡੀਜ਼ ਬਾਥਰੂਮ' ਦੀ ਨਾਇਕਾ ਪਤੀ ਦੇ ਚੰਗੇ ਸੁਭਾਅ ਕਾਰਨ ਉਸਦੀ ਨਾਮਰਦੀ ਤੋਂ ਮਿਲਦੀ ਤੜਪ ਨੂੰ ਅੰਦਰ ਹੀ ਅੰਦਰ ਪੀਂਦੀ ਰਹਿੰਦੀ ਹੈ । ਅਖੀਰ ਤੇ ਉਸਦੀ ਤੜਪ ਆਪ ਮੁਹਾਰੇ ਬਾਹਰ ਨਿਕਲਦੀ ਹੈ, ਜਦੋਂ ਉਹ ਆਪਣੇ ਪਤੀ ਨੂੰ ਲੇਡੀਜ਼ ਬਾਥਰੂਮ ਵਿਚੋਂ ਬਾਹਰ ਨਿਕਲਦੇ ਦੇਖ ਕਹਿ ਉੱਠਦੀ ਹੈ 'ਸਹੀ ਜਗ੍ਹਾ ਤੋਂ ਹੀ ਤਾਂ ਨਿਕਲ ਰਹੇ ਨੇ।' ਪਰ ਉਸਦੀ ਇਹ ਫੁਸਫੁਸਾਹਟ ਉਸਤੇ ਮਾਨਸਿਕ ਬੋਝ ਬਣਦੀ ਹੈ ਜਿਸ ਕਾਰਨ ਉਹ ਬੇਹੋਸ਼ ਹੋ ਕੇ ਡਿੱਗਦੀ ਹੈ। 'ਬਿੰਦੀਆ ਚਮਕੇਗੀ' ਕਹਾਣੀ ਦੀ ਨੂੰਹ ਦਾ ਆੜ੍ਹਤੀਏ ਨਾਲ ਨਿਕਲਣਾ ਵੀ ਸਿਰਫ ਮਾਇਆਵੀ ਚਕਾਚੌਂਧ ਲਈ ਹੀ ਨਹੀਂ, ਸਗੋਂ ਉਸਦੇ ਪਤੀ ਦਾ ਸਿਰਫ ਕੰਮ ਵਿੱਚ ਰੁੱਝਿਆ ਹੋਣਾ ਅਤੇ ਪਤਨੀ ਨੂੰ ਪਿਆਰ ਨਾ ਦੇ ਸਕਣ ਕਾਰਨ ਵਾਪਰਦਾ ਹੈ।

ਮਰਦ ਦੀ ਕਾਮ ਬਿਰਤੀ ਐਨੀ ਭਾਰੂ ਹੋ ਜਾਂਦੀ ਹੈ ਕਿ ਉਹ ਰਿਸ਼ਤਿਆਂ ਦੀ ਅਤੇ ਸੰਬੰਧਾਂ ਦੀ ਮਾਣ ਮਰਿਆਦਾ ਵੀ ਉਲੰਘ ਜਾਂਦਾ ਹੈ। 'ਕਾਲਾ ਦੁੱਧ' ਕਹਾਣੀ ਵਿੱਚ ਸਹੁਰੇ ਦਾ ਆਪਣੀ ਨੂੰਹ ਨਾਲ ਅਸ਼ਲੀਲ ਹਰਕਤਾਂ ਕਰਨੀਆਂ ਅਤੇ 'ਤਿਲਕਦਾ ਅੜ੍ਹਕਦਾ ਹੱਥ' ਕਹਾਣੀ ਦੇ ਸੁੰਦਰ ਲਾਲ ਵੱਲੋਂ ਆਪਣੇ ਮਿਰਤਕ ਕੁਲੀਗ ਦੀ ਜਵਾਨ ਬੇਟੀ ਨੂੰ ਨੌਕਰੀ ਦਿਵਾਉਣ ਦੇ ਝਾਂਸੇ ਵਿੱਚ ਉਸ ਨਾਲ ਛੇੜ ਛਾੜ ਰਾਹੀਂ ਪ੍ਰਤੱਖ ਹੁੰਦੀ ਹੈ। ਜਿੱਥੇ ਪਰਿਵਾਰ ਅਤੇ ਸਮਾਜ ਇਕ ਔਰਤ ਤੋਂ ਬੱਚੇ ਬਲਕਿ ਮੁੰਡੇ ਦੀ ਉਮੀਦ ਰੱਖਦੇ ਹਨ ਅਤੇ ਸਿਰਫ ਬੇਔਲਾਦ ਹੋਣ ਤੇ ਹੀ ਉਸਨੂੰ ਦੋਸ਼ੀ ਨਹੀਂ ਸਮਝਦੇ, ਸਗੋਂ ਵਿਗਿਆਨਕ ਸੱਚ ਤੋਂ ਉਲਟ ,ਪੁੱਤਰ ਨਾ ਹੋਣ ਦਾ ਕਾਰਨ ਵੀ ਔਰਤ ਨੂੰ ਸਮਝਕੇ ਉਸਨੂੰ ਤਾਹਨੇ ਮਿਹਣੇ ਮਾਰੇ ਜਾਂਦੇ ਹਨ, ਉੱਥੇ, ਕੁਝ ਇਸ ਸਮਾਜਿਕ ਆਸ ਕਾਰਨ ਅਤੇ ਕੁਝ ਆਪਣੀ ਸਰੀਰਕ ਅਤੇ ਮਾਨਸਿਕ ਤ੍ਰਿਪਤੀ ਲਈ ਉਹ ਖੁਦ ਵੀ ਬੱਚੇ ਨੂੰ ਜਨਮ ਦੇ ਕੇ ਹੀ ਸੰਪੂਰਨ ਹੋਣਾ ਲੋਚਦੀ ਹੈ। 'ਲਾੜੀ' ਦੀ ਨਾਇਕਾ ਅਤੇ ਉਸਦੇ ਪਤੀ ਦੇ ਸਰੀਰਕ ਤੌਰ ਤੇ ਠੀਕ ਹੋਣ ਦੇ ਬਾਵਜੂਦ 20 ਸਾਲ ਤੱਕ ਬੱਚਾ ਨਾ ਹੋ ਸਕਣ ਦਾ ਦਰਦ ਝੱਲਦੀ ਹੈ, ਪਰ ਉਸਦੇ ਪਤੀ ਦੀ ਮੌਤ ਦੇ ਕੁਝ ਦਿਨਾਂ ਬਾਅਦ ਹੀ ਆਪਣੀ ਉਸ ਬਿਰਤੀ ਨੂੰ ਮੁੜ ਜਗਾ ਲੈਂਦੀ ਹੈ ਅਤੇ '...ਆਪਣੇ ਵਿਆਹ ਦੇ ਵਿਚ ਨੱਚਦੀ ਫਿਰਾਂ' ਨਾਲ ਪੁਨਰ ਵਿਆਹ ਕਰਵਾਉਣ ਦਾ ਸੁਪਨਾ ਦੇਖਦੀ ਹੈ। ਇਸੇ ਤਰ੍ਹਾਂ ਭੁੱਬਲ ਦੀ ਅੱਗ ਕਹਾਣੀ ਵਿੱਚ ਦੋ ਬੱਚਿਆਂ ਦੀ ਮਾਂ ਹੋਣ ਦੇ ਬਾਵਜੂਦ ਪਤੀ ਦੀ ਮੌਤ ਦੇ 7 ਸਾਲ ਬਾਅਦ ਉਹ ਲੁਕੀ ਹੋਈ ਤੇ ਦੱਬੀ ਹੋਈ ਬਿਰਤੀ ਅੰਗੜਾਈ ਲੈਂਦੀ ਹੈ ਅਤੇ ਮੱਝ ਦੇ ਰਾਹੀਂ ਆਪਣੀ ਸਿਰਜਣ ਕਿਰਿਆ ਦਾ ਕੈਥਾਰਸਿਸ ਕਰਨਾ ਲੋਚਦੀ ਹੈ। ਫ਼ਤੁੋਟ;ਲਟ ਲਟ ਬਲ਼ਦੀ ਅੱਗਫ਼ਤੁੋਟ; ਕਹਾਣੀ ਦੀ ਨਾਇਕਾ ਵੀ ਆਪਣੇ ਪਤੀ ਦੇ ਵਧੇਰੇ ਸਮਾਂ ਟਰਾਲੇ ਤੇ ਬਾਹਰ ਹੀ ਰਹਿਣ ਕਾਰਨ ਪੈਦਾ ਹੋਏ ਖਲਾਅ ਨੂੰ ਰੇਲ ਗੱਡੀ ਦੇ ਸਫਰ ਦੌਰਾਨ ਸਰਦਾਰ ਮੁੰਡੇ ਦੀ ਸਰੀਰਕ ਛੋਹ ਪ੍ਰਾਪਤ ਕਰਕੇ ਪੂਰਨ ਦੀ ਕੋਸ਼ਿਸ਼ ਕਰਦੀ ਹੈ। ਪਰ 'ਚੁੰਨੀ ਦਾ ਸਫ਼ਰ' ਕਹਾਣੀ ਦੀ ਫੌਜਣ, ਜਗਤਾਰ ਦੀ ਵੀਰ ਅਖਵਾਉਣ ਦੀ ਦ੍ਰਿੜ੍ਹਤਾ ਦੇਖ ਕੇ ਆਪਣੀ ਡੋਲਦੀ ਬਿਰਤੀ ਤੇ ਕਾਬੂ ਪਾ ਲੈਂਦੀ ਹੈ।

ਔਰਤ ਵੱਲ ਕਾਮੀ ਨਜ਼ਰਾਂ ਨਾਲ ਹੁੰਦੇ ਹਮਲੇ ਤੇ ਉਸਦਾ ਰੋਲ ਕੀ ਹੋਣਾ ਚਾਹੀਦਾ ਹੈ, ਇਹ ਰੀਤੀ ਵੱਲੋਂ ਸੁੰਦਰ ਲਾਲ ਨੂੰ ਸੁਣਾਏ ਕੌੜੇ ਬੋਲਾਂ ਰਾਹੀਂ ਪ੍ਰਗਟ ਹੁੰਦਾ ਹੈ। ਲੜਕੀ ਦੀ ਇੱਜਤ ਦੇ ਸਵਾਲ ਤੇ ਫ਼ਤੁੋਟ;ਬਾਹਵਾਂਫ਼ਤੁੋਟ; ਕਹਾਣੀ ਦੇ ਜੱਗੇ ਵੱਲੋਂ ਆਪਣੇ ਉਸ ਭਰਾ ਨਾਲ ਖੜ੍ਹਨ ਦਾ ਫ਼ੈਸਲਾ ਪ੍ਰਸੰਸਾਯੋਗ ਹੈ, ਜਿਸਨੇ ਉਸਨੂੰ ਗਰੀਬ ਤੇ ਨਿਕੰਮਾ ਜਾਣ ਕੇ ਅਲੱਗ ਕੀਤਾ ਸੀ। ਅੱਜ ਧਨ ਅਤੇ ਪਹੁੰਚ ਪੱਖੋਂ ਚੰਗਾ ਹੋਣ ਦੇ ਬਾਵਜੂਦ, ਸਾਰੇ ਗਿਲੇ ਸ਼ਿਕਵੇ ਭੁੱਲ ਕੇ ਕਿਸ਼ਨਗੜ੍ਹੀਆਂ ਦੇ ਵਿਰੁੱਧ ਹੋਣਾ ਇੱਕ ਇਨਕਲਾਬੀ ਬਿਰਤੀ ਦੇ ਆਗਾਜ਼ ਦੀ ਸੂਚਕ ਹੈ। 'ਅੱਗੇ ਕਹਾਣੀ ਨਹੀਂ ਸੀ' ਦਾ ਵਿਸ਼ਾ ਭਾਰਤ ਲਈ ਨਵਾਂ ਅਤੇ ਅਣਛੂਹਿਆ ਹੈ। ਪੱਛਮੀ ਮੁਲਕਾਂ ਵਿੱਚ ਇਹ ਵਰਤਾਰਾ ਆਮ ਹੈ, ਪਰ ਭਾਰਤ ਵਿੱਚ ਇੱਕ ਲੜਕੇ ਵੱਲੋਂ ਆਪਣੇ ਆਪ ਨੂੰ ਲੜਕੀ ਸਮਝਣਾ ਅਤੇ ਇਸ ਤੀਬਰ ਤਾਂਘ ਦੇ ਚੱਲਦੇ ਕਾਫੀ ਯਤਨ ਕਰਕੇ ਆਪਣੇ ਸਰੀਰ ਨੂੰ ਲੜਕੀ ਦੇ ਸਰੀਰ ਵਿੱਚ ਰੂਪਾਂਤਰਣ ਕਰਵਾਉਣਾ, ਬਹੁਤ ਹੀ ਘੱਟ ਹੈ। ਅਜਿਹੇ ਵਿਸ਼ੇ ਨੂੰ ਠੀਕ ਨਿਭਾ ਸਕਣ ਲਈ ਲੇਖਕ ਵਧਾਈ ਦਾ ਪਾਤਰ ਹੈ। ਇਹਨਾਂ ਕਹਾਣੀਆਂ ਵਿੱਚ ਸਮਾਜ ਦੇ ਹੋਰ ਕੁਹਜ ਵੀ ਵੱਖ ਵੱਖ ਸਮੇਂ ਜਾਹਰ ਹੁੰਦੇ ਹਨ ਜਿਵੇਂ ਆਰਥਿਕ ਸੰਕਟ, ਕਰਜ਼ੇ, ਖੁਦਕੁਸ਼ੀਆਂ, ਰਿਸ਼ਵਤ,ਸਿਫਾਰਸ਼ਾਂ, ਸਰਮਾਏਦਾਰ ਵੱਲੋਂ ਮਜਦੂਰ ਅਤੇ ਕਿਸਾਨ ਦੀ ਲੁੱਟ, ਬਿਹਾਰੀ ਮਜ਼ਦੂਰਾਂ ਦੇ ਆਉਣ ਨਾਲ ਦਲਿਤ ਵਰਗ ਦੇ ਪੰਜਾਬੀਆਂ ਦੇ ਰੁਜ਼ਗਾਰ ਤੇ ਵੱਜੀ ਸੱਟ, ਸਮਾਜ ਵਿੱਚ ਔਰਤਾਂ ਅਤੇ ਬਜ਼ੁਰਗਾਂ ਦੀ ਦਸ਼ਾ, ਬਜ਼ਾਰ ਦੀਆਂ ਹਾਲਤਾਂ, ਆਦਿ ਆਦਿ । ਭਾਵੇਂ ਇਹ ਗੌਣ ਰੂਪ ਵਿੱਚ ਹੀ ਹਨ, ਪਰ ਕਲਮ ਦੇ ਤਿੱਖੇ ਵਾਰ ਤੋਂ ਬਚ ਨਹੀਂ ਸਕੇ ਇਹ ਸਭ।

ਪੁਸਤਕ ਦਾ ਰੂਪਕ ਪੱਖ ਵੀ ਕਾਫੀ ਪ੍ਰਸੰਸਾਯੋਗ ਹੈ। ਬੋਲੀ ਠੇਠ ਹੈ ਅਤੇ ਪਾਤਰਾਂ ਦੇ ਸੁਭਾਅ ਦੇ ਅਨੁਸਾਰ ਹੈ। ਵਿਸ਼ੇ ਦੇ ਅਨੁਸਾਰ ਕਿਤੇ ਕਿਤੇ ਭਾਸ਼ਾ ਦੀ ਖੁੱਲ੍ਹ ਵੀ ਲਈ ਗਈ ਹੈ ਅਤੇ ਕਿਤੇ ਖਾਲੀ ਥਾਂ ਤੇ ਬਿੰਦੀਆ ਪਾ ਕੇ ਗੱਲ ਅਣਕਹੀ ਵੀ ਛੱਡ ਦਿੱਤੀ ਗਈ ਹੈ। ਕਹਾਣੀ ਰਸ ਪੂਰਾ ਕਾਇਮ ਹੈ। ਕਹਾਣੀਆਂ ਵਿੱਚ ਰੌਚਿਕਤਾ ਅਤੇ ਰਵਾਨੀ ਕਿਤੇ ਨਹੀਂ ਟੁੱਟਦੀ। ਬਹੁਤੀਆਂ ਕਹਾਣੀਆਂ ਵਿੱਚ ਪਿੱਛ ਵਰਤੀ ਤਕਨੀਕ (Back lash technique) ਦੀ ਵਰਤੋਂ ਕੀਤੀ ਗਈ ਹੈ। ਪਾਤਰਾਂ ਦੀ ਮਾਨਸਿਕ ਅਵਸਥਾ ਨੂੰ ਦੱਸਣ ਲਈ ਲੇਖਕ ਆਪ ਫਜ਼ੂਲ ਦਾ ਲੈਕਚਰ ਨਹੀਂ ਦਿੰਦਾ, ਸਗੋਂ ਇਹ ਪਾਤਰ ਦੇ ਬੋਲਾਂ ਅਤੇ ਕਰਮਾਂ ਚੋਂ ਬਾਹਰ ਆਉਂਦੀ ਹੈ। ਲੋੜ ਅਨੁਸਾਰ ਵਿਗਿਆਨਕ ਜਾਣਕਾਰੀ ਵੀ ਸਿੱਧੇ ਰੂਪ ਵਿੱਚ ਨਾ ਦੇ ਕੇ ਪਾਤਰ ਵਾਰਤਾਲਾਪ ਵਿਚੋਂ ਹੀ ਨਿਕਲਦੀ ਹੈ। (ਜਿਵੇਂ ਮੱਝ ਦੇ ਸੂਣ ਨਾਲ ਸੰਬੰਧਿਤ ਅਤੇ ਲਿੰਗ ਪਰਿਵਰਤਨ ਸਮੇਂ ਦੀ ਜਾਣਕਾਰੀ) । ਮਨ ਦੀ ਅਵਸਥਾ ਨੂੰ ਵਧੇਰੇ ਚੰਗੀ ਤਰਾਂ ਸਮਝਾਉਣ ਲਈ ਕਿਤੇ ਕਿਤੇ ਕਹਾਣੀ ਵਿੱਚ ਦ੍ਰਿਸ਼ ਵਰਨਣ ਬੜਾ ਖਿੱਚਦਾ ਹੈ ਜਿਵੇਂ ਲਟ ਲਟ ਬਲ਼ਦੀ ਅੱਗ ਵਿੱਚ ਮਨ ਦੀ ਅੱਗ ,ਛਟੀਆਂ ਦੀ ਅੱਗ ਦੇ ਨਾਲ ਤੁਰਦੀ ਹੈ। ਅੰਤਿਕਾ ਖਾਲੀ ਵਿਚ ਸਮੋਸੇ ਦੇ ਦੋ ਟੋਟੇ ਦੀਪ ਦੇ ਦੋ ਹਿੱਸਿਆਂ ਵਿੱਚ ਵੰਡਣਾ ਸਮਝਣਾ, ਕਾਲਾ ਦੁੱਧ ਵਿੱਚ ਤਰਬੂਜ ਤੋੜਨਾ, ਕਹੀ ਨਾਲ ਸਿਰ ਵੱਢਣ ਦੀ ਰਿਹਰਸਲ ਜਾਪਦੀ ਹੈ। ਪੇਂਡੂ ਪਿਛੋਕੜ ਦੇ ਸਭਿਆਚਾਰ ਰਹੁ ਰੀਤਾਂ, ਵਹਿਮ ਅਤੇ ਵਿਸ਼ਵਾਸ਼ ਹੂਬਹੂ ਆਪਣੇ ਅਸਲੀ ਰੰਗ ਵਿੱਚ ਦਿਖਾਈ ਦਿੰਦੇ ਹਨ।

ਪੇਂਡੂ ਮੁਹਾਵਰੇ ਖੁਲ੍ਹੇ ਰੂਪ ਵਿੱਚ ਵਰਤੇ ਗਏ ਹਨ ਜਿਵੇਂ ਭਾਫ਼ ਨਾ ਨਿਕਲਣ ਦੇਣਾ, ਭਿੱਜੀ ਬਿੱਲੀ, ਮੌਰ ਸੇਕਣਾ, ਮੂੰਹ ਚ ਘੁੰਗਣੀਆਂ ਪਾਉਣੀਆਂ, ਕੱਚੀਆਂ ਗੋਲੀਆਂ ਖੇਡਣਾ,ਨੱਥ ਪਵਾਉਣੀ, ਡੌਰ ਭੌਰ ਝਾਕਣਾ, ਹਲਕਿਆ ਫਿਰਨਾ, ਕੁੱਤੇ ਦੀ ਪੂਛ ਸਿੱਧੀ ਨਾ ਹੋਣੀ, ਟੱਟੂ ਪਾਰ ਹੋਣਾ ,ਸਿਰੋਂ ਪਾਣੀ ਲੰਘਣਾ ਆਦਿ ਆਦਿ । ਇਸੇ ਤਰਾਂ ਕੁਝ ਖੇਤਰੀ ਅਤੇ ਠੇਠ ਸ਼ਬਦ ਵੀ ਹਨ ਜਿਹੜੇ ਅਜੋਕੇ ਪਾਠਕ ਨੂੰ ਇੱਕਦਮ ਸਮਝਣ ਵਿੱਚ ਮੁਸ਼ਕਿਲ ਹੋ ਸਕਦੀ ਹੈ। ਜਿਵੇਂ ਵਾਂਗ ਨੂੰ ਮਾਂਗ, ਕੰਬਾਈਨ ਨੂੰ ਕਰਪੈਣ, ਥੈਂਅ,ਚਕਰ ਚੂੰਡੀ, ਉਖੜੀ ਰਹਿਣ, ਸੂਤਾ ਲੜੀ ,ਕਾਨਸ, ਚਬੋਲ,ਬਕੈਣ ਆਦਿ।

ਇਹਨਾਂ ਕਹਾਣੀਆਂ ਰਾਹੀਂ ਕਹਾਣੀਕਾਰ ਨੇ ਸਮਾਜ ਦੀ ਦੁਖਦੀ ਹੋਈ ਰਗ ਤੇ ਹੱਥ ਧਰਿਆ ਹੈ। ਜੇ ਇਸ ਰੋਗ ਦੀ ਗੱਲ ਹੀ ਨਹੀਂ ਕਰਨੀ, ਤਾਂ ਉਸਦਾ ਇਲਾਜ ਕਿਵੇਂ ਹੋਏਗਾ ?? ਮਨ ਦੀਆਂ ਡੂੰਘੀਆਂ ਪਰਤਾਂ ਨੂੰ ਫੋਲਣ ਤੋਂ ਪਰਹੇਜ਼ ਕਿਉਂ ?? ਵੈਸੇ ਵੀ ਅਸੀਂ ਅੱਜ ਜਜ਼ਬੇ ਪ੍ਰਗਟਾਉਣ ਦੇ ਯੁੱਗ ਤੋਂ ਜਜ਼ਬੇ ਲੁਕੋਣ ਦੇ ਯੁੱਗ ਵਿੱਚ ਪ੍ਰਵੇਸ਼ ਕਰ ਚੁੱਕੇ ਹਾਂ। ਮਰਦ ਦੀ ਕਾਮ ਬਿਰਤੀ ਕਿਉਂ ਕਾਬੂ ਨਹੀਂ ?? ਅਜੋਕਾ ਮਰਦ ਸਰੀਰਕ ਮਰਦਾਨਗੀ ਕਿਉਂ ਗਵਾਚ ਰਿਹਾ ਹੈ ??ਔਰਤ ਦੀ ਅੰਦਰਲੀ ਛੁਪੀ ਵੇਦਨਾ ਨੂੰ ਸਮਝਣਾ, ਉਸਦੀ ਪਿਆਰ ਭੁੱਖ, ਕਾਮ ਭੁੱਖ, ਸਤਿਕਾਰ ਦੀ ਲੋੜ ਅਤੇ ਸਮਾਜ ਵਿੱਚ ਉਸਦੇ ਸਨਮਾਨ ਦੀ ਬਾਤ ਪਾਉਂਦੀਆਂ ਇਹ ਕਹਾਣੀਆਂ ਸਮਾਜ ਦੇ ਠੇਕੇਦਾਰਾਂ ਨੂੰ ਹਲੂਣਦੀਆਂ ਹਨ। ਕਿਉਂਕਿ ਜੇ ਚੁੱਪ ਕਰਕੇ ਇਸ ਨੂੰ ਇਸੇ ਤਰ੍ਹਾਂ ਹੀ ਚੱਲੀ ਜਾਣ ਦਿੱਤਾ ,ਤਾਂ ਭਵਿੱਖ ਵਿੱਚ ਕੋਈ ਵੱਡਾ ਧਮਾਕਾ ਵੀ ਹੋ ਸਕਦਾ ਹੈ। ਰੋਗ ਦੀ ਪਹਿਚਾਣ ਉਸਨੇ ਕਰਵਾ ਦਿੱਤੀ ਹੈ। ਲੈਬ ਟੈਸਟਾਂ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਰਿਪੋਰਟਾਂ ਸਾਹਮਣੇ ਰੱਖ ਦਿੱਤੀਆਂ ਹਨ ।ਲੇਖਕ ਨੇ ਸਮੱਸਿਆ ਦੇ ਹੱਲ ਦੱਸਣ ਵੱਲ ਬਹੁਤੀ ਰੁਚੀ ਨਹੀਂ ਦਿਖਾਈ, ਯਥਾਰਥ ਪੇਸ਼ ਕਰ ਦਿੱਤਾ ਹੈ। ਤਸਵੀਰ ਸਾਹਮਣੇ ਰੱਖ ਦਿੱਤੀ ਹੈ, ਇਸ ਨਾਲ ਕਿਵੇਂ ਨਜਿੱਠਣਾ ਹੈ, ਸ਼ਾਇਦ ਇਹ ਕਲਮ ਦੇ ਅਗਲੇ ਸਫ਼ਰ ਲਈ ਰਾਖਵਾਂ ਰੱਖ ਲਿਆ ਹੋਵੇ। ਵਿਅਕਤੀਆਂ ਵਲੋਂ ਨਿੱਜੀ ਰੂਪ ਵਿੱਚ ਕੁਝ ਹੱਲ ਦਿਖਾਏ ਹਨ, ਜਿਵੇਂ ਮੁੰਡੇ ਵਲੋਂ ਕਾਮੀ ਪਿਓ ਨੂੰ ਮਾਰਨ ਦਾ ਫੈਸਲਾ, ਲੜਕੀ ਵਲੋਂ ਮੂੰਹ ਤੇ ਠੋਕਵਾਂ ਜਵਾਬ, ਨੂੰਹ ਵੱਲੋਂ ਆੜ੍ਹਤੀਏ ਨਾਲ ਭੱਜਣਾ ਆਦਿ ॥ ਪਰ ਇਹਨਾਂ ਸਮੱਸਿਆਵਾਂ ਦੇ ਠੀਕ ਅਤੇ ਢੁਕਵੇਂ ਹੱਲ ਜਾਂ ਦਿਖਾਏ ਹੀ ਨਹੀਂ, ਜੇ ਕਿਤੇ ਕੋਸ਼ਿਸ਼ ਕੀਤੀ ਗਈ ਹੈ, ਉਹ ਸਫਲ ਨਹੀਂ ਹੋਈ। ਜਿਵੇਂ ਪੰਚਾਇਤ ਕੋਲ ਸ਼ਿਕਾਇਤ ਹੋਈ, ਪਰ ਪੰਚਾਇਤ ਜੁੜੀ ਹੀ ਨਹੀਂ। ਇਸੇ ਤਰਾਂ ਗਵਾਚੇ ਮਰਦ ਦੀ ਪੁਲਿਸ ਰਿਪੋਰਟ ਆਦਿ॥ ਅਸੀਂ ਆਸ ਕਰਦੇ ਹਾਂ ਕਿ ਆਗਾਮੀ ਲਿਖਤਾਂ ਵਿੱਚ ਇਸ ਪੱਖ ਵੱਲ ਵੀ ਧਿਆਨ ਦਿੱਤਾ ਜਾਏਗਾ।

ਕਹਾਣੀਆਂ ਵਿਚੋਂ ਕੁਝ ਝਲਕੀਆਂ ਦੇਖਣੀਆਂ ਦਿਲਚਸਪੀ ਤੋਂ ਖਾਲੀ ਨਹੀਂ --

* ਜੇ ਤੀਵੀਂ ਨੇ ਘਰ ਵਸਾਉਣਾ ਈ ਹੋਵੇ, ਤਾਂ ਇਹੋ ਜਿਹਾ ਬੰਦਾ ਨਿਕਾਰਨ ਲਈ ਔਰਤ ਕੋਲੇ ਭਲਾ ਹੋਰ ਕਿਹੜਾ ਹਥਿਆਰ ਹੁੰਦੈ ?? (ਪੰਨਾ 19, ਉਦੋਂ ਮੈਨੂੰ ਹੀ ਸਮਝ ਲੈਣਾ )
* ਇੱਕ ਹੋਰ ਅਵਾਜ ਮੇਰੇ ਅੰਦਰੋਂ ਉੱਠਦੀ ਹੈ, ਜਿੱਦਣ ਮੇਰਾ ਮਨ ਚੁਲਬੁਲਾ ਉੱਠਿਆ,ਮੈਂ ਤਾਂ ਭਜਾ ਦੇਵਾਂਗੀ ਆਪਣੇ ਭਰਾ ਨੂੰ ਕਹਾਂਗੀ ਚੱਲ ਭਰਾਵਾਂ ਡੰਡੀ ਫੜ੍ਹ ਮੈਂ ਕਿਹੜਾ ਬੁੱਢੀ ਹੋ ਗਈ ਹਾਂ, ਕਿ ਸਾਰੀ ਉਮਰ ਸੰਤਾਪ ਭੋਗਾਂ ਬੈਠਕੇ ਮਾਸਟਰ ਜੀਂ ਦੀ ਯਾਦ ਵਿੱਚ। (ਪੰਨਾ 61, ਲਾੜੀ)
* ਜਦੋਂ ਵਿਹੜੇ ਆਲੇ ਬੰਦਿਆਂ ਨੂੰ ਬਾਹਵਾਂ ਲੱਗ ਜਾਂਦੀਆਂ ਨੇ ਤਾਂ ਜ਼ੁਰਅਤਾਂ ਆਲੇ ਟੱਬਰ ਬਾਹਵਾਂ ਤੋਂ ਹੀਣੇ ਕਿਉ ਹੋ ਜਾਂਦੇ ਨੇ । (ਪੰਨਾ 90, ਬਾਹਵਾਂ)
* ਬੱਸ ਜੱਦਾ ਹਿੰਦੀ ਬੋਲਣ ਵਾਲਿਆਂ ਨੇ ਜੱਟਾਂ ਤੋਂ ਬਾਪੂ ਦਾ ਸੀਰਪੁਣਾ ਖੋਹਿਐ, ਉਦੋਂ ਤੋਂ ਉਹ ਹਿੰਦੀ ਬੋਲਣ ਵਾਲਿਆਂ ਤੋਂ ਭੜਕ ਜਾਂਦੈ। (ਪੰਨਾ 103, ਬਿੰਦੀਆ ਚਮਕੇਗੀ)

ਕਹਾਣੀਆਂ ਦੇ ਸਿਰਲੇਖ ਆਧੁਨਿਕ ਰੀਤ ਅਨੁਸਾਰ ਵਿਸ਼ੇ ਵਿਚੋਂ ਲਏ ਗਏ ਹਨ ਜੋ ਕਿ ਕਾਫੀ ਢੁਕਵੇਂ ਹਨ। ਸਮੁੱਚੇ ਤੌਰ ਤੇ ਪੁਸਤਕ ਪਾਠਕ ਨੂੰ ਝੰਜੋੜਦੀ ਹੈ ਅਤੇ ਸੋਚਣ ਲਈ ਮਜਬੂਰ ਕਰਦੀ ਹੈ। ਮੈਂ ਰਵਿੰਦਰ ਰੁਪਾਲ ਦੀ ਇਸ ਸ਼ਾਨਦਾਰ ਕਿਰਤ ਦਾ ਸਵਾਗਤ ਕਰਦਾ ਹਾਂ ਅਤੇ ਪਾਠਕਾਂ ਨੂੰ ਪੁਸਤਕ ਨੂੰ ਪੜ੍ਹਨ ਦੀ ਸਿਫਾਰਿਸ਼ ਵੀ ਕਰਦਾ ਹਾਂ।

CANADIAN TRUCK TRAINING CENTRE



ਤਸੱਲੀਬਖਸ਼ ਸੇਵਾਵਾਂ ਲਈ
ਹਰਪਾਲ ਸਿੰਘ ਮਾਨ
*ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
*ਕੰਮ ਲੱਭ ਕੇ ਦੇਣ ਦੀ ਵੀ ਗਰੰਟੀ
Approved private career college,
Training Classes for Air Brakes,
Dangerous Goods & Log Book
7270 Torbram Road, Unit 2 & 3
Mississauga (Torbram & Drew)
905-673-7200
416-294-1662


UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਮਹੀਨਾਵਾਰ ਸਮਾਗਮ ਜ਼ੂਮ-ਮਾਧਿਅਮ ਰਾਹੀਂ ਕਰਵਾਇਆ

## ਮੁੱਖ-ਬੁਲਾਰੇ ਮੋਹਾਲੀ ਤੋਂ ਡਾ. ਸਰਬਜੀਤ ਕੌਰ ਸੋਹਲ ਸਨ ਤੇ ਫਿਰ ਹੋਇਆ ਅੰਤਰਰਾਸ਼ਟਰੀ ਕਵੀ-ਦਰਬਾਰ



ਬਰੈਂਪਟਨ, (ਡਾ.ਝੰਡ) – ਕੈਨੇਡਾ ਦੇ ਪੂਰਬੀ ਭਾਗ ਦੇ ਜੀ.ਟੀ.ਏ. ਖਿੱਤੇ ਵਿੱਚ ਅੱਜਕੱਲ੍ਹ ਬਰਫ਼ਬਾਰੀ ਦਾ ਦੌਰ ਚੱਲ ਰਿਹਾ ਹੈ ਜਿਸ ਕਰਕੇ ਠੰਢ ਕਾਫ਼ੀ ਹੋ ਗਈ ਹੈ। ਮੌਸਮ ਦੇ ਇਸ ਸਖ਼ਤ ਮਿਜਾਜ਼ ਨੂੰ ਮੁੱਖ ਰੱਖਦਿਆਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਪ੍ਰਬੰਧਕੀ ਟੀਮ ਵੱਲੋਂ ਸਰਦੀ ਦੇ ਇਨ੍ਹਾਂ 3-4 ਮਹੀਨਿਆਂ ਵਿੱਚ ਆਪਣੇ ਮਹੀਨਾਵਾਰ ਸਮਾਗਮ ਜ਼ੂਮ-ਮਾਧਿਅਮ ਰਾਹੀਂ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਲਈ ਇਸ ਮਹੀਨੇ ਦਾ ਸਮਾਗਮ ਲੰਘੇ ਐਤਵਾਰ 21 ਦਸੰਬਰ ਨੂੰ ਇਸ ਤਕਨੀਕੀ ਮਾਧਿਅਮ ਦੀ ਵਰਤੋਂ ਕਰਦਿਆਂ ਕਰਵਾਇਆ ਗਿਆ ਅਤੇ ਭਾਰਤ, ਪਾਕਿਸਤਾਨ, ਇੰਗਲੈਂਡ,ਅਮਰੀਕਾ ਅਤੇ ਕੈਨੇਡਾ ਦੇ ਹੋਰ ਵਿੱਚ ਸ਼ਹਿਰਾਂ ਵਿੱਚ ਵੱਸਦੇ ਕਈ ਵਿਅੱਕਤੀ ਸਮਾਗਮ 'ਚ ਸ਼ਾਮਲ ਹੋਏ।

ਸਭਾ ਦੇ ਤਕਨੀਕੀ ਮੈਂਬਰ ਡਾ. ਜਗਮੋਹਨ ਸੰਘਾ ਦੇ ਇਹਨੀਂ ਪੰਜਾਬ ਹੋਣ ਕਰਕੇ ਉਨ੍ਹਾਂ ਵੱਲੋਂ ਚੰਡੀਗੜ੍ਹ ਤੋਂ ਮੈਂਬਰਾਂ ਤੇ ਮਹਿਮਾਨਾਂ ਨੂੰ ਨਾਲ ਜੋੜਦੇ ਹੋਏ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਮਾਗਮ ਦੇ ਮੁੱਖ -ਬੁਲਾਰੇ ਡਾ. ਸਰਬਜੀਤ ਕੌਰ ਬਾਰੇ ਸੰਖੇਪ ਜਾਣ-ਪਛਾਣ ਕਰਵਾਉਣ ਤੋਂ ਬਾਅਦ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੂੰ ਸੁਆਗ਼ਤੀ ਸ਼ਬਦ ਕਹਿਣ ਲਈ ਬੇਨਤੀ ਕੀਤੀ ਗਈ, ਜਿਨ੍ਹਾਂ ਨੇ ਬੜੇ ਭਾਵਪੂਰਤ ਸ਼ਬਦਾਂ ਵਿੱਚ ਸਮਾਗਮ ਵਿੱਚ ਸ਼ਾਮਲ ਵਿਅੱਕਤੀਆਂ ਨੂੰ ਜੀ-ਆਇਆਂ ਕਿਹਾ। ਉਪਰੰਤ, ਡਾ. ਸਰਬਜੀਤ ਸੋਹਲ ਨੇ ਆਪਣੇ ਬਾਰੇ ਗੱਲ ਕਰਦਿਆਂ ਕਿਹਾ ਕਿ ਬੀ.ਐੱਸ.ਸੀ. ਤੋਂ ਬਾਅਦ ਉਨ੍ਹਾਂ ਨੇ ਪੰਜਾਬੀ ਵਿੱਚ ਐੱਮ.ਏ. ਕੀਤੀ ਅਤੇ ਫਿਰ ਡਾ. ਹਰਿਭਜਨ ਸਿੰਘ ਦੀ ਕਵਿਤਾ ਦੇ ਰੂਪਾਕਾਰ' ਵਿਸ਼ੇ ਉੱਪਰ ਪੀਐੱਚ.ਡੀ. ਕਰਨ ਪਿੱਛੋਂ ਕਾਲਜ ਵਿੱਚ ਪੰਜਾਬੀ ਦੇ ਪ੍ਰੋਫ਼ੈਸਰ ਲੱਗ ਗਏ। ਉਨ੍ਹਾਂ ਕਿਹਾ ਕਿ ਪੰਜਾਬੀ ਸਾਹਿਤ ਪੜ੍ਹਨ ਦਾ ਸ਼ੌਕ ਉਨ੍ਹਾਂ ਨੂੰ ਬਚਪਨ ਤੋਂ ਹੀ ਸੀ ਅਤੇ ਇਸੇ ਕਾਰਨ ਵਿਗਿਆਨ ਵਿੱਚ ਗਰੈਜੂਏਸ਼ਨ ਤੋਂ ਬਾਅਦ ਉਨ੍ਹਾਂ ਦਾ ਰੁਝਾਨ ਪੰਜਾਬੀ ਦੀ ਐੱਮ.ਏ. ਕਰਨ ਵੱਲ ਹੋਇਆ।

ਆਪਣੇ ਸਾਹਿਤਕ ਸਫ਼ਰ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਕਵਿਤਾ ਲਿਖਣ ਦੀ ਜਾਗ ਉਨ੍ਹਾਂ ਨੂੰ ਡਾ. ਹਰਿਭਜਨ ਸਿੰਘ ਦੀਆਂ ਕਵਿਤਾਵਾਂ ਦੇ ਵੱਖ-ਵੱਖ ਪੱਖਾਂ ਬਾਰੇ ਖੋਜ ਕਰਨ ਦੌਰਾਨ ਲੱਗੀ। ਉਨ੍ਹਾਂ ਕਿਹਾ ਕਿ ਉਹ ਆਮ ਤੌਰ 'ਤੇ ਨਿੱਕੀ ਕਵਿਤਾ ਲਿਖਦੇ ਹਨ ਅਤੇ ਹੁਣ ਤੀਕ ਉਨ੍ਹਾਂ ਦੀਆਂ ਕਵਿਤਾਵਾਂ ਦੀਆਂ 12 ਪੁਸਤਕਾਂ ਛਪ ਚੁੱਕੀਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਸਮਾਜ ਵਿੱਚ ਅੱਜਕੱਲ੍ਹ ਹੋ ਰਹੇ ਹਿੰਸਾਤਮਿਕ ਜੁਰਮਾਂ ਬਾਰੇ ਕਈ ਕਹਾਣੀਆਂ ਲਿਖੀਆਂ ਹਨ ਅਤੇ ਇਨ੍ਹਾਂ ਵਿੱਚ ਸੁਪਨਿਆਂ ਦਾ ਜ਼ਿਕਰ ਅਕਸਰ ਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਉਹ ਕੈਨੇਡਾ, ਮੈਕਸੀਕੋ, ਫਿਨਲੈਂਡ, ਜਰਮਨੀ, ਆਦਿ ਦੇਸ਼ਾਂ ਵਿੱਚ ਜਾ ਕੇ ਆਏ ਹਨ ਅਤੇ ਕੈਨੇਡਾ ਦੀ ਬਰਫ਼ ਉਨ੍ਹਾਂ ਨੂੰ ਬੜੀ ਚੰਗੀ ਲੱਗਦੀ ਹੈ, ਕਿਉਂਕਿ ਉਹ ਕੁਦਰਤ ਨੂੰ ਬਹੁਤ ਪਿਆਰ ਕਰਦੇ ਹਨ ਅਤੇ ਇਹ ਬਹੁਤ ਹੀ ਖ਼ੂਬਸੂਰਤ ਕੁਦਰਤੀ ਵਰਤਾਰਾ ਹੈ। ਇਸ ਦੌਰਾਨ ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਦੀਆਂ ਕਈ ਕਿਤਾਬਾਂ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵੱਖ-ਵੱਖ ਸਿਲੇਬਸਾਂ ਵਿੱਚ ਲੱਗੀਆਂ ਹੋਈਆਂ ਹਨ।

ਉਪਰੰਤ, ਡਾ. ਜਗਮੋਹਨ ਸਿੰਘ ਸੰਘਾ, ਡਾ. ਸੁਖਦੇਵ ਸਿੰਘ ਝੰਡ, ਮਲੂਕ ਸਿੰਘ ਕਾਹਲੋਂ, ਬਲਰਾਜ ਚੀਮਾ, ਰਾਜਕੁਮਾਰ ਓਸ਼ੋਰਾਜ, ਸਤਬੀਰ ਸਿੰਘ, ਮਾਂਟਰੀਆਲ ਤੋਂ ਗੁਰਿੰਦਰਜੀਤ ਤੇ ਅੰਮ੍ਰਿਤਸਰ ਤੋਂ ਸਤਬੀਰ ਸਿੰਘ ਵੱਲੋਂ ਉਨ੍ਹਾਂ ਨੂੰ ਕਈ ਸੁਆਲ ਕੀਤੇ ਗਏ ਜਿਨ੍ਹਾਂ ਦਾ ਜੁਆਬ ਉਨ੍ਹਾਂ ਵੱਲੋਂ ਪੂਰੇ ਤਸੱਲੀਪੂਰਵਕ ਦਿੱਤੇ ਗਏ। ਸੁਆਲਾਂ-ਜੁਆਬਾਂ ਦੇ ਇਸ ਸੈਸ਼ਨ ਵਿੱਚ ਅੱਜਕੱਲ੍ਹ ਬੱਚਿਆਂ ਵਿੱਚ ਕਿਤਾਬਾਂ ਘੱਟ ਪੜ੍ਹਨ ਦੀ ਰੁਚੀ, ਉਨ੍ਹਾਂ ਵੱਲੋਂ ਮਾਤ-ਭਾਸ਼ਾ ਪੰਜਾਬੀ ਵਿੱਚ ਗੱਲਬਾਤ ਨਾ ਕਰਨ, ਧਰਮ ਤੇ ਸਾਹਿਤ, ਪੁਰਾਣੇ ਸੰਸਕਾਰਾਂ ਨੂੰ ਅੱਗੇ ਲਿਜਾਣ ਦੀ ਲੋੜ, ਸ਼ਹੀਦੀ ਪਰੰਪਰਾ, ਸਰਕਾਰਾਂ ਦੀ ਮਾਤ-ਭਾਸ਼ਾ ਤੇ ਖੇਤਰੀ ਭਾਸ਼ਾਵਾਂ ਸਬੰਧੀ ਬੇਰੁਖ਼ੀ, ਲੇਖਕਾਂ ਦਾ ਸਰਕਾਰਾਂ ਨਾਲ ਤਾਲਮੇਲ, ਆਦਿ ਵਿਸ਼ੇ ਸ਼ਾਮਲ ਸਨ।

ਸਮਾਗਮ ਦੇ ਦੂਸਰੇ ਸੈਸ਼ਨ ਵਿੱਚ ਅੰਤਰਰਾਸ਼ਟਰੀ ਕਵੀ-ਦਰਬਾਰ ਹੋਇਆ ਜਿਸ ਵਿੱਚ ਭਾਰਤ, ਪਾਕਿਸਤਾਨ, ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੇ ਕਈ ਸ਼ਹਿਰਾਂ ਤੋਂ ਕਵੀ ਤੇ ਕਵਿੱਤਰੀਆਂ ਸ਼ਾਮਲ ਹੋਏ। ਦੂਸਰੇ ਦੇਸ਼ਾਂ ਦੇ ਵੱਖ-ਵੱਖ ਸਮੇਂ ਨੂੰ ਮੁੱਖ ਰੱਖਦਿਆਂ ਹੋਇਆਂ ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਇਨ੍ਹਾਂ ਦੇਸ਼ਾਂ ਦੇ ਕਵੀਆਂ/ਕਵਿੱਤਰੀਆਂ ਨੂੰ ਪਹਿਲ ਦੇ ਆਧਾਰ 'ਤੇ ਆਪਣੀਆਂ ਰਚਨਾਵਾਂ ਪੇਸ਼ ਕਰਨ ਲਈ ਕਿਹਾ ਗਿਆ। ਸੱਭ ਤੋਂ ਪਹਿਲਾਂ ਲਾਹੌਰ ਤੋਂ ਜੁੜੇ ਪ੍ਰੋ. ਆਸ਼ਿਕ ਰਹੀਲ ਹੁਰਾਂ ਆਪਣੀ ਗ਼ਜ਼ਲ ਸੁਣਾਈ ਤੇ ਫਿਰ ਪੰਜਾਬ ਦੇ ਸ਼ਹਿਰ ਤਰਨਤਾਰਨ ਤੋਂ ਪਰਮਜੀਤ ਕੌਰ ਜੈਸਵਾਲ ਵੱਲੋਂ ਸੁਰੀਲੀ ਆਵਾਜ਼ ਵਿੱਚ ਗੀਤ ਪੇਸ਼ ਕੀਤਾ ਗਿਆ। ਇਸ ਸਿਲਸਿਲੇ ਨੂੰ ਅੱਗੇ ਤੋਰਦਿਆਂ ਇੰਗਲੈਂਡ ਤੋਂ ਪਵਨ ਪਰਿੰਦਾ, ਅਮਰੀਕਾ ਤੋਂ ਲਿਲੀ ਸਵਰਨ, ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੇ ਪਿੰਡਾਂ ਤੋਂ ਜੁੜੇ ਸੁਰਿੰਦਰ ਸਿੰਘ, ਅਮਰਜੀਤ ਸਿੰਘ ਜੀਤ, ਡਾ. ਅਮਰਜੋਤੀ ਮਾਂਗਟ, ਵਰਿੰਦਰ ਸਿੰਘ, ਗੁਰਚਰਨ ਸਿੰਘ ਜੋਗੀ, ਮਾਂਟਰੀਆਲ ਤੋਂ ਮਨਜੀਤ ਸਿੰਘ 'ਚਾਤ੍ਰਿਕ', ਔਟਵਾ ਤੋਂ ਲਖਬੀਰ ਸਿੰਘ ਕਾਹਲੋਂ ਵੱਲੋਂ ਆਪਣੀਆਂ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ।

ਫਿਰ ਵਾਰੀ ਆਈ ਸਥਾਨਕ ਕਵੀਆਂ/ਕਵਿੱਤਰੀਆਂ ਦੀ, ਜਿਨ੍ਹਾਂ ਨੂੰ ਮੰਚ-ਸੰਚਾਲਕ ਵੱਲੋਂ ਤਰਤੀਬ ਦਿੰਦਿਆਂ ਹੋਇਆਂ ਮੰਚ-ਸੰਚਾਲਕ ਵੱਲੋਂ ਕ੍ਰਮਵਾਰ ਕਰਨ ਅਜਾਇਬ ਸਿੰਘ ਸੰਘਾ, ਹਰਭਜਨ ਕੌਰ ਗਿੱਲ, ਜੱਸੀ ਭੁੱਲਰ, ਮਲੂਕ ਸਿੰਘ ਕਾਹਲੋਂ, ਸੁਖਦੇਵ ਸਿੰਘ ਝੰਡ, ਰਾਜਕੁਮਾਰ ਓਸ਼ੋਰਾਜ, ਜਗਮੋਹਨ ਸੰਘਾ ਨੂੰ ਪੇਸ਼ ਕੀਤਾ ਗਿਆ। ਸਰੋਤਿਆਂ ਦੀ ਫ਼ਰਮਾਇਸ਼ 'ਤੇ ਤਲਵਿੰਦਰ ਮੰਡ ਨੇ ਵੀ ਗ਼ਜ਼ਲ ਦੇ ਕੁਝ ਸ਼ਿਅਰ ਉਨ੍ਹਾਂ ਨਾਲ ਸਾਂਝੇ ਕੀਤੇ। ਇਸ ਤੋਂ ਇਲਾਵਾ ਮੰਚ-ਸੰਚਾਲਕ ਵੱਲੋਂ ਬਾਹਰਲੇ ਕਈ ਕਵੀਆਂ/ਕਵਿੱਤਰੀਆਂ ਨੂੰ ਆਪਣੀ ਇੱਕ-ਇੱਕ ਕਵਿਤਾ/ਗੀਤ ਹੋਰ ਸੁਨਾਉਣ ਦਾ ਵੀ ਮੌਕਾ ਦਿੱਤਾ ਗਿਆ। ਸਮਾਗਮ ਦੇ ਅਖ਼ੀਰ 'ਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸਮੁੱਚੇ ਪ੍ਰੋਗਰਾਮ ਨੂੰ ਬੜੇ ਢੁਕਵੇਂ ਸ਼ਬਦਾਂ 'ਚ ਸੰਕੋਚਿਆ ਗਿਆ ਅਤੇ ਨਾਲ ਹੀ ਸਮੂਹ ਬੁਲਾਰਿਆਂ ਦਾ ਧੰਨਵਾਦ ਕੀਤਾ ਗਿਆ। ਇਸ ਦੌਰਾਨ ਦੂਸਰੇ ਦੇਸ਼ਾਂ ਤੋਂ ਜੁੜੇ ਕਵੀਆਂ/ਕਵਿਤਰੀਆਂ ਦਾ ਉਨ੍ਹਾਂ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਉਨ੍ਹਾਂ ਨੂੰ ਇਸ ਸਮਾਗਮ ਨਾਲ ਜੋੜਨ ਲਈ ਸਭਾ ਦੀ ਕਾਰਜਕਾਰਨੀ ਦੀ ਮੈਂਬਰ ਰਮਿੰਦਰ ਵਾਲੀਆ ਤੇ ਕਈ ਹੋਰਨਾਂ ਵੱਲੋਂ ਵਿਸ਼ੇਸ਼ ਯਤਨ ਕੀਤੇ ਗਏ। ਰਮਿੰਦਰ ਵਾਲੀਆ ਸਮਾਗਮ ਵਿੱਚ ਸਾਰਾ ਸਮਾਂ ਹਾਜ਼ਰ ਰਹੇ ਪਰ ਆਪਣੀ ਕੋਈ ਕਵਿਤਾ ਸੁਨਾਉਣ ਤੋਂ ਪਾਸਾ ਵੱਟ ਗਏ। ਇਸੇ ਦੌਰਾਨ ਕੁਝ ਸਮੇਂ ਲਈ ਲਾਹੌਰ ਤੋਂ ਅਹਿਮਦ ਰਜ਼ਾ ਪੰਜਾਬੀ ਜੋ ਲਹਿੰਦੇ ਪੰਜਾਬ ਵਿੱਚ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਅਤੇ ਇਸ ਨੂੰ ਲਹਿੰਦੇ ਪੰਜਾਬ ਵਿੱਚ ਉਚਿਤ ਸਥਾਨ ਦੇਣ ਲਈ ਆਪਣੇ ਸਾਥੀਆਂ ਨਾਲ ਮਿਲ਼ ਕੇ ਬਾਖ਼ੂਬੀ ਕੰਮ ਕਰ ਰਹੇ ਹਨ, ਸਭਾ ਦੀ ਕਾਰਜਕਾਰਨੀ ਦੇ ਮੈਂਬਰ ਪਰਮਜੀਤ ਸਿੰਘ ਢਿੱਲੋਂ ਤੇ ਸੁਰਿੰਦਰਜੀਤ ਕੌਰ, ਡਾ. ਕ੍ਰਿਸ਼ਨ ਚੰਦਰ, ਸੁਰਜੀਤ ਕੌਰ, ਰਿੰਟੂ ਭਾਟੀਆ ਤੇ ਕਈ ਹੋਰ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਸ਼ਾਮਲ ਹੋਏ।

# ਉਸਤਾਦ ਪੂਰਨ ਸ਼ਾਹ ਕੋਟੀ ਦਾ ਦੇਹਾਂਤ



ਚੰਡੀਗੜ੍ਹ: ਪੰਜਾਬੀ ਮਨੋਰੰਜਨ ਜਗਤ ਤੋਂ ਬੇਹੱਦ ਦੁਖਦਾਈ ਖਬਰ ਸਾਹਮਣੇ ਆਈ ਹੈ। ਪ੍ਰਸਿੱਧ ਪੰਜਾਬੀ ਗਾਇਕ ਮਾਸਟਰ ਸਲੀਮ ਦੇ ਪਿਤਾ ਪੂਰਨ ਸ਼ਾਹ ਕੋਟੀ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੇ 72 ਸਾਲ ਦੀ ਉਮਰ ਵਿੱਚ ਆਖਰੀ ਸਾਹ ਲਏ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ ਅਤੇ ਜਲੰਧਰ ਦੇ ਇੱਕ ਹਸਪਤਾਲ ਵਿੱਚ ਇਲਾਜ ਅਧੀਨ ਸਨ। ਪੰਜਾਬੀ ਸੰਗੀਤ ਅਤੇ ਫਿਲਮ ਇੰਡਸਟਰੀ ਦੇ ਬਹੁਤ ਸਾਰੇ ਕਲਾਕਾਰਾਂ ਅਤੇ ਪ੍ਰਸ਼ੰਸਕਾਂ ਨੇ ਪੂਰਨ ਸ਼ਾਹ ਕੋਟੀ ਦੇ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਸੰਗੀਤ ਜਗਤ ਨਾਲ ਜੁੜੀਆਂ ਕਈ ਉਘੀਆਂ ਸ਼ਖਸ਼ੀਅਤਾਂ ਸੋਸ਼ਲ ਮੀਡੀਆ 'ਤੇ ਮਾਸਟਰ ਸਲੀਮ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕਰ ਰਹੀਆਂ ਹਨ।

ਦੱਸ ਦਈਏ ਕਿ ਮਾਸਟਰ ਸਲੀਮ ਦੇ ਪਿਤਾ ਪੂਰਨ ਸ਼ਾਹ ਕੋਟੀ ਕਈ ਪ੍ਰਸਿੱਧ ਗਾਇਕਾਂ ਦੇ ਗੁਰੂ ਰਹਿ ਚੁੱਕੇ ਹਨ। ਉਨ੍ਹਾਂ ਨੇ ਪੰਜਾਬੀ ਗਾਇਕ ਅਤੇ ਸਾਬਕਾ ਸੰਸਦ ਮੈਂਬਰ ਹੰਸਰਾਜ ਹੰਸ ਅਤੇ ਜਸਬੀਰ ਜੱਸੀ, ਬੱਬੂ ਮਾਨ ਵਰਗੇ ਕਲਾਕਾਰਾਂ ਨੂੰ ਗਾਉਣਾ ਸਿਖਾਇਆ। ਹੰਸ ਨੂੰ ਉਨ੍ਹਾਂ ਨਾਲ ਕਈ ਫੋਟੋਆਂ ਵਿੱਚ ਦੇਖਿਆ ਗਿਆ ਹੈ। ਬਹੁਤ ਸਾਰੀਆਂ ਸ਼ਖਸੀਅਤਾਂ ਅੱਜ ਪੂਰਨ ਸ਼ਾਹ ਕੋਟੀ ਦੇ ਦਿਹਾਂਤ 'ਤੇ ਦੁੱਖ ਸਾਂਝਾ ਕਰਨ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਕੋਲ ਪੁੱਜੀਆਂ ਹਨ ।

# ਲੁਧਿਆਣਾ: ਤਿੰਨ ਅਣਅਧਿਕਾਰਤ ਕਲੋਨੀਆਂ 'ਤੇ ਚੱਲਿਆ ਪੀਲਾ ਪੰਜਾ

ਲੁਧਿਆਣਾ : ਮਕਾਨ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਮੁੱਖ ਪ੍ਰਸ਼ਾਸਕ ਸੰਦੀਪ ਕੁਮਾਰ ਦੇ ਨਿਰਦੇਸ਼ਾਂ 'ਤੇ ਗਲਾਡਾ ਰੈਗੂਲੇਟਰੀ ਵਿੰਗ ਦੀ ਇਨਫੋਰਸਮੈਂਟ ਟੀਮ ਨੇ ਸੋਮਵਾਰ ਨੂੰ ਵੱਡੀ ਕਾਰਵਾਈ ਕਰਦਿਆਂ ਲੁਧਿਆਣਾ ਦੇ ਪਿੰਡ ਕਨੀਜਾ ਵਿੱਚ ਤਿੰਨ ਅਣਅਧਿਕਾਰਤ ਕਲੋਨੀਆਂ ਢਾਹ ਦਿੱਤਾ ਹੈ। ਸਾਹਮਣੇ ਆਈ ਜਾਣਕਾਰੀ ਅਨੁਸਾਰ ਜਦੋਂ ਡਿਵੈਲਪਰਾਂ ਨੂੰ ਨੋਟਿਸ ਦੇਣ ਦੇ ਬਾਵਜੂਦ ਵੀ ਉਨ੍ਹਾਂ ਗੈਰ-ਕਾਨੂੰਨੀ ਉਸਾਰੀ ਦਾ ਕੰਮ ਨਹੀਂ ਰੋਕਿਆ ਤਾਂ ਇੱਕ ਵਿਸ਼ੇਸ਼ ਟੀਮ ਨੇ ਢਾਹੁਣ ਦੀ ਮੁਹਿੰਮ ਚਲਾਈ ਜੋ ਬਿਨਾਂ ਕਿਸੇ ਵਿਰੋਧ ਦੇ ਹੋਈ। ਗਲਾਡਾ ਨੇ ਡਿਵੈਲਪਰਾਂ ਵਿਰੁੱਧ ਐਫ.ਆਈ.ਆਰ ਦਰਜ ਕਰਨ ਦੀ ਵੀ ਸਿਫਾਰਸ਼ ਕੀਤੀ ਹੈ। ਇੱਕ ਬੁਲਾਰੇ ਨੇ ਦੱਸਿਆ ਕਿ ਗੈਰ-ਕਾਨੂੰਨੀ ਕਲੋਨੀਆਂ 'ਤੇ ਵਿਸ਼ੇਸ਼ ਧਿਆਨ ਕੇਂਦਰਿਤ ਕਰਦੇ ਹੋਏ ਅਣਅਧਿਕਾਰਤ ਅਤੇ ਗੈਰ-ਯੋਜਨਾਬੱਧ ਵਿਕਾਸ ਵਿਰੁੱਧ ਜ਼ੀਰੋ ਸਹਿਣਸ਼ੀਲਤਾ ਅਪਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹਨਾਂ ਲੋਕਾਂ ਵਿਰੁੱਧ ਸਜ਼ਾਯੋਗ ਕਾਰਵਾਈ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ ਜੋ ਇਨ੍ਹਾਂ ਅਣਅਧਿਕਾਰਤ ਕਲੋਨੀਆਂ ਵਿੱਚ ਸਸਤੇ ਪਲਾਟ ਦੇਣ ਦੀ ਆੜ ਵਿੱਚ ਮਾਸੂਮ ਵਸਨੀਕਾਂ ਨੂੰ ਲੁੱਟ ਰਹੇ ਸਨ, ਜਿਨ੍ਹਾਂ ਕੋਲ ਕਾਨੂੰਨੀ ਪ੍ਰਵਾਨਗੀ ਅਤੇ ਸਰਕਾਰੀ ਨਿਯਮਾਂ ਦੀ ਪਾਲਣਾ ਦੀ ਘਾਟ ਸੀ। ਇਸ ਮਾਮਲੇ 'ਚ ਮੁੱਖ ਪ੍ਰਸ਼ਾਸਕ ਸੰਦੀਪ ਕੁਮਾਰ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਣਅਧਿਕਾਰਤ ਕਲੋਨੀਆਂ ਵਿੱਚ ਜਾਇਦਾਦ/ਪਲਾਟ/ਇਮਾਰਤਾਂ ਨਾ ਖਰੀਦਣ ਕਿਉਂਕਿ ਗਲਾਡਾ ਪਾਣੀ ਦੀ ਸਪਲਾਈ, ਸੀਵਰੇਜ, ਬਿਜਲੀ ਕੁਨੈਕਸ਼ਨ ਆਦਿ ਵਰਗੀ ਕੋਈ ਸਹੂਲਤ ਪ੍ਰਦਾਨ ਨਹੀਂ ਕਰੇਗਾ। ਉਨ੍ਹਾਂ ਅੱਗੇ ਕਿਹਾ ਕਿ ਪ੍ਰਵਾਨਿਤ ਅਤੇ ਨਿਯਮਤ ਕਲੋਨੀਆਂ ਦੀ ਸੂਚੀ ਉਨ੍ਹਾਂ ਦੇ ਪ੍ਰਵਾਨਿਤ ਨਕਸ਼ਿਆਂ ਦੇ ਨਾਲ ਗਲਾਡਾ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਹੈ ਜਿਸਦੀ ਸੰਭਾਵੀ ਖਰੀਦਦਾਰ ਕੋਈ ਵੀ ਜਾਇਦਾਦ ਖਰੀਦਣ ਤੋਂ ਪਹਿਲਾਂ ਚੈੱਕ ਕਰ ਸਕਦਾ ਹੈ।

# ਸਾਬਕਾ ਆਈ.ਜੀ. ਅਮਰ ਸਿੰਘ ਚਾਹਲ ਨੇ ਖ਼ੁਦ ਨੂੰ ਮਾਰੀ ਗੋਲੀ

## ਗੋਲੀ ਮਾਰਨ ਤੋਂ ਪਹਿਲਾਂ ਲਿਖਿਆ ਸੁਸਾਈਡ ਨੋਟ



ਪੰਜਾਬ ਦੇ ਪਟਿਆਲਾ ਵਿੱਚ ਸਾਬਕਾ ਇੰਸਪੈਕਟਰ ਜਨਰਲ ਆਫ਼ ਪੁਲਿਸ (ਆਈਜੀ) ਅਮਰ ਸਿੰਘ ਚਾਹਲ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ। ਉਨ੍ਹਾਂ ਨੇ ਆਪਣੇ ਸੁਰੱਖਿਆ ਗਾਰਡ ਦੇ ਰਿਵਾਲਵਰ ਨਾਲ ਗੋਲੀ ਚਲਾਈ। ਉਨ੍ਹਾਂ ਨੂੰ ਜ਼ਖਮੀ ਹਾਲਤ ਵਿਚ ਤੁਰੰਤ ਪਟਿਆਲਾ ਦੇ ਪਾਰਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿਥੇ ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਖੁਦ ਨੂੰ ਗੋਲੀ ਮਾਰਨ ਤੋਂ ਪਹਿਲਾਂ ਉਨ੍ਹਾਂ ਨੇ ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਯਾਦਵ ਨੂੰ ਸੰਬੋਧਿਤ 12 ਪੰਨਿਆਂ ਦਾ ਇੱਕ ਸੁਸਾਈਡ ਨੋਟ ਲਿਖਿਆ। ਮਾਮਲੇ ਦੀ ਜਾਂਚ ਜਾਰੀ ਹੈ। ਪੁਲਿਸ ਅਧਿਕਾਰੀਆਂ ਮੁਤਾਬਕ ਸੁਸਾਈਡ ਨੋਟ ਵਿੱਚ 8.10 ਕਰੋੜ ਰੁਪਏ ਦੀ ਆਨਲਾਈਨ ਧੋਖਾਧੜੀ ਦਾ ਜ਼ਿਕਰ ਹੈ। ਅਮਰ ਸਿੰਘ ਚਾਹਲ ਆਈਜੀ ਵਜੋਂ ਸੇਵਾਮੁਕਤ ਹੋਣ ਤੋਂ ਬਾਅਦ ਪਟਿਆਲਾ ਵਿੱਚ ਰਹਿ ਰਹੇ ਸਨ। ਸਾਬਕਾ ਪੁਲਿਸ ਅਧਿਕਾਰੀ ਵੱਲੋਂ ਅਜਿਹਾ ਕਦਮ ਚੁੱਕੇ ਜਾਣ ਦੀ ਘਟਨਾ ਨਾਲ ਹੜਕੰਪ ਮਚ ਗਿਆ। ਪਟਿਆਲਾ ਦੇ ਐਸਐਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਗੋਲੀਬਾਰੀ ਦੀ ਜਾਣਕਾਰੀ ਮਿਲਣ 'ਤੇ ਪੁਲਿਸ ਟੀਮਾਂ ਤੁਰੰਤ ਅਮਰ ਸਿੰਘ ਚਾਹਲ ਦੇ ਘਰ ਪਹੁੰਚੀਆਂ। ਸੁਸਾਈਡ ਨੋਟ ਵਿੱਚ, ਚਾਹਲ ਨੇ ਲਿਖਿਆ ਕਿ ਉਹ ਹਾਲ ਹੀ ਵਿੱਚ ਆਈਪੀਐਸ ਗਰੁੱਪ ਨਾਮਕ ਇੱਕ ਵ੍ਹਾਟਸਐਪ ਗਰੁੱਪ ਵਿੱਚ ਸ਼ਾਮਲ ਹੋਏ ਸਨ, ਜਿੱਥੇ ਲੋਕਾਂ ਨੇ ਉਨ੍ਹਾਂ ਨੂੰ ਨਿਵੇਸ਼ 'ਤੇ ਵੱਡੇ ਮੁਨਾਫਾ ਮਿਲਣ ਦਾ ਲਾਲਚ ਦਿੱਤਾ ਸੀ। ਇਸ 'ਤੇ ਭਰੋਸਾ ਕਰਦੇ ਹੋਏ ਉਨ੍ਹਾਂ ਨੇ ਹੌਲੀ-ਹੌਲੀ ਵੱਡੀ ਰਕਮ ਦਾ ਨਿਵੇਸ਼ ਕੀਤਾ, ਪਰ ਬਾਅਦ ਵਿੱਚ ਸਮਝ ਆਇਆ ਕਿ ਇਹ ਪੂਰਾ ਮਾਮਲਾ ਠੱਗੀ ਦਾ ਸੀ। ਸੁਸਾਈਡ ਨੋਟ ਵਿਚ ਸਾਬਕਾ IPS ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਖਜਾਨਾ ਮੰਤਰੀ ਤੋਂ ਇਨਸਾਫ ਦੀ ਮੰਗ ਕੀਤੀ ਹੈ।

# ਮੁੱਖ ਮੰਤਰੀ ਮਾਨ ਕੇਂਦਰ ਦੀ VB-G RAM G ਸਕੀਮ 'ਤੇ ਭੜਕੇ, ਮਨਰੇਗਾ 'ਚ ਬਦਲਾਅ ਨੂੰ ਦੱਸਿਆ ਗਰੀਬ ਵਿਰੋਧੀ ਸਾਜ਼ਿਸ਼

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਨੂੰ ਕੇਂਦਰ ਸਰਕਾਰ ਵੱਲੋਂ ਮਨਰੇਗਾ ਦੀ ਥਾਂ ਵੀਬੀ-ਜੀ ਰੈਮ ਜੀ (ਵਿਕਾਸ ਭਾਰਤ ਗਾਰੰਟੀ ਫਾਰ ਇੰਪਲਾਇਮੈਂਟ ਐਂਡ ਲਾਈਵਲੀਹੁੱਡ ਮਿਸ਼ਨ ਰੂਰਲ) ਸਕੀਮ ਲਿਆਉਣ ਦੇ ਫੈਸਲੇ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ। ਇਸਨੂੰ ਗਰੀਬਾਂ ਦੀ ਰੋਜ਼ੀ-ਰੋਟੀ 'ਤੇ ਸਿੱਧਾ ਹਮਲਾ ਦੱਸਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਸਰਕਾਰ ਮਹਾਤਮਾ ਗਾਂਧੀ ਦਾ ਨਾਮ ਹਟਾਉਣ ਅਤੇ ਇਸ ਯੋਜਨਾ ਦੀ ਭਾਵਨਾ ਨੂੰ ਤਬਾਹ ਕਰਨ 'ਤੇ ਤੁਲੀ ਹੋਈ ਹੈ। ਮਾਨ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਇਸ ਮੁੱਦੇ 'ਤੇ ਪੰਜਾਬੀਆਂ ਦੀ ਆਵਾਜ਼ ਬੁਲੰਦ ਕਰਨ ਲਈ ਜਨਵਰੀ ਦੇ ਦੂਜੇ ਹਫ਼ਤੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਏਗੀ। ਇਹ ਫੈਸਲਾ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਸਮੇਤ ਚੋਟੀ ਦੇ ਆਗੂਆਂ ਨਾਲ ਮੀਟਿੰਗ ਤੋਂ ਬਾਅਦ ਲਿਆ ਗਿਆ। ਮੰਗਲਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ, "ਕੇਂਦਰ ਦੀ ਭਾਜਪਾ ਸਰਕਾਰ ਰੇਲਵੇ ਸਟੇਸ਼ਨਾਂ ਅਤੇ ਸ਼ਹਿਰਾਂ ਦੇ ਨਾਮ ਬਦਲਣ ਵਿੱਚ ਰੁੱਝੀ ਹੋਈ ਹੈ। ਮੈਨੂੰ ਡਰ ਹੈ ਕਿ ਉਹ ਦੇਸ਼ ਦਾ ਨਾਮ ਵੀ ਦੀਨਦਿਆਲ ਉਪਾਧਿਆਏ ਨਗਰ ਰੱਖ ਸਕਦੇ ਹਨ।" ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਤਬਦੀਲੀ ਸਿਰਫ਼ ਨਾਮ ਬਦਲਣ ਨਾਲ ਨਹੀਂ ਆਉਂਦੀ, ਸਗੋਂ ਅਸਲ ਕਾਰਵਾਈ ਨਾਲ ਆਉਂਦੀ ਹੈ। ਇੱਕ ਉਦਾਹਰਣ ਦਿੰਦੇ ਹੋਏ, ਉਨ੍ਹਾਂ ਪੁੱਛਿਆ ਕਿ ਜੇਕਰ ਕਿਸੇ ਪੱਤਰਕਾਰ ਦਾ ਨਾਮ "ਮਸੀ" ਕਰ ਦਿੱਤਾ ਜਾਂਦਾ ਹੈ, ਤਾਂ ਕੀ ਲੋਕ ਉਸਨੂੰ ਦੇਖਣ ਲਈ ਚੰਡੀਗੜ੍ਹ ਆਉਣਗੇ? ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਯੋਜਨਾ ਦੇ ਨਾਮ ਦੀ ਪਰਵਾਹ ਕੀਤੇ ਬਿਨਾਂ, ਮਜ਼ਦੂਰਾਂ ਨੂੰ ਸਮੇਂ ਸਿਰ ਉਨ੍ਹਾਂ ਦੀ ਤਨਖਾਹ ਮਿਲਣੀ ਚਾਹੀਦੀ ਹੈ ਅਤੇ ਸਹੀ ਵਿਅਕਤੀ ਤੱਕ ਪਹੁੰਚਣਾ ਚਾਹੀਦਾ ਹੈ। ਵਿਰੋਧੀ ਧਿਰ ਦੇ ਸਖ਼ਤ ਵਿਰੋਧ ਦੇ ਵਿਚਕਾਰ, ਲੋਕ ਸਭਾ ਨੇ ਵੀਰਵਾਰ ਨੂੰ ਲਗਭਗ 14 ਘੰਟਿਆਂ ਦੀ ਬਹਿਸ ਤੋਂ ਬਾਅਦ ਡਭ-ਘ੍ਰ ਅੰ ਘ ਬਿੱਲ ਪਾਸ ਕਰ ਦਿੱਤਾ। ਇਸ ਨਵੇਂ ਕਾਨੂੰਨ ਦੇ ਤਹਿਤ, ਪੇਂਡੂ ਪਰਿਵਾਰਾਂ ਨੂੰ 100 ਦੀ ਬਜਾਏ ਪ੍ਰਤੀ ਸਾਲ 125 ਦਿਨ ਰੁਜ਼ਗਾਰ ਦੀ ਗਰੰਟੀ ਦਿੱਤੀ ਜਾਵੇਗੀ। ਹਾਲਾਂਕਿ, ਵਿਰੋਧੀ ਧਿਰ ਦਾ ਦੋਸ਼ ਹੈ ਕਿ ਇਹ ਤਬਦੀਲੀ ਸਿਰਫ ਕਾਗਜ਼ਾਂ 'ਤੇ ਹੈ। ਅਸਲੀਅਤ ਵਿੱਚ, ਯੋਜਨਾ ਦੇ ਫੰਡਿੰਗ ਮਾਡਲ ਨੂੰ ਬਦਲ ਦਿੱਤਾ ਗਿਆ ਹੈ। ਪਹਿਲਾਂ, ਕੇਂਦਰ ਸਰਕਾਰ ਖਰਚੇ ਦਾ 100 ਪ੍ਰਤੀਸ਼ਤ ਬੋਝ ਪਾਉਂਦੀ ਸੀ, ਪਰ ਹੁਣ ਰਾਜਾਂ ਨੂੰ 40 ਪ੍ਰਤੀਸ਼ਤ ਯੋਗਦਾਨ ਪਾਉਣਾ ਪਵੇਗਾ। ਇਹ 60:40 ਕੇਂਦਰ-ਰਾਜ ਫੰਡ-ਸ਼ੇਅਰਿੰਗ ਮਾਡਲ ਪੰਜਾਬ ਵਰਗੇ ਵਿੱਤੀ ਤੌਰ 'ਤੇ ਤੰਗ ਰਾਜਾਂ ਲਈ ਇੱਕ ਵੱਡੀ ਚੁਣੌਤੀ ਸਾਬਤ ਹੋ ਸਕਦਾ ਹੈ।



ਆਮ ਆਦਮੀ ਪਾਰਟੀ ਦੇ ਬੁਲਾਰੇ ਨੀਲ ਗਰਗ ਨੇ ਬਿੱਲ ਨੂੰ "ਯੋਜਨਾਬੱਧ ਧੋਖਾਧੜੀ" ਕਿਹਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਲਗਾਤਾਰ ਖਾਲੀ ਨਾਅਰਿਆਂ ਅਤੇ ਰਾਜਨੀਤਿਕ ਡਰਾਮੇਬਾਜ਼ੀਆਂ ਨਾਲ ਜਨਤਾ ਨੂੰ ਗੁੰਮਰਾਹ ਕੀਤਾ ਹੈ, ਜਦੋਂ ਕਿ ਸਮਾਜ ਦੇ ਸਭ ਤੋਂ ਗਰੀਬ ਵਰਗਾਂ ਲਈ ਭਲਾਈ ਗਰੰਟੀਆਂ ਨੂੰ ਯੋਜਨਾਬੱਧ ਢੰਗ ਨਾਲ ਕਮਜ਼ੋਰ ਕੀਤਾ ਹੈ। ਗਰਗ ਨੇ ਸਪੱਸ਼ਟ ਕੀਤਾ ਕਿ ਇਹ ਸਿਰਫ ਨਾਮ ਬਦਲਣ ਜਾਂ ਮਹਾਤਮਾ ਗਾਂਧੀ ਦਾ ਨਾਮ ਹਟਾਉਣ ਦਾ ਮਾਮਲਾ ਨਹੀਂ ਹੈ; ਸਗੋਂ, ਕੇਂਦਰ ਸਰਕਾਰ ਨੇ ਅਸਲ ਵਿੱਚ ਮਨਰੇਗਾ ਲਈ ਮੌਤ ਦੀ ਘੰਟੀ ਵਜਾ ਦਿੱਤੀ ਹੈ ਅਤੇ ਟੀਵੀ ਬਹਿਸਾਂ ਅਤੇ ਧਿਆਨ ਭਟਕਾਉਣ ਦੇ ਪਿੱਛੇ ਆਪਣੇ ਮਜ਼ਦੂਰ ਵਿਰੋਧੀ ਏਜੰਡੇ ਨੂੰ ਛੁਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਸਵਾਲ ਕੀਤਾ ਕਿ ਪੇਂਡੂ ਮਜ਼ਦੂਰ ਹੁਣ ਰੁਜ਼ਗਾਰ ਕਿਵੇਂ ਪ੍ਰਾਪਤ ਕਰਨਗੇ। ਨਵਾਂ ਬਿੱਲ ਕਈ ਮੁੱਖ ਬਦਲਾਅ ਕਰਦਾ ਹੈ ਜੋ ਚਿੰਤਾ ਦਾ ਕਾਰਨ ਬਣ ਗਏ ਹਨ। ਪਹਿਲਾਂ, ਮੰਗ-ਅਧਾਰਤ ਬਜਟ ਵੰਡ ਨੂੰ "ਆਦਰਸ਼ ਫੰਡਿੰਗ" ਨਾਲ ਬਦਲ ਦਿੱਤਾ ਗਿਆ ਹੈ, ਜਿਸ ਵਿੱਚ ਕੇਂਦਰ ਸਰਕਾਰ ਪਹਿਲਾਂ ਤੋਂ ਨਿਰਧਾਰਤ ਮਾਪਦੰਡਾਂ ਦੇ ਅਧਾਰ 'ਤੇ ਰਾਜ-ਵਾਰ ਬਜਟ ਨਿਰਧਾਰਤ ਕਰੇਗੀ। ਦੂਜਾ, ਖੇਤੀਬਾੜੀ ਮਜ਼ਦੂਰਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ 60 ਦਿਨਾਂ ਦੀ ਲਾਜ਼ਮੀ "ਕੰਮ ਨਾ ਕਰਨ ਦੀ ਮਿਆਦ" ਲਾਗੂ ਕੀਤੀ ਗਈ ਹੈ। ਤੀਜਾ, ਰੁਜ਼ਗਾਰ ਸਿਰਫ਼ ਕੇਂਦਰ ਸਰਕਾਰ ਦੁਆਰਾ ਸੂਚਿਤ ਖੇਤਰਾਂ ਵਿੱਚ ਹੀ ਉਪਲਬਧ ਹੋਵੇਗਾ, ਜਿਸ ਨਾਲ ਕਾਨੂੰਨੀ ਗਰੰਟੀਆਂ ਕਮਜ਼ੋਰ ਹੋ ਜਾਣਗੀਆਂ। ਚੌਥਾ, ਜੇਕਰ 15 ਦਿਨਾਂ ਦੇ ਅੰਦਰ ਕੰਮ ਨਹੀਂ ਮਿਲਦਾ ਤਾਂ ਬੇਰੁਜ਼ਗਾਰੀ ਭੱਤਾ ਲਾਜ਼ਮੀ ਹੋਵੇਗਾ, ਪਰ ਇਸਦਾ ਲਾਗੂ ਹੋਣਾ ਸ਼ੱਕੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਬਦਲਾਅ ਅਧਿਕਾਰ-ਅਧਾਰਤ ਯੋਜਨਾ ਨੂੰ ਇੱਕ ਵਿਵੇਕਸ਼ੀਲ ਯੋਜਨਾ ਵਿੱਚ ਬਦਲ ਦੇਣਗੇ। ਪੰਜਾਬ ਭਰ ਵਿੱਚ ਵੱਖ-ਵੱਖ ਸੰਗਠਨਾਂ ਨੇ ਮਨਰੇਗਾ ਦੀ ਥਾਂ ਲੈਣ ਦੇ ਵਿਰੋਧ ਵਿੱਚ ਵਿਰੋਧ ਪ੍ਰਦਰਸ਼ਨ ਸ਼ੁਰੂ ਕੀਤੇ ਹਨ। ਬੁੱਧਵਾਰ ਨੂੰ, ਪੰਜਾਬ ਖੇਤ ਮਜ਼ਦੂਰ ਯੂਨੀਅਨਾਂ ਨੇ ਬਠਿੰਡਾ, ਮੋਗਾ, ਮੁਕਤਸਰ, ਫਰੀਦਕੋਟ ਅਤੇ ਸੰਗਰੂਰ ਵਿੱਚ ਕੇਂਦਰ ਸਰਕਾਰ ਦੇ ਪੁਤਲੇ ਫੂਕੇ।


GTA Plumbling & Electrical Supplies



ONE STOP SHOP FOR ALL PLUMBING & ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250

* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more

Moen, American Standard Pfister, Faucets, ABS, Copper and all type of fitting

905-792-0036

18 Strathearn Ave South A, Unit#25-27
Brampton (Steeles & Dixie)



ASK Mortgage Ltd.

Business Loan
Credit Line
Truck/Taxi Loan
New Immigrant Package

416-366-1234



Jaswinder Khosa
416-894-9400

1332 Khalsa Drive Unit 12



ਦੇਸੀ ਦਵਾਈਆਂ ਦਾ ਚਮਤਕਾਰ

ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ



ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ

PH: 416-425-0138
514-632-0138

ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ

ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ

Solve Your Life Problems with Easy Opay & Lucky Stone, Book and Appointment Today!

# ਭਾਰ ਫੈਟੀ ਲੀਵਰ ਨੂੰ ਘੱਟ ਕਰਨ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ Black Coffee



ਜੇਕਰ ਤੁਸੀਂ ਦੁੱਧ ਵਾਲੀ ਕੌਫੀ ਦਾ ਆਨੰਦ ਮਾਣਦੇ ਹੋ, ਤਾਂ ਕਦੇ-ਕਦੇ ਬਲੈਕ ਕੌਫੀ ਨੂੰ ਵੀ ਜ਼ਰੂਰ ਅਜ਼ਮਾਓ। ਇਸ ਰੂਪ ਵਿੱਚ ਇਹ ਸਭ ਤੋਂ ਵੱਧ ਫਾਇਦੇ ਪ੍ਰਦਾਨ ਕਰਦੀ ਹੈ। ਬਲੈਕ ਕੌਫੀ ਆਪਣੇ ਜਿਗਰ ਲਈ ਦਵਾਈ ਵਾਂਗ ਹੈ। ਇਸਨੂੰ ਸਿਰਫ਼ ਊਰਜਾ ਵਧਾਉਣ ਵਾਲੇ ਵਜੋਂ ਨਾ ਸੋਚੋ; ਇਹ ਜਿਗਰ ਦੀ ਚਰਬੀ ਤੋਂ ਛੁਟਕਾਰਾ ਪਾਉਣ ਵਿੱਚ ਵੀ ਮਦਦ ਕਰਦਾ ਹੈ।

**ਸਿਹਤਮੰਦ ਹੈ ਬਲੈਕ ਕੌਫੀ**

ਕੌਫੀ ਕਈ ਕਿਸਮਾਂ ਦੀਆਂ ਹਨ, ਪਰ ਭਾਰਤ ਵਿੱਚ, ਦੁੱਧ ਅਤੇ ਖੰਡ ਨਾਲ ਬਣੀ ਕੌਫੀ ਸਭ ਤੋਂ ਵੱਧ ਪ੍ਰਸਿੱਧ ਹੈ। ਹਾਲਾਂਕਿ, ਇਹ ਡਰਿੰਕ ਕੌਫੀ ਦੇ ਅਸਲ ਲਾਭ ਪ੍ਰਦਾਨ ਨਹੀਂ ਕਰਦਾ। ਇਸਦੇ ਲਈ, ਤੁਹਾਨੂੰ ਖੰਡ ਜਾਂ ਦੁੱਧ ਤੋਂ ਬਿਨਾਂ ਬਲੈਕ ਕੌਫੀ ਪੀਣ ਦੀ ਜ਼ਰੂਰਤ ਹੈ।

ਗੈਸਟ੍ਰੋਐਂਟਰੋਲੋਜਿਸਟ ਡਾ. ਸ਼ੁਭਮ ਵਤਸ ਕਹਿੰਦੇ ਹਨ ਕਿ ਬਲੈਕ ਕੌਫੀ ਪੀਣਾ ਸਿਰਫ਼ ਇੱਕ ਆਦਤ ਨਹੀਂ ਹੈ, ਸਗੋਂ ਜਿਗਰ ਲਈ ਦਵਾਈ ਵਾਂਗ ਹੈ। ਖੰਡ ਅਤੇ ਦੁੱਧ ਤੋਂ ਬਿਨਾਂ, ਇਹ ਇੱਕ ਦੁਰਲੱਭ ਕੁਦਰਤੀ ਡਰਿੰਕ ਬਣ ਜਾਂਦਾ ਹੈ ਜੋ ਜਿਗਰ ਦੀ ਚਰਬੀ ਨੂੰ ਘੋਲ ਸਕਦਾ ਹੈ। ਇਹ ਇਸ ਅੰਗ ਨੂੰ ਲੰਬੇ ਸਮੇਂ ਦੇ ਨੁਕਸਾਨ ਤੋਂ ਵੀ ਬਚਾਉਂਦਾ ਹੈ।

**ਬਿਨ੍ਹਾਂ ਦੁੱਧ ਅਤੇ ਖੰਡ ਤੋਂ ਬਣਾਓ ਕੌਫੀ**

ਜਿਗਰ ਦੀ ਸਿਹਤ ਨੂੰ ਉਤਸ਼ਾਹਿਤ ਕਰਨ ਅਤੇ ਚਰਬੀ ਤੋਂ ਛੁਟਕਾਰਾ ਪਾਉਣ ਲਈ, ਇਹ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ ਕਿ ਤੁਹਾਡੀ ਕੌਫੀ ਵਿੱਚ ਦੁੱਧ ਜਾਂ ਖੰਡ ਨਾ ਹੋਵੇ। ਨਹੀਂ ਤਾਂ, ਇਹ ਆਪਣਾ ਉਹ ਅਸਰ ਹੀ ਕਰੇਗੀ ਜੋ ਅਸੀਂ ਲੈਣਾ ਚਾਹੁੰਦੇ ਹਾਂ।

**ਵਿਗਿਆਨ ਕੀ ਕਹਿੰਦਾ ਹੈ?**

ਡਾਕਟਰ ਨੇ ਸਮਝਾਇਆ ਕਿ ਖੰਡ-ਮੁਕਤ ਬਲੈਕ ਕੌਫੀ ਦੇ ਫਾਇਦਿਆਂ ਦਾ ਸਮਰਥਨ ਕਰਨ ਵਾਲੀਆਂ ਵਿਗਿਆਨਕ ਖੋਜਾਂ ਦਾ ਭੰਡਾਰ ਹੈ। 3 ਤੋਂ 4 ਕੱਪ ਬਲੈਕ ਕੌਫੀ ਪੀਣ ਨਾਲ ਤੁਹਾਡੇ ਜਿਗਰ ਵਿੱਚ ਸਾਰੀ ਚਰਬੀ ਨੂੰ ਸਾੜਨ ਵਿੱਚ ਮਦਦ ਮਿਲ ਸਕਦੀ ਹੈ।

**ਮੈਟਾਬੋਲਿਜ਼ਮ ਨੂੰ ਵੀ ਵਧਾਉਂਦਾ ਹੈ**

ਡਾਕਟਰ ਨੇ ਸਮਝਾਇਆ ਕਿ ਬਲੈਕ ਕੌਫੀ ਸਿਰਫ਼ ਜਿਗਰ ਲਈ ਚੰਗੀ ਨਹੀਂ ਹੈ। ਇਹ ਜਿਗਰ ਦੀ ਸਿਹਤ ਨੂੰ ਬਿਹਤਰ ਬਣਾਉਂਦਾ ਹੈ ਅਤੇ ਮੈਟਾਬੋਲਿਜ਼ਮ ਨੂੰ ਵਧਾਉਂਦਾ ਹੈ। ਇੱਕ ਤੇਜ਼ ਮੈਟਾਬੋਲਿਜ਼ਮ ਪੂਰੇ ਸਰੀਰ ਵਿੱਚ ਚਰਬੀ ਨੂੰ ਸਾੜਨ ਵਿੱਚ ਮਦਦ ਕਰਦਾ ਹੈ, ਬੇਕਾਬੂ ਜਿਗਰ ਦੀ ਚਰਬੀ ਇਕੱਠੀ ਹੋਣ ਤੋਂ ਰੋਕਦਾ ਹੈ।

ਡਾਕਟਰ ਨਾਲ ਸਲਾਹ ਕਰਨ ਤੋਂ ਇਲਾਵਾ, ਸਾਨੂੰ ਜਿਗਰ ਦੀ ਚਰਬੀ ਇਕੱਠੀ ਹੋਣ ਦੇ ਲੱਛਣਾਂ ਨੂੰ ਵੀ ਸਿੱਖਣਾ ਚਾਹੀਦਾ ਹੈ। ਮੈਡਲਾਈਨ ਦੇ ਅਨੁਸਾਰ, ਇਹ ਸਥਿਤੀ ਬਿਨਾਂ ਕਿਸੇ ਲੱਛਣ ਦੇ ਹੋ ਸਕਦੀ ਹੈ। ਹਾਲਾਂਕਿ, ਪੇਟ ਦੇ ਸੱਜੇ ਪਾਸੇ ਥਕਾਵਟ ਅਤੇ ਬੇਅਰਾਮੀ ਆਮ ਹਨ।

# ਰਾਤ ਨੂੰ ਸੌਣ ਤੋਂ ਪਹਿਲਾਂ ਦੁੱਧ 'ਚ ਮਿਲ ਕੇ ਪੀਓ ਇਹ ਚੀਜ਼

## ਹੋਣਗੇ ਕਈ ਹੈਰਾਨੀਜਨਕ ਫਾਇਦੇ !



ਸਰਦੀਆਂ ਵਿੱਚ, ਤੁਹਾਨੂੰ ਉਹ ਭੋਜਨ ਖਾਣੇ ਚਾਹੀਦੇ ਹਨ ਜੋ ਤੁਹਾਨੂੰ ਅੰਦਰੋਂ ਗਰਮ ਕਰਦੇ ਹਨ ਅਤੇ ਸਰਦੀਆਂ ਦੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ। ਸੌਣ ਤੋਂ ਪਹਿਲਾਂ ਖਜੂਰ ਦਾ ਦੁੱਧ ਪੀਣ ਨਾਲ ਤੁਸੀਂ ਸਿਹਤਮੰਦ ਰਹਿ ਸਕਦੇ ਹੋ। ਦੁੱਧ ਅਤੇ ਖਜੂਰ ਦੋਵੇਂ ਬਹੁਤ ਪੌਸ਼ਟਿਕ ਹੁੰਦੇ ਹਨ, ਪਰ ਜਦੋਂ ਇਕੱਠੇ ਮਿਲਾਏ ਜਾਂਦੇ ਹਨ, ਤਾਂ ਉਨ੍ਹਾਂ ਦੇ ਫਾਇਦੇ ਦੁੱਗਣੇ ਹੋ ਜਾਂਦੇ ਹਨ। ਆਓ ਖਜੂਰ ਦਾ ਦੁੱਧ ਪੀਣ ਦੇ ਫਾਇਦਿਆਂ ਉੱਤੇ ਇੱਕ ਨਜ਼ਰ ਮਾਰੀਏ...।

ਸੌਣ ਤੋਂ ਪਹਿਲਾਂ ਦੁੱਧ ਪੀਣਾ ਇੱਕ ਸਿਹਤਮੰਦ ਆਦਤ ਹੈ, ਪਰ ਜੇਕਰ ਤੁਸੀਂ ਇਸ ਨੂੰ ਹੋਰ ਵੀ ਸੁਆਦੀ, ਸਿਹਤਮੰਦ ਅਤੇ ਪੌਸ਼ਟਿਕ ਬਣਾਉਣਾ ਚਾਹੁੰਦੇ ਹੋ, ਤਾਂ ਇਸ ਵਿੱਚ ਖਜੂਰ ਪਾਓ, ਇਸਨੂੰ ਉਬਾਲੋ, ਅਤੇ ਫਿਰ ਇਸਨੂੰ ਗਰਮਾ-ਗਰਮ ਪੀਓ। ਆਯੁਰਵੇਦ ਦੇ ਅਨੁਸਾਰ, ਦੁੱਧ ਅਤੇ ਖਜੂਰ ਨੂੰ ਇਕੱਠੇ ਮਿਲਾਉਣ ਨਾਲ ਇਹ ਨਾ ਸਿਰਫ਼ ਸੁਆਦੀ ਬਣਦਾ ਹੈ ਬਲਕਿ ਸਰੀਰ ਲਈ ਇੱਕ ਅੰਮ੍ਰਿਤ ਦਾ ਕੰਮ ਵੀ ਕਰਦਾ ਹੈ। ਇਹ ਸਰੀਰ ਨੂੰ ਅੰਦਰੋਂ ਮਜ਼ਬੂਤ ਬਣਾਉਂਦਾ ਹੈ।

ਆਯੁਰਵੇਦ ਵਿੱਚ ਤਸੀਰ ਅਨੁਸਾਰ ਦੁੱਧ ਨੂੰ ਠੰਡਾ ਮੰਨਿਆ ਜਾਂਦਾ ਹੈ ਅਤੇ ਖਜੂਰ ਨੂੰ ਗਰਮ ਮੰਨਿਆ ਜਾਂਦਾ ਹੈ। ਜਦੋਂ ਕਿ ਇਹ ਦੋਵੇਂ ਕੁਦਰਤ ਵਿੱਚ ਵਿਰੋਧੀ ਹਨ, ਜਦੋਂ ਇਕੱਠੇ ਉਬਾਲਿਆ ਜਾਂਦਾ ਹੈ, ਤਾਂ ਇਹ ਇੱਕ ਦੂਜੇ ਦੇ ਪੂਰਕ ਹਨ। ਇਹ ਮਿਸ਼ਰਣ ਸਰੀਰ ਦੀ ਊਰਜਾ ਵਧਾਉਂਦਾ ਹੈ, ਤਾਕਤ ਪ੍ਰਦਾਨ ਕਰਦਾ ਹੈ ਅਤੇ ਟਿਸ਼ੂਆਂ ਨੂੰ ਪੋਸ਼ਣ ਦਿੰਦਾ ਹੈ। ਇਸਨੂੰ ਇੱਕ ਟੌਨਿਕ, ਇੱਕ ਟੌਨਿਕ ਅਤੇ ਇੱਕ ਧਾਤ-ਬੂਸਟ ਕਰਨ ਵਾਲਾ ਏਜੰਟ ਮੰਨਿਆ ਜਾਂਦਾ ਹੈ।

ਸੌਣ ਤੋਂ ਪਹਿਲਾਂ ਖਜੂਰ ਦਾ ਦੁੱਧ ਪੀਣ ਨਾਲ ਨੀਂਦ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ, ਆਰਾਮਦਾਇਕ ਨੀਂਦ ਨੂੰ ਉਤਸ਼ਾਹਿਤ ਕਰਦਾ ਹੈ, ਅਤੇ ਦਿਨ ਭਰ ਦੀ ਥਕਾਵਟ ਅਤੇ ਤਣਾਅ ਤੋਂ ਰਾਹਤ ਮਿਲਦੀ ਹੈ। ਇਹ ਮਨ ਨੂੰ ਸ਼ਾਂਤੀ ਦਿੰਦਾ ਹੈ। ਆਯੁਰਵੇਦ ਇਸ ਨੂੰ ਇੱਕ ਅਜਿਹੀ ਡ੍ਰਿੰਕ ਮੰਨਦਾ ਹੈ ਜੋ ਲੰਬੀ ਉਮਰ, ਸਥਿਰ ਮਨ ਅਤੇ ਖੁਸ਼ੀ ਨੂੰ ਵਧਾਉਂਦਾ ਹੈ।



# ਇਹ 7 ਸੰਕੇਤ ਦਰਸਾਉਂਦੇ ਹਨ, ਤੁਹਾਡਾ ਸਰੀਰ ਕਿਸੇ ਇਨਫੈਕਸ਼ਨ ਨਾਲ ਲੜ ਰਿਹਾ ਹੈ, ਪਰ ਜ਼ਿਆਦਾਤਰ ਲੋਕ ਇਨ੍ਹਾਂ ਨੂੰ ਕਰ ਦਿੰਦੇ ਹਨ ਨਜ਼ਰਅੰਦਾਜ਼



ਸਾਡਾ ਸਰੀਰ ਹਰ ਰੋਜ਼ ਕਈ ਤਰ੍ਹਾਂ ਦੇ ਬੈਕਟੀਰੀਆ, ਵਾਇਰਸ ਅਤੇ ਹੋਰ ਕੀਟਾਣੂਆਂ ਨਾਲ ਲੜਦਾ ਹੈ। ਅਕਸਰ, ਇਹ ਲੜਾਈ ਬਿਨਾਂ ਕਿਸੇ ਵੱਡੇ ਲੱਛਣ ਦੇ ਖਤਮ ਹੋ ਜਾਂਦੀ ਹੈ, ਇਸ ਲਈ ਸਾਨੂੰ ਇਹ ਵੀ ਅਹਿਸਾਸ ਨਹੀਂ ਹੁੰਦਾ ਕਿ ਅੰਦਰ ਕੀ ਹੋ ਰਿਹਾ ਹੈ। ਹਾਲਾਂਕਿ, ਕੁਝ ਮਾਮਲਿਆਂ ਵਿੱਚ, ਸਰੀਰ ਸੂਖਮ ਸੰਕੇਤ ਦੇਣਾ ਸ਼ੁਰੂ ਕਰ ਦਿੰਦਾ ਹੈ, ਜਿਨ੍ਹਾਂ ਨੂੰ ਅਸੀਂ ਇਹ ਸੋਚ ਕੇ ਅਨਦੇਖਾ ਕਰ ਦਿੰਦੇ ਹਾਂ ਕਿ ਇਹ ਥਕਾਵਟ, ਤਣਾਅ, ਜਾਂ ਮੌਸਮ ਦੇ ਪ੍ਰਭਾਵ ਹਨ। ਇਹ ਛੋਟੀਆਂ ਚੀਜ਼ਾਂ ਬਾਅਦ ਵਿੱਚ ਵੱਡੀਆਂ ਸਮੱਸਿਆਵਾਂ ਬਣ ਸਕਦੀਆਂ ਹਨ। ਇਸ ਲਈ, ਸਰੀਰ ਦੇ ਸ਼ੁਰੂਆਤੀ ਸੰਕੇਤਾਂ ਨੂੰ ਸਮਝਣਾ ਅਤੇ ਉਨ੍ਹਾਂ ਨੂੰ ਤੁਰੰਤ ਹੱਲ ਕਰਨਾ ਮਹੱਤਵਪੂਰਨ ਹੈ।

ਬਹੁਤ ਸਾਰੇ ਇਨਫੈਕਸ਼ਨ ਲੁਕੇ ਰਹਿੰਦੇ ਹਨ ਕਿਉਂਕਿ ਸਰੀਰ ਉਨ੍ਹਾਂ ਨੂੰ ਕਾਬੂ ਵਿੱਚ ਰੱਖਦਾ ਹੈ। ਹਲਕਾ ਬੁਖਾਰ, ਸਿਰ ਦਰਦ, ਜਾਂ ਕਮਜ਼ੋਰੀ ਵਰਗੇ ਲੱਛਣ ਇੰਨੇ ਆਮ ਹਨ ਕਿ ਲੋਕ ਉਨ੍ਹਾਂ ਨੂੰ ਦਰਦ ਨਿਵਾਰਕਾਂ ਨਾਲ ਦਬਾ ਦਿੰਦੇ ਹਨ। ਜੇਕਰ ਤੁਸੀਂ ਕੁਝ ਦਿਨਾਂ ਤੋਂ ਲਗਾਤਾਰ ਥਕਾਵਟ, ਸੁਸਤ ਜਾਂ ਕਮਜ਼ੋਰੀ ਮਹਿਸੂਸ ਕਰ ਰਹੇ ਹੋ, ਅਤੇ ਆਰਾਮ ਕਰਨ ਤੋਂ ਬਾਅਦ ਵੀ ਤੁਹਾਡੀ ਊਰਜਾ ਵਾਪਸ ਨਹੀਂ ਆਉਂਦੀ, ਤਾਂ ਇਹ ਸ਼ਾਇਦ ਸਿਰਫ ਨੀਂਦ ਦੀ ਘਾਟ ਨਹੀਂ ਹੈ। ਇਨਫੈਕਸ਼ਨ ਨਾਲ ਲੜਨ ਨਾਲ ਸਰੀਰ ਦੀ ਇਮਿਊਨ ਸਿਸਟਮ ਤੋਂ ਊਰਜਾ ਜਾਂਦੀ ਹੈ, ਜਿਸ ਨਾਲ ਥਕਾਵਟ ਵਧਦੀ ਹੈ। ਥ ੋ ੜ੍ਹ ਾ ਜਿਹਾ ਉੱਚਾ ਤਾਪਮਾਨ, ਵਾਰ-ਵਾਰ ਠੰਢ ਲੱਗਣਾ, ਜਾਂ ਰਾਤ ਨੂੰ ਪਸੀਨਾ ਆਉਣਾ ਵੀ ਇੱਕ ਚੇਤਾਵਨੀ ਸੰਕੇਤ ਹੋ ਸਕਦਾ ਹੈ। ਇਹ ਤੇਜ਼ ਬੁਖਾਰ ਵਰਗਾ ਮਹਿਸੂਸ ਨਹੀਂ ਹੁੰਦਾ, ਇਸ ਲਈ ਲੋਕ ਇਸ ਨੂੰ ਮਾਮੂਲੀ ਸਮਝਦੇ ਹਨ। ਪਰ ਜੇਕਰ ਇਹ ਲੱਛਣ ਕਈ ਦਿਨਾਂ ਤੱਕ ਬਣੇ ਰਹਿੰਦੇ ਹਨ, ਤਾਂ ਸਾਵਧਾਨ ਰਹਿਣਾ ਜ਼ਰੂਰੀ ਹੈ। ਸਰੀਰ ਵਿੱਚ ਬਿਨਾਂ ਵਜ੍ਹਾ ਦਰਦ, ਮਾਸਪੇਸ਼ੀਆਂ ਵਿੱਚ ਖਿਚਾਅ, ਜਾਂ ਜੋੜਾਂ ਵਿੱਚ ਹਲਕੀ ਬੇਅਰਾਮੀ ਵੀ ਲਾਗ ਦੇ ਸੰਕੇਤ ਹੋ ਸਕਦੇ ਹਨ। ਇਹ ਸੋਜਸ਼ ਕਾਰਨ ਹੁੰਦਾ ਹੈ, ਜਿਸ ਨੂੰ ਲੋਕ ਅਕਸਰ ਤਣਾਅ ਨਾਲ ਜੋੜਦੇ ਹਨ।

ਭੁੱਖ ਨਾ ਲੱਗਣਾ, ਹਲਕੀ ਮਤਲੀ, ਪੇਟ ਦਰਦ, ਜਾਂ ਦਸਤ ਵਰਗੇ ਅੰਤੜੀਆਂ ਨਾਲ ਸਬੰਧਤ ਬਦਲਾਅ ਵੀ ਸਰੀਰ ਦੇ ਅੰਦਰ ਅੰਦਰੂਨੀ ਟਕਰਾਅ ਦਾ ਸੰਕੇਤ ਹੋ ਸਕਦੇ ਹਨ। ਇਸੇ ਤਰ੍ਹਾਂ, ਲੰਬੇ ਸਮੇਂ ਤੱਕ ਨੱਕ ਬੰਦ ਰਹਿਣਾ, ਖੰਘ, ਜਾਂ ਗਲੇ ਦੀਆਂ ਸਮੱਸਿਆਵਾਂ ਆਮ ਜ਼ੁਕਾਮ ਤੋਂ ਵੱਧ ਹੋ ਸਕਦੀਆਂ ਹਨ। ਸੁੱਜੇ ਹੋਏ ਲਿੰਫ ਨੋਡ, ਬਿਨਾਂ ਸੱਟ ਦੇ ਸਕਿਨ ਦੀ ਲਾਲੀ, ਜਾਂ ਦਿਮਾਗ ਵਿੱਚ ਭਾਰੀਪਨ ਦੀ ਭਾਵਨਾ, ਚਿੜਚਿੜਾਪਨ, ਅਤੇ ਦਿਮਾਗੀ ਧੁੰਦ - ਇਹ ਸਾਰੇ ਛੋਟੇ ਪਰ ਮਹੱਤਵਪੂਰਨ ਸੰਕੇਤ ਹਨ। ਆਪਣੇ ਸਰੀਰ ਨੂੰ ਸੁਣਨਾ ਮਹੱਤਵਪੂਰਨ ਹੈ, ਕਿਉਂਕਿ ਸਮੇਂ ਸਿਰ ਧਿਆਨ ਦੇਣ ਨਾਲ ਵੱਡੀਆਂ ਸਮੱਸਿਆਵਾਂ ਨੂੰ ਰੋਕਿਆ ਜਾ ਸਕਦਾ ਹੈ।

# ਸਰਦੀਆਂ 'ਚ ਜਾਨਲੇਵਾ ਹੋ ਰਿਹਾ ਹਾਰਟ ਅਟੈਕ, ਵਰਤੋ ਇਹ ਸਾਵਧਾਨੀਆਂ



ਬੁਲੰਦਸ਼ਹਿਰ : ਸਰਦੀਆਂ ਦਾ ਕਹਿਰ ਵਧਣ ਨਾਲ ਹੀ ਹਾਰਟ ਅਟੈਕ ਦੇ ਮਾਮਲੇ ਦੁੱਗਣੇ ਹੋ ਗਏ ਹਨ। ਹਾਰਟ ਅਟੈਕ ਖ਼ਾਸ ਕਰਕੇ 30 ਤੋਂ 50 ਸਾਲ ਦੀ ਉਮਰ ਦੇ ਲੋਕਾਂ ਦੀ ਜਾਨ ਲੈ ਰਿਹਾ ਹੈ। ਕਲਿਆਣ ਸਿੰਘ ਰਾਜਕੀ ਮੈਡੀਕਲ ਕਾਲਜ ਨਾਲ ਸਬੰਧਤ ਜ਼ਿਲ੍ਹਾ ਹਸਪਤਾਲ ਵਿੱਚ ਅਕਤੂਬਰ ਦੇ ਮੁਕਾਬਲੇ ਨਵੰਬਰ ਅਤੇ ਦਸੰਬਰ ਵਿੱਚ ਹਾਰਟ ਅਟੈਕ ਦੇ ਮਾਮਲੇ ਤੇਜ਼ੀ ਨਾਲ ਵਧੇ ਹਨ। ਇਸ ਤੋਂ ਇਲਾਵਾ ਬਲੱਡ ਪ੍ਰੈਸ਼ਰ (BP) ਦੇ ਮਰੀਜ਼ਾਂ ਦੀ ਗਿਣਤੀ ਵੀ ਵਧ ਗਈ ਹੈ।

ਜ਼ਿਲ੍ਹਾ ਹਸਪਤਾਲ ਦੇ ਮੁੱਖ ਮੈਡੀਕਲ ਸੁਪਰਡੈਂਟ (CMS) ਡਾ. ਪ੍ਰਦੀਪ ਰਾਣਾ ਅਨੁਸਾਰ, ਅਕਤੂਬਰ ਦੇ ਸ਼ੁਰੂ ਵਿੱਚ ਹਰ ਰੋਜ਼ 2 ਤੋਂ 3 ਮਰੀਜ਼ ਹਾਰਟ ਅਟੈਕ ਦੀ ਐਮਰਜੈਂਸੀ ਵਿੱਚ ਆਉਂਦੇ ਸਨ ਪਰ ਹੁਣ ਇਹ ਗਿਣਤੀ 5 ਤੋਂ 7 ਹੋ ਗਈ ਹੈ।

**ਸਰਦੀਆਂ 'ਚ ਕਿਉਂ ਵਧਦਾ ਹੈ ਖ਼ਤਰਾ**

ਡਾਕਟਰਾਂ ਅਨੁਸਾਰ ਸਰਦੀਆਂ ਵਿੱਚ ਖ਼ੂਨ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ, ਜਿਸ ਕਾਰਨ ਬਲੱਡ ਪ੍ਰੈਸ਼ਰ ਵਧ ਸਕਦਾ ਹੈ ਅਤੇ ਦਿਲ ਨੂੰ ਖ਼ੂਨ ਪੰਪ ਕਰਨ ਲਈ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ। ਇਸ ਤੋਂ ਇਲਾਵਾ ਸਰਦੀਆਂ ਵਿੱਚ ਜ਼ਿਆਦਾ ਤਲੀ ਹੋਈ ਖ਼ੁਰਾਕ ਖਾਣ ਨਾਲ ਕੋਲੈਸਟ੍ਰੋਲ ਦਾ ਪੱਧਰ ਵਧਦਾ ਹੈ, ਜੋ ਨਾੜੀਆਂ ਵਿੱਚ ਰੁਕਾਵਟ ਪੈਦਾ ਕਰ ਸਕਦਾ ਹੈ।

**ਹਾਲ ਹੀ 'ਚ ਹੋਈਆਂ ਮੌਤਾਂ ਦੇ ਅੰਕੜੇ**

30 ਨਵੰਬਰ: ਗੁਲਾਵਠੀ ਵਿੱਚ CRPF ਦੇ 55 ਸਾਲਾ ਦਰੋਗਾ ਇਸਲਾਮੁਦੀਨ ਦੀ ਮੌਤ।

05 ਦਸੰਬਰ: ਗੁਲਾਵਠੀ ਵਿੱਚ ਦਿੱਲੀ ਪੁਲਿਸ ਦੇ 50 ਸਾਲਾ ਦਰੋਗਾ ਦੇਵੇਂਦਰ ਸਿੰਘ ਦੀ ਮੌਤ।

15 ਦਸੰਬਰ: ਅਨੂਪਸ਼ਹਿਰ ਦੇ 54 ਸਾਲਾ ਸਾਬਕਾ ਸਰਪੰਚ ਫ਼ਖ਼ਰੂਦੀਨ ਦੀ ਮੌਤ।

17 ਦਸੰਬਰ: ਸਿਕੰਦਰਾਬਾਦ ਵਿੱਚ ਦਿੱਲੀ ਪੁਲਿਸ ਦੇ 33 ਸਾਲਾ ਸਿਪਾਹੀ ਅਨੂਪ ਚੌਧਰੀ ਦੀ ਮੌਤ।

19 ਦਸੰਬਰ: ਸਿਆਨਾ ਵਿੱਚ 40 ਸਾਲਾ ਤਾਰਿਕ ਮੇਵਤੀ ਦੀ ਜਾਨ ਗਈ।

**ਡਾਕਟਰੀ ਸਲਾਹ**

ਸੀਨੀਅਰ ਫਿਜ਼ੀਸ਼ੀਅਨ ਡਾ. ਜੇ.ਸੀ. ਮੁਦਗਲ ਅਨੁਸਾਰ, ਜਿਨ੍ਹਾਂ ਦੇ ਪਰਿਵਾਰ ਵਿੱਚ ਦਿਲ ਦੇ ਰੋਗ ਜਾਂ ਬੀਪੀ ਦਾ ਇਤਿਹਾਸ ਹੈ, ਉਨ੍ਹਾਂ ਨੂੰ ਆਪਣੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ। ਹਾਰਟ ਅਟੈਕ ਆਉਣ ਦੀ ਸਥਿਤੀ ਵਿੱਚ ਮਰੀਜ਼ ਨੂੰ ਤੁਰੰਤ ਸੀਪੀਆਰ (CPR) ਦਿਓ ਅਤੇ ਜੇਕਰ ਮਰੀਜ਼ ਨੂੰ ਐਲਰਜੀ ਨਹੀਂ ਹੈ ਤਾਂ ਉਸ ਨੂੰ ਐਸਪਰੀਨ (Aspirin) ਚਬਾਉਣ ਲਈ ਦਿਓ, ਜੋ ਖ਼ੂਨ ਦੇ ਜੰਮਣ (clot) ਨੂੰ ਘਟਾ ਸਕਦੀ ਹੈ।

ਇਹ ਵਰਤੋ ਸਾਵਧਾਨੀਆਂ

ਪੂਰੀ ਮਾਤਰਾ ਵਿੱਚ ਪਾਣੀ ਪੀਓ।

ਬਾਦਾਮ ਅਤੇ ਅਖ਼ਰੋਟ ਦਾ ਸੇਵਨ ਕਰੋ।

ਸਿਗਰਟਨੋਸ਼ੀ ਅਤੇ ਸ਼ਰਾਬ ਤੋਂ ਦੂਰ ਰਹੋ।

ਰੋਜ਼ਾਨਾ ਪੂਰੀ ਨੀਂਦ ਲਓ।

ਤਣਾਅ ਤੋਂ ਬਚਣ ਲਈ ਘਰ ਦੇ ਅੰਦਰ ਹੀ ਘੱਟੋ-ਘੱਟ 30 ਮਿੰਟ ਕਸਰਤ ਕਰੋ।

ਜਦੋਂ ਤਾਪਮਾਨ ਬਹੁਤ ਘੱਟ ਹੋਵੇ ਤਾਂ ਸਵੇਰੇ ਜਲਦੀ ਘਰੋਂ ਬਾਹਰ ਨਾ ਨਿਕਲੋ। ਧੁੱਪ ਨਿਕਲਣ 'ਤੇ ਹੀ ਬਾਹਰ ਜਾਓ।

ਕਮਰੇ ਦਾ ਤਾਪਮਾਨ ਸਧਾਰਨ ਰੱਖੋ ਅਤੇ ਆਇਲ ਹੀਟਰ ਦੀ ਵਰਤੋਂ ਕਰੋ।

ਘਿਓ, ਤੇਲ ਅਤੇ ਚਿਕਨਾਈ ਵਾਲੀਆਂ ਚੀਜ਼ਾਂ ਤੋਂ ਪਰਹੇਜ਼ ਕਰੋ।

ਆਪਣੇ ਬਲੱਡ ਪ੍ਰੈਸ਼ਰ ਅਤੇ ਕੋਲੈਸਟ੍ਰੋਲ ਦੀ ਲਗਾਤਾਰ ਨਿਗਰਾਨੀ ਰੱਖੋ।












# ਰਾਸ਼ੀਫਲ

**ਮੇਖ :** ਅੱਜ ਤੁਸੀ ਥਕਾਵਟ ਮਹਿਸੂਸ ਕਰੋਂਗੇ ਅਤੇ ਛੋਟੀ ਛੋਟੀ ਗੱਲਾਂ ਤੇ ਨਾਰਾਜ਼ ਵੀ ਹੋ ਸਕਦੇ ਹੋ। ਤੁਹਾਡੇ ਪਿਤਾ ਦੀ ਕੋਈ ਸਲਾਹ ਅੱਜ ਕੰਮ ਕਾਰ ਵਿਚ ਤੁਹਾਨੂੰ ਧੰਨ ਲਾਭ ਕਰਾ ਸਕਦੀ ਹੈ। ਸਮਾਜਿਕ ਉਤਸਵਾ ਵਿਚ ਹਾਜ਼ਿਰ ਹੋਣ ਦਾ ਮੋਕਾ ਹੈ ਜੋ ਤੁਹਾਨੂੰ ਪ੍ਰਭਾਵਸ਼ਾਲੀ ਲੋਕਾਂ ਦੇ ਸੰਪਰਕ ਵਿਚ ਲਿਆਵੇਗਾ। ਪੂਰੇ ਸੰਸਾਰ ਦੀ ਖੁਸ਼ੀ ਦੋਵਾਂ ਦੇ ਵਿਚ ਆਯੋਜਨ ਕੀਤੀ ਜਾਵੇਗੀ ਜੋ ਪਿਆਰ ਵਿਚ ਹਨ ਹਾਂ ਤੁਸੀ ਕਿਸਮਤ ਵਾਲੇ ਹੋ। ਪੱਤਰ ਵਿਹਾਰ ਦੇ ਬੈਕਲਾਗ ਨੂੰ ਉੱਚ ਤਰਜੀਹ ਦੀ ਲੋੜ ਹੈ । ਆਪਣਾ ਸਮਾਂ ਅਤੇ ਤਾਕਤ ਦੂਜਿਆਂ ਦੀ ਮਦਦ ਕਰਨ ਤੇ ਅਰਪਣ ਕਰੋ ਪਰੰਤੂ ਅਜਿਹੇ ਮਾਮਲੇ ਵਿਚ ਸ਼ਾਮਲ ਹੋਣ ਤੋਂ ਬਚੋ ਜਿਨਾਂ ਨਾਲ ਤੁਹਾਡੀ ਕੋਈ ਲੈਣ ਦੇਣ ਨਹੀਂ ਹੈ। ਇਸ ਨੂੰ ਮਤਭੇਦਾਂ ਦੀ ਲੜੀ ਪੂਰਾ ਕਰੇਗੀ ਅਤੇ ਤੁਹਾਨੂੰ ਆਪਣੇ ਜੀਵਨ ਸਾਥੀ ਨਾਲ ਮੇਲ ਮਿਲਾਪ ਕਰਨਾ ਮੁਸ਼ਕਿਲ ਹੋਵੇਗਾ।

**ਬ੍ਰਿਸ਼ਭ:** ਸਿਹਤ ਨਾਲ ਜੁੜੀ ਸਮੱਸਿਆ ਪਰੇਸ਼ਾਨੀ ਦੇ ਸਕਦੀ ਹੈ। ਹਾਲਾਂ ਕਿ ਪੈਸਾ ਤੁਹਾਡੇ ਲਈ ਮਹੱਤਰਵੂਰਨ ਤੱਥ ਹੈ ਪਰੰਤੂ ਧੰਨ ਨੂੰ ਲੈ ਕੇ ਸੰਜੀਦਾ ਨਾ ਹੋ ਜਾਵੇ ਕਿ ਤੁਹਾਡੇ ਰਿਸ਼ਤਿਆਂ ਨੂੰ ਖਰਾਬ ਕਰ ਦੇਵੇ। ਬੱਚਿਆਂ ਦੀ ਪੜ੍ਹਾਈ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ ਹੈ ਇਸ ਸਮੇਂ ਜੋ ਸਮੱਸਿਆਵਾਂ ਤੁਹਾਨੂੰ ਝੇਲਣੀਆਂ ਪੈ ਰਹੀਆਂ ਹਨ ਉਹ ਪਲ ਦੀਆਂ ਹਨ ਅਤੇ ਸਮੇਂ ਦੇ ਨਾਲ ਖਤਮ ਹੋ ਜਾਣਗੀਆਂ। ਯਾਤਰਾ ਦੇ ਚਲਦੇ ਰੋਮਾਂਟਿਕ ਸੰਬੰਧਾਂ ਨੂੰ ਵਾਧਾ ਮਿਲੇਗਾ। ਕੰਮ ਕਾਰ ਦੇ ਸਿਲਸਿਲੇ ਵਿਚ ਤੁਹਾਡੇ ਉੱਪਰ ਜਿੰਮੇਵਾਰੀਆਂ ਦਾ ਬੋਝ ਵੱਧ ਸਕਦਾ ਹੈ। ਤੁਹਾਨੂੰ ਅੱਜ ਲੋਕਾਂ ਨਾਲ ਗੱਪੇ ਮਾਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂ ਕਿ ਇਹ ਤੁਹਾਡਾ ਬਹੁਤਾ ਸਮਾਂ ਖਾਂਦਾ ਹੈ। ਤੁਹਾਡੇ ਮਾਤਾ ਪਿਤਾ ਤੁਹਾਡੇ ਜੀਵਨਸਾਥੀ ਨੂੰ ਸੱਚਮੁਚ ਕੁਝ ਸ਼ਾਨਦਾਰ ਆਸ਼ੀਰਵਾਦ ਦੇਣ ਜਿਸ ਦੇ ਚਲਦੇ ਤੁਹਾਡੇ ਵਿਵਾਹਿਕ ਜੀਵਨ ਵਿਚ ਹੋਰ ਨਿਖਾਰ ਆਵੇਗਾ।

**ਮਿਥੁਨ:** ਖੁੱਲ੍ਹਿਆ ਹੋਇਆ ਸਮਾਨ ਨਾ ਖਾਵੋ ਨਹੀਂ ਤਾਂ ਸਿਹਤ ਖਰਾਬ ਹੋ ਸਕਦੀ ਹੈ। ਬੋਲਦੇ ਸਮੇਂ ਅਤੇ ਆਰਥਿਕ ਲੈਣ ਦੇਣ ਸਮੇਂ ਸਾਵਧਾਨੀ ਵਰਤਣ ਦੀ ਲੋੜ ਹੈ। ਆਪਣੇ ਦੋਸਤਾਂ ਅਤੇ ਪਰਿਵਾਰ ਦੇ ਸਹਿਯੋਗ ਦੇ ਚਲਦੇ ਤੁਸੀ ਨਵੇਂ ਆਤਮਵਿਸ਼ਵਾਸ਼ ਅਤੇ ਰੋਮਾਂਚ ਨਾਲ ਭਰਪੂਰ ਹੋਵੋਂਗੇ। ਆਪਣੀ ਪ੍ਰੇਮੀਕਾ ਨਾਲ ਅਸ਼ਲੀਲ ਨਾ ਬਣੋ। ਕੰਮ ਦੇ ਵਿਚ ਤੁਹਾਡੇ ਪ੍ਰੋਫੈਸ਼ਨ ਦੀ ਪਰੀਖਿਆ ਹੋਵੇਗੀ। ਇੱਛਤ ਪਰਿਣਾਮ ਦੇਣ ਦੇ ਲਈ ਤੁਹਾਨੂੰ ਆਪਣੀ ਕੋਸ਼ਿਸ਼ ਤੇ ਇਕਾਗਰਤਾ ਬਣਾਏ ਰੱਖਣ ਦੀ ਲੋੜ ਹੈ। ਦਿਨ ਦੀ ਸ਼ੁਰੂਆਤ ਭਾਂਵੇ ਥੋੜੀ ਥਕਾਵਟ ਭਰੀ ਹੋਵੇ ਪਰੰਤੂ ਦਿਨ ਜਿਸ ਤਰਾਂ ਵਿਕਾਸ ਕਰੇਗਾ ਤੁਹਾਡੇ ਲਈ ਵਧੀਆ ਨਤੀਜੇ ਆਉਣਗੇ ਦਿਨ ਦੇ ਅੰਤ ਵਿਚ ਤੁਸੀ ਆਪਣੇ ਆਪ ਲਈ ਸਮੇਂ ਦੀ ਭਾਲ ਕਰੋਂਗੇ ਅਤੇ ਕੁਝ ਕਰੀਬੀਆਂ ਨੂੰ ਮਿਲਣ ਦੀ ਯੋਜਨਾ ਬਣਾਉਂਗੇ। ਰੋਜ਼ਮਰਾਂ ਦੀਆਂ ਲੋੜਾਂ ਪੂਰੀਆਂ ਨਾ ਹੋਣ ਤੇ ਤੁਹਾਡੇ ਵਿਆਹੁਤ ਜਿੰਦਗੀ ਵਿਚ ਤਣਾਵ ਸੰਭਵ ਹੈ ਖਾਣਾ, ਸਾਫ ਸਫਾਈ ਜਾਂ ਕੋਈ ਘਰੇੱਲੂ ਕੰਮ ਇਸ ਦਾ ਕਾਰਨ ਹੋ ਸਕਦਾ ਹੈ।



**ਕਰਕ :** ਵਾਹਨ ਚਲਾਉਂਦੇ ਸਮੇਂ ਸਾਵਧਾਨੀ ਵਰਤੋ ਖਾਸ ਤੋਰ ਤੇ ਜੇਕਰ ਤੁਸੀ ਰਾਤ ਦੇ ਸਮੇਂ ਯਾਤਰਾ ਕਰ ਰਹੇ ਹੋ। ਘਰ ਦੀਆਂ ਛੋਟੀ ਛੋਟੀ ਚੀਜਾਂ ਤੇ ਅੱਜ ਤੁਹਾਡਾ ਕਾਫੀ ਪੈਸਾ ਖਰਾਬ ਹੋ ਸਕਦਾ ਹੈ ਜਿਸਦੀ ਵਜਾਹ ਨਾਲ ਤੁਸੀ ਮਾਨਸਿਕ ਤਨਾਅ ਵਿਚ ਆ ਸਕਦੇ ਹੋ। ਘਰੇੱਲੂ ਜ਼ਿੰਦਗੀ ਸਕੂਨਭਰੀ ਅਤੇ ਹਾਸੀਭਰੀ ਰਹੇਗੀ। ਅੱਜ ਦੇ ਦਿਨ ਤੁਹਾਨੂੰ ਦੋਸਤਾਂ ਦੀ ਮਹਿਕ ਉਨਾਂ ਦੀ ਗੈਰਹਾਜ਼ਰੀ ਵਿਚ ਮਹਿਸੂਸ ਹੋਵੇਗੀ। ਨਵੇਂ ਉੱਦਮਾਂ ਨੂੰ ਸ਼ੁਰੂ ਕਰਨ ਦੇ ਲਈ ਸੁਭ ਦਿਨ ਹੈ। ਕਿਉਂ ਕਿ ਕੋਈ ਕੰਮ ਤੁਹਾਡੇ ਕੰਮ ਵਾਲੀ ਥਾਂ ਤੇ ਬਕਾਇਆ ਰਹਿੰਦਾ ਹੈ ਕਿਸੇ ਕਾਰਨ ਕਰਕੇ ਤੁਹਾਨੂੰ ਆਪਣਾ ਕੀਮਤੀ ਸਮਾਂ ਸ਼ਾਮ ਨੂੰ ਦੇਣਾ ਪਵੇਗਾ। ਤੁਸੀ ਆਪਣੀ ਸ਼ੋਕੀਨ ਵਿਆਹੁਤ ਜ਼ਿੰਦਗੀ ਵਿਚ ਇਕ ਸੁੰਦਰ ਬਦਲਾਅ ਦਾ ਅਨੁਭਵ ਕਰ ਸਕਦੇ ਹੋ।

**ਸਿੰਘ:** ਸਫਲਤਾ ਨੇੜੇ ਹੋਣ ਦੇ ਬਾਵਜੂਦ ਤੁਹਾਡੇ ਉਰਜਾ ਦੇ ਸਤਰ ਵਿਚ ਗਿਰਾਵਟ ਆਏਗੀ। ਜਿਹੜੇ ਲੋਕਾਂ ਨੇ ਕਿਸੇ ਤੋਂ ਲਿਆ ਹੋਇਆ ਹੈ ਉਨਾਂ ਨੂੰ ਅੱਜ ਕਿਸੇ ਵੀ ਹਾਲਤ ਵਿਚ ਉਧਾਰ ਵਾਪਿਸ ਦੇਣਾ ਪੈ ਸਕਦਾ ਹੈ ਜਿਸ ਨਾਲ ਆਰਥਿਕ ਸਥਿਤੀ ਕਮਜ਼ੋਰ ਹੋ ਜਾਵੇਗੀ। ਰਿਸ਼ਤੇਦਾਰ ਅਤੇ ਦੋਸਤਾਂ ਕੋਲੋਂ ਤੋਹਫੇ ਮਿਲਣਗੇ। ਆਪਣੇ ਪ੍ਰੇਮੀ ਦੀ ਨਾਰਾਜ਼ਗੀ ਦੇ ਬਾਵਜੂਦ ਆਪਣਾ ਪਿਆਰ ਜ਼ਾਹਿਰ ਨਾ ਕਰੋ। ਮੁਕਾਬਲੇ ਦੇ ਚਲਦੇ ਕੰਮ ਕਾਰ ਦੀ ਅਧਿਕਤਾ ਥਕਾਵਟ ਭਰੀ ਹੋ ਸਕਦੀ ਹੈ। ਜਦੋਂ ਜ਼ਿਆਦਾਤਰ ਚੀਜ਼ਾਂ ਅੱਗੇ ਵਧਦੀਆਂ ਹਨ ਤਾਂ ਦਿਨ ਹਾਸਾ ਭਰਿਆ ਹੋ ਸਕਦਾ ਹੈ ਜਿਵੇਂ ਤੁਸੀ ਚਾਹੁੰਦੇ ਹੋ। ਅੱਜ ਜੀਵਨ ਸਾਥੀ ਨੂੰ ਸਮਝਣ ਵਿਚ ਤੁਹਾਡੇ ਕੋਲੋਂ ਗਲਤੀ ਹੋ ਸਕਦੀ ਹੈ ਜੋ ਤੁਹਾਨੂੰ ਸਾਰਾ ਦਿਨ ਉਦਾਸ ਰੱਖ ਸਕਦੀ ਹੈ।

**ਕੰਨਿਆ:** ਸਿਹਤ ਨਾਲ ਜੁੜੀ ਪਰੇਸ਼ਾਨੀਆਂ ਅਸਹਿਜਤਾ ਦਾ ਕਾਰਨ ਬਣ ਸਕਦੀ ਹੈ। ਜਿਨਾਂ ਲੋਕਾਂ ਨੂੰ ਤੁਸੀ ਜਾਣਦੇ ਹੋ ਉਨਾਂ ਦੇ ਜ਼ਰੀਏ ਤੁਹਾਨੂੰ ਆਮਦਨੀ ਦੇ ਨਵੇਂ ਸੋਮੇ ਮਿਲਣਗੇ ਨੋਜਵਾਨਾਂ ਨੂੰ ਸਕੂਲ ਪ੍ਰੋਜੈਕਟ ਲਈ ਕੁੱਝ ਸਲਾਹ ਲੈਣ ਦੀ ਲੋੜ ਹੋ ਸਕਦੀ ਹੈ। ਅੱਜ ਤੁਹਾਡੀ ਪਿਆਰ ਕਹਾਣੀ ਇਕ ਨਵਾਂ ਮੋੜ ਲੈ ਸਕਦੀ ਹੈ ਤੁਹਾਡਾ ਸਾਥੀ ਅੱਜ ਤੁਹਾਡੇ ਨਾਲ ਵਿਆਹ ਨੂੰ ਲੈ ਕੇ ਗੱਲ ਕਰ ਸਕਦਾ ਹੈ ਅਜਿਹੇ ਵਿਚ ਕੋਈ ਵੀ ਫੈਂਸਲਾ ਲੈਣ ਤੋਂ ਪਹਿਲਾਂ ਤੁਹਾਨੂੰ ਸੋਚ ਵਿਚਾਰ ਜ਼ਰੂਰ ਕਰਨਾ ਚਾਹੀਦਾ ਹੈ। ਅੱਜ ਕੰਮਕਾਰ ਵਿਚ ਤੁਹਾਨੂੰ ਪਤਾ ਲੱਗ ਸਕਦਾ ਹੈ ਕਿ ਜਿਸ ਨੂੰ ਤੁਸੀ ਆਪਣਾ ਦੁਸ਼ਮਣ ਸਮਝਦੇ ਹੋ ਉਹ ਤੁਹਾਡਾ ਸ਼ੁਭਚਿੰਤਕ ਹੈ। ਅੱਜ ਇਸ ਰਾਸ਼ੀ ਦੇ ਕੁਝ ਵਿਦਿਆਰਥੀ ਲੈਪਟਾਪ ਜਾਂ ਟੀਵੀ ਤੇ ਕੋਈ ਫਿਲਮ ਦੇਖ ਕੇ ਆਪਣਾ ਕੀਮਤੀ ਸਮਾਂ ਖਰਾਬ ਕਰ ਸਕਦੇ ਹਨ। ਰੋਮਾਂਟਿਕ ਗਾਣੇ, ਜਗਦੀ ਮੋਮਬੱਤੀਆਂ, ਵਧੀਆ ਖਾਣਾ, ਅਤੇ ਕੁਝ ਡਰਿੰਕ ਇਹ ਦਿਨ ਤੁਹਾਡੇ ਅਤੇ ਤੁਹਾਡੇ ਜੀਵਨਸਾਥੀ ਦਾ ਦਿਨ ਬਣਾ ਦੇਵੇਗਾ।

**ਤੁਲਾ:** ਤੁਹਾਡਾ ਸਪਸ਼ਟ ਅਤੇ ਨਿਡਰ ਨਜ਼ਰੀਆ ਤੁਹਾਡੇ ਦੋਸਤ ਦੇ ਵਿਅਰਥ ਠੇਸ ਪਹੁੰਚਾ ਸਕਦਾ ਹੈ। ਆਪਣੇ ਖਰਚਿਆਂ ਤੇ ਕਾਬੂ ਰੱਖੋ ਅਤੇ ਅੱਜ ਹੱਥ ਖੋਲ ਕੇ ਖਰਚਾ ਨਾ ਕਰੋ। ਅੱਜ ਦੇ ਦਿਨ ਬਿਨਾ ਕੁਝ ਖਾਸ ਕੀਤੇ ਤੁਸੀ ਆਸਾਨੀ ਨਾਲ ਲੋਕਾਂ ਦਾ ਧਿਆਨ ਆਪਣੀ ਤਰਫ ਅਤੇ ਆਕਰਸ਼ਿਤ ਕਰਨ ਵਿਚ ਕਾਮਯਾਬ ਰਹੋਂਗੇ। ਰੁਮਾਂਟਿਕ ਮੁਨੋਭਾਵਾਂ ਵਿਚ ਅਚਾਨਕ ਆਇਆ ਬਦਲਾਅ ਤੁਹਾਨੂੰ ਕਾਫੀ ਦੁਖੀ ਕਰ ਸਕਦਾ ਹੈ। ਅੱਜ ਨੋਕਰੀ ਪੇਸ਼ੇ ਨਾਲ ਜੁੜੇ ਲੋਕਾਂ ਨੂੰ ਕੰਮਕਾਰ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅੱਜ ਤੁਸੀ ਨਾ ਚਾਹੁੰਦੇ ਹੋਏ ਵੀ ਕੋਈ ਗਲਤੀ ਕਰ ਬੈਠੋਂਗੇ ਜਿਸਦੀ ਵਜਾਹ ਨਾਲ ਤੁਹਾਨੂੰ ਸੀਨੀਅਰ ਤੋਂ ਝਿੜਕਾਂ ਮਿਲ ਸਕਦੀਆਂ ਹਨ ਕਾਰੋਬਾਰੀਆਂ ਲਈ ਦਿਨ ਸਮਾਨਯ ਰਹਿਣ ਦੀ ਉਮੀਦ ਹੈ। ਸੈਮੀਨਾਰ ਅਤੇ ਪ੍ਰਦਰਸ਼ਨੀ ਤੁਹਾਨੂੰ ਨਵਾਂ ਗਿਆਨ ਅਤੇ ਸੰਪਰਕ ਪ੍ਰਦਾਨ ਕਰ ਸਕਦਾ ਹੈ। ਸੰਭਵ ਹੈ ਕਿ ਵਿਆਹੁਤ ਜੀਵਨ ਵਿਚ ਠਹਿਰਾਅ ਤੋਂ ਤੰਗ ਆ ਕੇ ਤੁਹਾਡਾ ਜੀਵਨ ਸਾਥੀ ਤੁਹਾਡੇ ਤੇ ਟੁੱਟ ਪਵੇ।

**ਬ੍ਰਿਸ਼ਚਕ:** ਦੋਸਤਾਂ ਦੇ ਨਾਲ ਸ਼ਾਮ ਵਧੀਆ ਰਹੇਗੀ ਪਰੰਤੂ ਜ਼ਿਆਦਾ ਖਾਣ ਤੋਂ ਬਚੋ ਕਿਉਂ ਕਿ ਇਹ ਤੁਹਾਡੀ ਅਗਲੀ ਸਵੇਰ ਖਰਾਬ ਕਰ ਸਕਦਾ ਹੈ। ਯਾਤਰਾ ਤੁਹਾਨੂੰ ਕੁਝ ਥਕਾਵਟ ਅਤੇ ਤਨਾਵ ਦੇਵੇਗੀ ਪਰੰਤੂ ਆਰਥਿਕ ਤੋਰ ਤੇ ਲਾਭਦਾਇਕ ਸਾਬਿਤ ਹੋਵੇਗੀ। ਪੋਤੇ ਤੋਂ ਅੱਜ ਕਾਫੀ ਖੁਸ਼ੀ ਮਿਲ ਸਕਦੀ ਹੈ। ਪਿਆਰ ਦੇ ਮਾਮਲਿਆਂ ਵਿਚ ਦਬਾਅ ਬਣਾਉਣ ਦੀ ਕੋਸ਼ਿਸ਼ ਨਾ ਕਰੋ। ਅੱਜ ਤੁਸੀ ਲੈਕਚਰ ਅਤੇ ਸੈਮੀਨਾਰ ਵਿਚ ਹਿੱਸਾ ਲੈ ਕੇ ਕਈਂ ਨਵੇਂ ਵਿਚਾਰ ਪਾ ਸਕਦੇ ਹੋ। ਅੱਜ ਤੁਹਾਡੇ ਕਰੀਬੀ ਲੋਕ ਤੁਹਾਡੇ ਨੇੜੇ ਆਉਣ ਦੀ ਕੋਸ਼ਿਸ਼ ਕਰੋਂਗੇ ਪਰੰਤੂ ਆਪਣੇ ਮਨ ਨੂੰ ਸ਼ਾਤ ਬਣਾਈ ਰੱਖਣ ਦੇ ਲਈ ਤੁਸੀ ਇਕਾਂਤ ਵਿਚ ਸਮਾਂ ਬਿਤਾਉਣਾ ਪਸੰਦ ਕਰੋਂਗੇ। ਇਕ ਕਰੀਬੀ ਦੋਸਤ ਜਾਂ ਗੁਆਂਢੀ ਦੀ ਵਜਾਹ ਨਾਲ ਅੱਜ ਵਿਆਹੁਤ ਜੀਵਨ ਤਕਰਾਰ ਸੰਭਵ ਹੈ।

**ਧਨੂੰ:** ਤੁਹਾਡਾ ਤਲਖ ਰਵੱਈਆ ਦੋਸਤਾਂ ਦੇ ਲਈ ਪਰੇਸ਼ਾਨੀ ਪੈਦਾ ਕਰ ਸਕਦਾ ਹੈ। ਆਪਣੇ ਜੀਵਨ ਸਾਥੀ ਨਾਲ ਮਿਲ ਕੇ, ਤਸੀ ਭਵਿੱਖ ਦੇ ਲਈ ਧੰਨ ਦੀ ਯੋਜਨਾ ਅਤੇ ਆਰਥਿਕਤਾ ਬਾਰੇ ਗੱਲਬਾਤ ਕਰ ਸਕਦੇ ਹੋ। ਜਿਨਾਂ ਲੋਕਾਂ ਦੇ ਨਾਲ ਤੁਸੀ ਰਹਿੰਦੇ ਹੋ ਉਹ ਤੁਹਾਡੇ ਤੋਂ ਬਹੁਤੇ ਖੁਸ਼ ਨਹੀਂ ਹੋਣੇਗੇ ਇਸ ਲਈ ਤੁਸੀ ਕੁਝ ਵੀ ਕਿਉ ਨਾ ਕਰੋ। ਸ਼ਾਮ ਦੇ ਲਈ ਕੋਈ ਖਾਸ ਯੋਜਨਾ ਬਣਾਉ ਅਤੇ ਕੋਸ਼ਿਸ਼ ਕਰੋ ਕਿ ਇਹ ਜਿਆਦਾ ਤੋਂ ਜਿਆਦਾ ਰੋਮਾਂਟਿਕ ਹੋਵੇ। ਜੇਕਰ ਤੁਸੀ ਆਪਣੇ ਕੰਮ ਤੇ ਧਿਆਨ ਦਿਉ ਤਾਂ ਕਾਮਯਾਬੀ ਅਤੇ ਮਾਨਤਾ ਤੁਹਾਡੀ ਹੋਵੇਗੀ। ਤੁਸੀ ਆਪਣੇ ਸੀਨੀਅਰ ਨੂੰ ਅਨੇਕਾਂ ਅਧੂਰੇ ਕਾਰਜਾਂ ਨੂੰ ਸਹਿਣ ਕਰ ਸਕਦੇ ਹੋ ਜਿਸ ਦਾ ਤੁਹਾਡੇ ਦੁਆਰਾ ਪਿਛਲੇ ਸਮੇਂ ਵਿਚ ਕੋਈ ਧਿਆਨ ਨਹੀਂ ਦਿੱਤਾ ਗਿਆ ਸੀ ਅੱਜ ਤੁਹਾਡਾ ਖਾਲੀ ਸਮਾਂ ਤੁਹਾਡੇ ਦਫਤਰ ਦੇ ਕੰਮ ਕਰਨ ਵਿਚ ਬਤੀਤ ਕਰੇਗਾ। ਤੁਸੀ ਅੱਜ ਵਿਆਹਕ ਜੀਵਨ ਦਾ ਭਰਪੂਰ ਅਨੰਦ ਲਉ।

**ਮਕਰ:** ਤੁਹਾਡਾ ਸਪਸ਼ਟ ਅਤੇ ਨਿਡਰ ਨਜ਼ਰੀਆ ਤੁਹਾਡੇ ਦੋਸਤ ਦੇ ਵਿਅਰਥ ਠੇਸ ਪਹੁੰਚਾ ਸਕਦਾ ਹੈ। ਅੱਜ ਦੇ ਦਿਨ ਭੁੱਲ ਕੇ ਵੀ ਕਿਸੇ ਨੂੰ ਪੈਸਾ ਉਧਾਰ ਨਾ ਦਿਉ ਅਤੇ ਜੇਕਰ ਦੇਣਾ ਜਰੂਰੀ ਹੋਵੇ ਤਾਂ ਦੇਣ ਵਾਲੇ ਤੋਂ ਲਿਖਿਤ ਵਿਚ ਲਿਖਵਾ ਲਵੋ ਕੀ ਉਹ ਪੈਸਾ ਕਦੋਂ ਤੱਕ ਵਾਪਿਸ ਕਰੇਗਾ। ਤੁਹਾਡੀ ਭਰਪੂਰ ਉਰਜਾ ਅਤੇ ਜ਼ਬਰਦਸਤ ਉਤਸ਼ਾਹ ਸਾਕਾਰਾਤਮਕ ਪਰਿਣਾਮ ਲਿਆਉਂਗੇ ਅਤੇ ਘਰੇੱਲੂ ਤਣਾਅ ਦੂਰ ਕਰਨ ਲਈ ਮਦਦਗਾਰ ਰਹੋਂਗੇ। ਤੁਹਾਡਾ ਰੂਮਾਂਟਿਕ ਰਿਸ਼ਤਾ ਅੱਜ ਦੁਖੀ ਰਹੇਗਾ। ਕਿਸੇ ਵੀ ਨਵੇਂ ਸੰਯੁਕਤ ਉੱਦਮ ਅਤੇ ਭਾਈਵਾਲੀ ਤੇ ਦਸਤਖਤ ਕਰਨ ਤੋਂ ਦੂਰ ਰਹੋ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਆਪਣੇ ਆਪ ਨੂੰ ਸਮਝਣ ਦੀ ਲੋੜ ਹੈ ਜੇਕਰ ਤੁਹਾਨੂੰ ਲਗਦਾ ਹੈ ਕਿ ਤੁਸੀ ਦੁਨੀਆਂ ਦੀ ਭੀੜ ਵਿਚ ਕਿਤੇ ਖੋ ਗਏ ਹੋ ਤਾਂ ਆਪਣੇ ਲਈ ਸਮਾਂ ਕੱਢੋ ਅਤੇ ਆਪਣੇ ਵਿਅਕਤਿਤਵ ਦਾ ਆਂਕਲਣ ਕਰੋ। ਅੱਜ ਤੁਹਾਡਾ ਜੀਵਨ ਸਾਥੀ ਆਪਣੇ ਦੋਸਤਾਂ ਵਿਚ ਕੁਝ ਜਿਆਦਾਂ ਵਿਅਸਤ ਹੋ ਸਕਦਾ ਹੈ, ਜਿਸ ਦੇ ਚਲਦੇ ਤਹਾਡੀ ਉਦਾਸ ਹੋਣ ਦੀ ਸੰਭਾਵਨਾ ਹੈ।

**ਕੁੰਭ:** ਚਿੜਚਿੜਾਣਾ ਅਤੇ ਖਿੱਜਣਾ ਤੁਹਾਡੀ ਸਿਹਤ ਖਰਾਬ ਕਰ ਸਕਦੀ ਹੈ ਪੁਰਾਣੀ ਗੱਲਾਂ ਵਿਚ ਨਾ ਉਲਝੋ ਅਤੇ ਜਿਨਾਂ ਹੋ ਸਕੇ ਆਰਾਮ ਕਰਨ ਦੀ ਕੋਸ਼ਿਸ਼ ਕਰੋ। ਅੱਜ ਤੁਸੀ ਆਸਾਨੀ ਨਾਲ ਪੂੰਜੀ ਇਕੱਠਾ ਕਰ ਸਕਦੇ ਹੋ ਲੋਕਾਂ ਨੂੰ ਦਿੱਤੇ ਪੁਰਾਣੇ ਕਰਜ ਵਾਪਿਸ ਮਿਲ ਸਕਦੇ ਹਨ ਜਾਂ ਫਿਰ ਕਿਸੇ ਨਵੀਂ ਯੋਜਨਾ ਤੇ ਲਗਾਉਣ ਲਈ ਪੈਸਾ ਦੇ ਸਕਦੇ ਹੋ। ਦਫਤਰ ਦੇ ਕੰਮਕਾਜ ਵਿਚ ਜ਼ਿਆਦਾ ਵਿਅਸਤ ਦੇ ਚਲਦੇ ਆਪਣੇ ਜੀਵਨਸਾਥੀ ਦੇ ਨਾਲ ਤੁਹਾਡਾ ਰਿਸ਼ਤਾ ਤਣਾਅਪੂਰਨ ਹੋ ਸਕਦਾ ਹੈ। ਹਾਲਾਂ ਕਿ ਪਿਆਰ ਵਿਚ ਨਿਰਾਸ਼ਾ ਹੋ ਸਕਦੀ ਹੈ ਪਰੰਤੂ ਦਿਲ ਛੋਟਾ ਨਾ ਕਰੋ ਕਿਉਂ ਕਿ ਪ੍ਰੇਮੀ ਹਮੇਸ਼ਾ ਸਾਈਕੋਫੈਨਟਿਕ ਹੁੰਦੇ ਹਨ। ਸਾਂਝੀਦਾਰੀ ਨਾਲ ਸੋਦਾ ਕਾਇਮ ਕਰਨਾ ਬਹੁਤ ਸਖ਼ਤ ਸਿੱਧ ਹੋਵੇਗਾ। ਇਕ ਅਧਿਆਤਮਕ ਗੁਰੂ ਜਾਂ ਕੋਈ ਵੱਡਾ ਤੁਹਾਨੂੰ ਗਾਈਡ ਕਰ ਸਕਦਾ ਹੈ। ਤੁਸੀ ਸ਼ਾਇਦ ਆਪਣੇ ਜੀਵਨ ਸਾਥੀ ਵੱਲ ਧਿਆਨ ਨਾ ਦਿਉ ਪਰ ਦਿਨ ਦੇ ਅੰਤ ਵਿਚ ਤੁਸੀ ਮਹਿਸੂਸ ਕਰੋਂਗੇ ਕਿ ਉਹ ਤੁਹਾਡੇ ਲਈ ਪ੍ਰਬੰਧ ਕਰਨ ਵਿਚ ਰੁੱਝਿਆ ਹੋਇਆ ਸੀ।

**ਮੀਨ:** ਤੁਹਾਡਾ ਗੁੱਸਾ ਰਾਈ ਦਾ ਪਹਾੜ ਬਣਾ ਸਕਦਾ ਹੈ ਜੋ ਤੁਹਡੇ ਪਰਿਵਾਰ ਨੂੰ ਨਾਰਾਜ਼ ਕਰ ਸਕਦਾ ਹੈ ਉਹ ਲੋਕ ਖੁਸ਼ਕਿਸਮਤ ਹਨ ਜੋ ਆਪਣੇ ਗੁੱਸੇ ਨੂੰ ਕਾਬੂ ਵਿਚ ਰੱਖ ਸਕਦੇ ਹਨ ਇਸ ਤੋਂ ਪਹਿਲਾਂ ਕਿ ਤੁਹਾਡਾ ਗੁੱਸਾ ਤੁਹਾਨੂੰ ਖਤਮ ਕਰ ਦੇ ਤੁਸੀ ਉਸ ਨੂੰ ਖਤਮ ਕਰ ਦਿਉ ਹੋਸ਼ਿਆਰੀ ਨਾਲ ਨਿਵੇਸ਼ ਕਰੋ। ਸ਼ਾਮ ਦੇ ਸਮੇਂ ਆਪਣੇ ਜੀਵਨਸਾਥੀ ਦੇ ਨਾਲ ਬਾਹਰ ਖਾਣਾ ਜਾਂ ਫਿਲਮ ਦੇਖਣਾ ਤੁਹਾਨੂੰ ਸਕੂਨ ਦੇਵੇਗਾ ਅਤੇ ਖੁਸ਼ਮਿਜ਼ਾਜ ਬਣਾ ਕੇ ਰੱਖਗਾ। ਤੁਸੀ ਦਿਨ ਵਿਚ ਚਾਰੇ ਪਾਸਿਉਂ ਗੁਲਾਬ ਦੀ ਖੁਸ਼ਬੂ ਨਾਲ ਇਕਮਿਕ ਹੋਵੋਂਗੇ। ਪਿਆਰ ਦੀ ਖੁਸ਼ੀ ਦਾ ਆਨੰਦ ਲਵੋ। ਜੇਕਰ ਤੁਸੀ ਯਕੀਨ ਕਰਦੇ ਹੋ ਕਿ ਸਮਾਂ ਹੀ ਪੈਸਾ ਹੈ ਤਾਂ ਤੁਹਾਨੂੰ ਆਪਣੀ ਲੋੜਾਂ ਨੂੰ ਸਿਖਰ ਤੇ ਪਹੁੰਚਾਉਣ ਦੇ ਲਈ ਜਰੂਰੀ ਕਦਮ ਉਠਾਉਣੇ ਹੋਣਗੇ। ਯਾਤਰਾ ਅਤੇ ਸਿੱਖਿਆ ਨਾਲ ਜੁੜੇ ਕੰਮ ਤੁਹਾਡੀ ਜਾਗਰੁਕਤਾ ਵਿਚ ਵਾਧਾ ਕਰ ਸਕਦੇ ਹਨ। ਆਪਣੇ ਜੀਵਨਸਾਥੀ ਦੇ ਪਿਆਰ ਦੀ ਗਰਮਜੋਸ਼ੀ ਰੋਇਲਟੀ ਨਾਲ ਮਹਿਸੂਸ ਕਰੋਂਗੇ।

# ਅੱਜ ਤੁਹਾਡੇ ਸਨਮੁੱਖ ਹੈ ਕਹਾਣੀ

## ਗੁਰਮੀਤ ਜੀ ਦੀ ਮਸ਼ਹੂਰ ਕਹਾਣੀ



**Aatu Khoji (Punjaib Story) : Gurmeet Karyalvi**

**ਆਤੂ ਖੋਜੀ (ਕਹਾਣੀ) : ਗੁਰਮੀਤ ਕੜਿਆਲਵੀ**

ਆਤੂ ਦੇ ਨਾਂਹ-ਨਾਂਹ ਕਰਦਿਆਂ ਵੀ ਮੈਂ ਦੂਜਾ ਪੈੱਗ ਉਸਦੀ ਗਲਾਸੀ ਵਿਚ ਪਾ ਦਿੱਤਾ। ਆੜ ਵਿਚ ਵਗਦੇ ਪਾਣੀ 'ਚੋਂ ਕੱਪ ਭਰਿਆ ਤੇ ਥੋੜਾ ਜਿਹਾ ਉਸਦੀ ਗਲਾਸੀ ਵਿਚ ਪਾਉਂਦਿਆ ਆਖਿਆ, "ਚੱਕਦੇ---ਚੱਕਦੇ ਤਾਇਆ । ਕੁਛ ਨੀ ਕਹਿੰਦੀ ਤੈਨੂੰ। ਥੋਡੀਆਂ ਪੁਰਾਣੀਆਂ ਖੁਰਾਕਾਂ ਖਾਧੀਆਂ । ਥੋਨੂੰ ਏਹ ਕੁਛ ਨ੍ਹੀ ਕਰਦੀ। ਨਾਲੇ ਏਹਦੇ ਚ ਹੈ ਕੀ, ਤੱਤੇ ਪਾਣੀ ਵਿਚ ਗੁੜ ਤੇ ਕਿੱਕਰ ਦਾ ਸੱਕ ਜਾਂ ਚਾਰ ਛਿਲੜ ਸੰਤਰੇ ਦੇ। ਹੋਰ ਕੀ ? ਨਾਲੇ ਪਰਖ ਕਰੀਂ--ਕੈਹੇ ਜੀ ਬਣੀ ਐ। ਤੂੰ ਤਾਂ ਫੇਰ ਵੀ ਖੋਜੀ ਬੰਦਾ।"

"ਚੀਜ ਤਾਂ ਮਛਟਰਾ ਠੀਕੈ। ਅੰਦਰ ਜ੍ਹਾ ਨੀ ਵੱਢਦੀ ਪਰ ਹੁਣ ਪਚਦੀ ਨੀ। ਬਥੇਰੀ ਪੀਤੀ ਜਵਾਨੀ ਵਾਰੇ। ਮੱਟਾਂ ਦੇ ਮੱਟ ਖਾਲੀ ਕਰਤੇ ਪਰ ਹੁਣ ਉਹ ਗੱਲ ਰਹੀ ਕਿੱਥੇ ? ਉਂ ਮਛਟਰਾ, ਗੱਲ ਤੇਰੀ ਵੀ ਸੋਲਾਂ ਆਨ੍ਹੇ। ਸਾਡੀ ਹੱਡੀ ਚੀੜ੍ਹੀ ਹੁੰਦੀ ਐ। ਤੇਰੇ ਹਿਸਾਬ ਨਾਲ ਮੇਰੀ ਉਮਰ ਕੈ ਸਾਲ ਹੋਊ ਭਲਾ ?" ਆਤੂ ਨੇ ਇੱਕੋ ਸਾਹੇ ਗਿਲਾਸੀ ਖਾਲੀ ਕਰਕੇ ਪਾਸੇ ਰੱਖੀ ਤੇ ਖੇਤ 'ਚੋਂ ਸਰੋਂ ਦੀ ਗੰਦਲ ਤੋੜ ਕੇ ਮੂੰਹ 'ਚ ਪਾ ਲਈ।

"ਹੋਉ ਕੋਈ ਪਚਵੰਜਾ-ਸੱਠ ਦੇ ਲਾਗੇ-ਚਾਗੇ।" ਮੈਂ ਐਵੇਂ ਅਟੇ-ਸਟੇ ਨਾਲ ਆਖ ਦਿੱਤਾ, ਉਂਜ ਆਤੂ ਦੀ ਸਿਹਤ ਮੁਤਾਬਕ ਉਸਦੀ ਉਮਰ ਪੰਜਾਹਾਂ ਕੁ ਦੇ ਨੇੜੇ ਤੇੜੇ ਲੱਗਦੀ ਸੀ।

"ਖਾ ਗਿਆ ਕਨ੍ਹੀ ਟਪਲਾ। ਐਸ ਟੈਮ ਮੇਰੀ ਉਮਰ ਪੂਰੇ ਦੋ ਘੱਟ ਅੱਸੀ ਸਾਲ ਐ। ਜੇਹੜੇ ਸਾਲ ਕੱਤੇ ਦੀ ਬਿਮਾਰੀ ਪਈ ਸੀ, ਓਸ ਵਰ੍ਹੇ ਦਾ ਜਰਮ ਆਂ ਮੇਰਾ।"

"ਲਗਦਾ ਨੀ---ਕਮਾਲ ਐ।" ਸਚਮੁੱਚ ਮੇਰੇ ਲਈ ਇਹ ਹੈਰਾਨੀ ਦਾ ਸਬੱਬ ਸੀ।

"ਆਹੀ ਖਾਸੀਅਤ ਐ ਸਾਡੀ ਕੌਮ 'ਚ। ਮਛਟਰਾ ! ਸਾਡੀ ਕੌਮ 'ਚ ਨਾ ਮਿਲੂ ਥੋਨੂੰ ਕੋਈ ਡਿੱਗਿਆ ਢੱਠਿਆ ਜਿਆ । ਜਮ੍ਹਾਂ ਨੌਂ ਬਰ ਨੌਂ ਮਿਲਣਗੇ। ਹੋਰ ਸੁਣਲੈ,ਸਾਡਾ ਬੰਦਾ ਛੇਤੀ ਕੀਤਿਆਂ ਗੋਡੇ ਰਗੜ - ਰਗੜ ਕੇ ਨ੍ਹੀਂ ਮਰਦਾ। ਤੁਰਦਾ ਫਿਰਦਾ ਈ ਚੜ੍ਹਾਈ ਕਰਜੂ।"

"ਹੈਂ ?" ਮੈਂ ਆਤੂ ਦੀ ਬਿਰਾਦਰੀ ਨਾਲ ਸੰਬੰਧਿਤ ਪਿੰਡ ਦੇ ਲੋਕਾਂ 'ਤੇ ਨਿਗਾਹ ਘੁੰਮਾਈ। ਸੱਚਮੁੱਚ ਕੋਈ ਬਜ਼ੁਰਗ ਮੰਜੇ 'ਤੇ ਪੈ ਕੇ ਹੱਡ-ਗੋਡੇ ਨਹੀਂ ਸੀ ਰਗੜ ਰਿਹਾ ਜਦੋਂ ਕਿ ਬਾਕੀ ਪਿੰਡ ਵਿਚਲੇ ਸਰਦਾਰਾਂ ਦੇ ਕਈ ਬਜ਼ੁਰਗ ਮੰਜੇ 'ਤੇ ਪਏ ਪਏ ਗਲ ਸੜ ਰਹੇ ਸਨ ਅਤੇ ਘਰਦਿਆਂ ਦੀਆਂ ਗਾਹਲਾਂ ਦੁੱਪੜਾਂ ਖਾਂਦੇ ਰੱਬ ਨੂੰ ਚੱਕ ਲੈਣ ਦੀਆਂ ਅਰਦਾਸਾਂ ਕਰੀ ਜਾਂਦੇ ਸਨ।

"ਮਛਟਰਾ ਸਾਡੀ ਕੌਮ ਅਣਖੀ ਐ । ਅਸੀਂ ਰਾਜਪੂਤਾਂ ਦੀ ਅਣਸ ਚੋਂ ਹੁੰਨੇ ਆਂ। ਚੌਹਾਨ ਰਾਜਪੂਤ । ਤੂੰ ਤਾਂ ਲਿਖਿਆ ਪੜ੍ਹਿਆਂ। ਮਹਾਰਾਣੇ ਪ੍ਰਤਾਪ ਅਤੇ ਰਾਜੇ ਪ੍ਰਿਥੀ ਚੌਹਾਨ ਬਾਰੇ ਤਾਂ ਸੁਣਿਆ ਈ ਹੋਊ। ਉਹ ਸਾਡੇ ਵੱਡ-ਵਡੇਰੇ ਆ। ਤੁਸੀਂ ਸਾਰੇ ਮੈਨੂੰ ਆਤੂ-ਆਤੂ ਕਹੀ ਜਾਨੇ ਓਂ। ਅਸਲੀ ਨਾਉਂ ਮੇਰਾ ਥੋਨੂੰ ਪਤਾ ਨੀ ਹੋਣਾ ? ਮੇਰਾ ਸਿੱਧਾ ਨਾਉਂ 'ਆਤਮਾ ਰਾਮ ਚੌਹਾਨ' ਐ। ਕਿਸੇ ਟੈਮ ਦੂਰ-ਦੂਰ ਤੱਕ ਰਾਜ ਪਾਟ ਹੁੰਦਾ ਸੀ ਸਾਡਾ। ਫਿਰ ਜਦੋਂ ਮੁਗਲਾਂ ਹੱਥੋਂ ਹਾਰ ਹੋਗੀ, ਸਾਡੀ ਕੌਮ ਜੰਗਲਾਂ-ਪਹਾੜਾਂ ਅੱਲੀਂ ਚਲੇ ਗਈ। ਜੰਗਲਾਂ - ਬੇਲਿਆਂ 'ਚ ਰਹਿ ਕੇ ਗੁਜ਼ਾਰਾ ਕਰ ਲਿਆ ਪਰ ਮੁਗਲਾਂ ਦੀ ਈਨ ਨੀ ਮੰਨੀ। ਜੈਮਲ ਫੱਤਾ ਸਾਡੀਓ ਕੌਮ ਦੇ ਯੋਧੇ ਆ ਜਿੰਨਾ ਨੇ ਅਕਬਰ ਬਾਦਸ਼ਾਹ ਦੀ ਗੁਲਾਮੀ ਕਬੂਲ ਨੀ ਸੀ ਕੀਤੀ। ਸਾਢੇ ਚਾਰ ਸੌ ਸਾਲ ਜੰਗਲਾਂ-ਪਹਾੜਾਂ 'ਚ ਰਹੀ ਐ ਸਾਡੀ ਕੌਮ। ਏਸੇ ਕਰਕੇ ਕਈ ਬੰਦਿਆਂ ਨੂੰ ਚੋਰੀ ਕਰਨ ਦੀ ਵਾਦੀ ਵੀ ਪੈਗੀ। ਫੇਰ ਗਰੇਜ਼ ਆਗੇ। ਸਾਡੀ ਕੌਮ ਨੇ ਈਨ ਏਹਨਾਂ ਦੀ ਵੀ ਨੀ ਮੰਨੀ। ਮਛਟਰਾ! ਸਾਲੀ ਗੁਰੇਜ਼ ਕੌਮ ਚਾਲੂ ਬੌਅਤ ਸੀ ਸਾਡੇ ਤੋਂ। ਏਸੇ ਕਰਕੇ ਤਾਂ ਗਰੇਜ਼ ਨੇ ਪਾਬੰਦੀ ਲਾਈ ਰੱਖੀ ਸਾਡੀ ਕੌਮ 'ਤੇ।" ਮੈਂ ਗਹੁ ਨਾਲ ਆਤੂ ਦੀਆਂ ਅੱਖਾਂ ਵਿਚ ਵੇਖਿਆ, ਉਹਨਾਂ 'ਚ ਸਵੈਮਾਣ ਤਾਰੀਆਂ ਲਾ ਰਿਹਾ ਸੀ। ਮੈਨੂੰ ਉਸਦੀ ਗੱਲ ਸੌ ਫੀਸਦੀ ਸੱਚ ਲੱਗੀ। ਅਜਿਹੇ ਲੋਕ ਕਿਸੇ ਦੀ ਈਨ ਮੰਨ ਈ ਕਿਵੇਂ ਸਕਦੇ ਸਨ ? ਇਨ੍ਹਾਂ ਕਿਹੜਾ ਰਾਏ ਬਹਾਦਰੀਆਂ, ਸਰਦਾਰੀਆਂ, ਚੋਬਦਾਰੀਆਂ, ਸਫੈਦਪੋਸ਼ੀਆਂ, ਜਗੀਰਦਾਰੀਆਂ ਜਾਂ ਲੰਬੜਦਾਰੀਆਂ ਲੈਣੀਆਂ ਸਨ। ਮੈਂ ਪਿੰਡ ਤੇ ਆਲੇ ਦੁਆਲੇ ਬਾਰੇ ਸੋਚਿਆ। ਆਤੂ ਦੀ ਗੱਲ ਅਜੇ ਵੀ ਕਿੰਨੀ ਸੱਚ ਸੀ ? ਮਜ਼ਬੀਆਂ, ਰਾਮਦਾਸੀਆਂ ਅਤੇ ਹੋਰ ਅਖੌਤੀ ਨੀਵੀਆਂ ਕਹੀਆਂ ਜਾਂਦੀਆਂ ਜਾਤਾਂ ਦੇ ਲੋਕ ਜਿੱਥੇ ਜੱਟਾਂ ਨਾਲ ਸੀਰੀ ਸਾਂਝੀ ਰਲੇ ਹੋਏ ਸਨ, ਉਥੇ ਬੌਰੀਆਂ ਬਰਾਦਰੀ ਦੇ ਲੋਕ ਆਪਣੇ-ਆਪਣੇ ਕੰਮਾਂ ਧੰਦਿਆਂ ਵਿਚ ਲੱਗੇ ਹੋਏ ਸਨ । ਕੋਈ ਸਬਜ਼ੀ ਵੇਚਦਾ ਸੀ, ਕੋਈ ਸਾਈਕਲ 'ਤੇ ਫੇਰੀ ਲਾਉਂਦਾ ਸੀ ਤੇ ਕਿਸੇ ਪਰਿਵਾਰ ਨੇ ਜੱਟਾਂ ਤੋਂ ਜ਼ਮੀਨ ਠੇਕੇ 'ਤੇ ਲੈ ਕੇ ਸਬਜ਼ੀ ਭਾਜੀ, ਖੱਖੜੀਆਂ-ਖਰਬੂਜ਼ੇ, ਤਰਾਂ-ਮਤੀਰੇ ਆਦਿ ਬੀਜੇ ਹੋਏ ਸਨ। ਕਈ ਘਰ ਬੇਰੀਆਂ ਦੇ ਠੇਕੇ ਲੈਣ ਲਈ ਦੂਰ-ਦਰਾਜ ਗਏ ਹੋਏ ਸਨ। ਕਈ ਬੰਦੇ ਸ਼ਹਿਰ ਰਿਕਸ਼ਾ ਵੀ ਚਲਾਉਣ ਲੱਗੇ ਸਨ।

"ਸਾਲੀ ਅੰਗਰੇਜ਼ ਕੌਮ ਨੂੰ ਭਲਾ ਕੀ ਤਕਲੀਫ਼ ਸੀ ? ਮੰਨਿਆ ਕੋਈ ਇਕ-ਅੱਧ ਬੰਦਾ ਮਾੜਾ ਪਰ ਸਾਰੀ ਕੌਮ ਤਾਂ ਨੀ ਮਾੜੀ ਕੋਈ ਵੀ। ਇਹ ਤਾਂ ਜੱਗੋਂ ਤੇਰਵੀਂ ਗੱਲ ਸੀ, ਅਖੇ ਕੌਮ 'ਤੇ ਈ ਪਾਬੰਦੀ ਲਾਤੀ।" ਜਦੋਂ ਬਾਪ ਜਿਉਂਦਾ ਹੁੰਦਾ ਸੀ, ਅਕਸਰ ਅਜਿਹੀਆਂ ਸੁਣਾਉਂਦਾ ਰਹਿੰਦਾ ਸੀ। ਬੌਰੀਆ ਬਿਰਾਦਰੀ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣ ਅਤੇ ਅਠਾਰਾਂ ਸਾਲਾਂ ਤੋਂ ਵੱਧ ਉਮਰ ਵਾਲੇ ਬੌਰੀਆ ਬਿਰਾਦਰੀ ਦੇ ਹਰੇਕ ਨੌਜੁਆਨ ਤੇ ਬਜ਼ੁਰਗ ਲਈ ਥਾਣੇ ਹਾਜ਼ਰੀ ਲਵਾਉਣੀ ਜ਼ਰੂਰੀ ਰਹੀ ਹੋਣ ਬਾਰੇ ਬਾਪੂ ਨੇ ਹੀ ਜਾਣਕਾਰੀ ਦਿੱਤੀ ਸੀ।

"ਮਛਟਰਾ! ਹੁਣ ਕਿੱਥੇ ਰਹਿਗੀਆਂ ਉਹ ਗੱਲਾਂ----ਬੜੇ ਮਾੜੇ ਦਿਨ ਦੇਖੇ। ਤੈਨੂੰ ਦੱਸਿਆ ਤਾਂ ਹੈ, ਗਰੇਜ਼ ਕੌਮ ਬੜੀ ਚਾਲੂ ਸੀ ਸਾਡੇ ਤੋਂ। ਉਹ ਤਾਂ ਸਾਡੀ ਬੋਲੀ ਤੋਂ ਵੀ ਡਰਦੀ ਸੀ। ਤੂੰ ਤਾਂ ਜਾਣਦੈਂ, ਕੁੱਲ ਦੁਨੀਆਂ 'ਤੇ ਰਾਜ ਕੀਤਾ ਉਹਨੇ। ਘਾਟ-ਘਾਟ ਦਾ ਪਾਣੀ ਵੀ ਪੀਤਾ ਪਰ ਪਤੰਦਰ ਨੂੰ ਸਾਡੀ ਬੋਲੀ ਸਮਝ ਨੀ ਆਈ। ਬਥੇਰਾ ਮੱਥਾ ਮਾਰਿਆ। ਕੁੱਲ ਦੁਨੀਆਂ ਦੀਆਂ ਪੋਥੀਆਂ ਫਰੋਲ ਮਾਰੀਆਂ। ਪਰ ਏਹ ਨ੍ਹੀ ਪਤਾ ਲੱਗਾ ਵਈ ਏਹ ਬੋਲੀ ਹੈ ਕਿਹੜੀ ? ਏਹਦਾ ਨਾਂ ਕੀ ਐ ? ਮਛਟਰਾ! ਤੂੰ ਤਾਂ ਲਿਖਿਆ ਪੜ੍ਹਿਆਂ। ਸਾਡੇ ਆਲੀ ਬੋਲੀ, ਕਿਤੇ ਲਿਖਣ-ਪੜ੍ਹਨ 'ਚ ਤਾਂ ਆਉਂਦੀ ਨੀ, ਪੱਲੇ ਕੀ ਪੈਣਾ ਸੀ ਛੁਣਛੁਣਾ ?"

"ਤਾਇਆ ਸਾਡੇ ਨਾਲ ਤਾਂ ਤੁਸੀਂ ਚੰਗੀ-ਭਲੀ ਪੰਜਾਬੀ 'ਚ ਗੱਲਾਂ ਕਰਦੇ ਓ, ਜਦੋਂ ਕਦੇ ਆਪਸ ਵਿਚ ਬੈਠੇ ਹੋਵੋਂ, ਥੋਡੀ ਗਿੱਟ- ਮਿੱਟ ਕਿਸੇ ਦੇ ਪੱਲੇ ਈ ਨੀ ਪੈਂਦੀ।" ਮੈਨੂੰ ਅੱਠਵੀਂ ਤੱਕ ਨਾਲ ਪੜ੍ਹਦੇ ਰਹੇ ਸੁਖਦੇਵ ਅਤੇ ਖੁਸ਼ਹਾਲਾ ਚੇਤੇ ਆਏ। ਅਸੀਂ ਦੋ-ਤਿੰਨ ਮੁੰਡੇ ਉਨ੍ਹਾਂ ਤੋਂ ਬੋਲੀ ਸਿੱਖਣ ਦੀ ਕੋਸ਼ਿਸ਼ ਕਰਦੇ। ਬਹੁਤ ਮੱਥਾ ਮਾਰਨ ਤੋਂ ਬਾਅਦ ਵੀ ਸਾਡੇ ਪਿੜ ਪੱਲੇ ਕੁੱਝ ਨਹੀਂ ਸੀ ਪਿਆ।

"ਮਛਟਰਾ! ਬੱਸ ਏਸੇ ਗਿੱਟ-ਮਿੱਟ, ਗਿੱਟ-ਮਿੱਟ ਤੋਂ ਈ ਡਰਦੀ ਸੀ ਗਰੇਜ਼ ਕੌਮ।" ਆਤੂ ਕਿੰਨਾ ਚਿਰ ਹਿੜ-ਹਿੜ ਕਰਕੇ ਹੱਸਦਾ ਰਿਹਾ।

"ਮਛਟਰਾ! ਇਕ ਗੱਲ ਦਾ ਮੈਨੂੰ ਬੜਾ ਫ਼ਿਕਰ ਆ। ਸਾਡੇ ਹੁਣ ਆਲੇ ਛੋਹਰ, ਲੌਂਡੀ ਦੇਣੇ ਆਵਦੀ ਬੋਲੀ ਭੁੱਲੀ ਜਾਂਦੇ। ਹੁਣ ਤੂੰ ਈ ਦੱਸ, ਜਦੋਂ ਬੰਦੇ ਦੀ ਬੋਲੀ ਈ ਨਾ ਰਹੀ, ਪਿਛੇ ਕੀ ਰਹਿਜੂ, ਛੁਣਛੁਣਾ ?" ਦਿਨੋ ਦਿਨ ਖਤਮ ਹੁੰਦੀਆਂ ਜਾਂਦੀਆਂ ਖੇਤਰੀ ਅਤੇ ਕਬੀਲਾਈ ਬੋਲੀਆਂ ਬਾਰੇ ਚਿੰਤਾ ਕਰਨ ਵਾਲੇ ਭਾਸ਼ਾ ਵਿਗਿਆਨੀਆਂ ਜਿਹੀ ਚਿੰਤਾ ਆਤੂ ਵਰਗੇ ਸਾਧਾਰਨ ਅਨਪੜ੍ਹ ਬੰਦੇ ਅੰਦਰ ਵੇਖਕੇ ਮੈਂ ਹੈਰਾਨ ਰਹਿ ਗਿਆ। ਮੈਨੂੰ ਆਤੂ ਕੋਈ ਚੇਤੰਨ ਭਾਸ਼ਾ ਵਿਗਿਆਨੀ ਜਾਪਿਆ।

"ਮਛਟਰਾ! ਗਰੇਜ਼ ਕੌਮ ਨੇ ਪਾਬੰਦੀ ਪਤਾ ਕਦੋਂ ਲਾਈ ਸੀ ?" ਆਤੂ ਨੇ ਮੈਨੂੰ ਗੁਆਚਿਆ ਜਿਹਾ ਦੇਖਕੇ ਮੇਰਾ ਹੁੰਗਾਰਾ ਭਰਾਇਆ।

"ਕਦੋਂ?"

"ਫਰੀਦਕੋਟੀਏ ਰਾਜੇ ਦਾ ਮਹਿਲ ਸੀ ਬੜਾ ਉੱਚਾ। ਉਹਦੇ ਚਾਰ-ਚੁਫੇਰੇ ਸ਼ੀਸ਼ੇ ਅਰਗਾ ਪੱਥਰ ਲੱਗਾ, ਤਿਲਕਵਾਂ। ਮਹਿਲ ਦੇ ਐਨ ਉੱਤੇ ਬਣਾਇਆ ਗੁੰਬਦ। ਗੁੰਬਦ ਉੱਤੇ ਸੋਨੇ ਦਾ ਕਲਸ। ਮਹਿਲ ਐਸ ਹਸਾਬ ਨਾਲ ਬਣਾਇਆ ਵਈ ਬੰਦਾ ਤਾਂ ਕੀ, ਜਾਨਵਰ ਵੀ ਉਤਾਂਹ ਨਾ ਚੜ੍ਹ ਸਕੇ । ਚੜ੍ਹਨਾ ਕੀ ? ਚਾਰ-ਚੁਫੇਰੇ ਤਿਲਕਵਾਂ ਪੱਥਰ ਤੇ ਹੱਥ ਪਾਉਣ ਨੂੰ ਥਾਂ ਕੋਈ ਨਾ। ਉੱਤੋਂ ਰਾਜੇ ਨੇ ਰੱਖੇ ਵੇ ਵੱਡੇ-ਵੱਡੇ ਕੁੱਤੇ। ਬੰਦੇ ਨੂੰ ਪਾੜ ਕੇ ਖਾ ਜਾਣ ਵਾਲੇ। ਸਾਡੀ ਕੌਮ ਦੇ ਚੋਰ ਹੋਏ ਆ ਟੇਕੂ ਤੇ ਪੇਕੂ। ਸਾਦਕ ਕੰਨੀ ਦੇ ਸੀਗੇ । ਬੜੀ ਮਸ਼ਹੂਰੀ ਸੀਗੀ ਦੋਵਾਂ ਭਰਾਵਾਂ ਦੀ। ਰਾਜੇ ਨੇ ਲਾਨ ਕਰਤਾ ਵਈ ਜੇ ਟੇਕੂ ਤੇ ਪੇਕੂ ਏਡੇ ਈ ਸ਼ੇਰ ਨੇ ਮੇਰੇ ਮਹਿਲਾਂ 'ਚੋਂ ਚੋਰੀ ਕਰਕੇ ਵਿਖਾਉਣ। ਜਦੋਂ ਟੇਕੂ ਤੇ ਪੇਕੂ ਨੂੰ ਰਾਜੇ ਦੇ ਲਾਨ ਦਾ ਪਤਾ ਲੱਗਾ, ਉਨ੍ਹਾਂ ਰਾਜੇ ਦੀ ਹਿੰਡ ਭੰਨਣ ਦੀ ਸਕੀਮ ਬਣਾਲੀ। ਉਨ੍ਹਾਂ ਪਾਲੀ ਹੋਈ ਸੀ ਗੋਹ। ਇਹ ਬੜਾ ਔਂਤਰਾ ਜੀਅ ਐ । ਸ਼ੈਂਤ ਤੂੰ ਕਿਤੇ ਦੇਖੀ ਹੋਵੇ। ਅੱਬਲ ਤਾਂ ਅੱਜਕੱਲ ਕਿਤੇ ਦਿਖਦੀ ਸੀ। ਜਿਮੇ ਕੋਹੜ ਕਿਰਲਾ ਹੁੰਦਾ ਐ, ਐਂਕਣ ਦੀ ਹੁੰਦੀਓ। ਜਿੱਥੇ ਚੁੰਬੜ ਜੇ ਲਹਿੰਦੀ ਨ੍ਹੀ। ਸੁਣਿਆ ਨੀ ਅਖੇ ਫਲਾਣੇ ਦਾ ਜੱਫ਼ਾ ਤਾਂ ਗੋਹ ਆਲਾ। ਉਨ੍ਹਾਂ ਰੱਬ ਦਿਆਂ ਬੰਦਿਆਂ ਗੋਹ ਦੀ ਪੂੰਛ ਨੂੰ ਪਾਇਆ ਲੰਮਾ ਰੱਸਾ ਤੇ ਵਗਾਹ ਮਾਰੀ ਬੰਗਲੇ ਦੇ ਗੁੰਬਦ 'ਤੇ। ਨਾਲ ਲੈਗੇ ਮਰੇ ਜਾਨਵਰ ਦੇ ਸਿੰਗ। ਸਿੰਗਾਂ ਦੇ ਪੋਪਲਿਆਂ ਵਿਚ ਕੁੱਟ-ਕੁੱਟ ਕੇ ਚੂਰੀ ਭਰਲੀ। ਸਿੰਗ ਹੌਲੀ ਜਏ ਕੁੱਤਿਆਂ ਵੱਲ ਨੂੰ ਚਲਾ ਮਾਰੇ। ਕੁੱਤੇ ਸਿੰਗਾਂ 'ਚ ਮੂੰਹ ਫਸਾ ਕੇ ਲੱਗੇ ਚੂਰੀ ਕੱਢਣ। ਕੁੱਤਿਆਂ ਨੂੰ ਐਸਾ ਆਹਰ ਲਾਇਆ, ਉਹ ਤਾਂ ਕਿਸੇ ਪਾਸੇ ਝਾਕਣ ਈ ਨਾ। ਓਧਰ ਗੋਹ ਨੇ ਜੱਫਾ ਪਾ ਲਿਆ ਗੁੰਬਦ ਨੂੰ। ਦੋਵੇਂ ਭਾਈ ਚੜ੍ਹ ਗਏ ਉਤਾਂਹ ਮਿਲਟੀਂ-ਸਕਿਲਟੀਂ। ਸੋਨੇ ਦਾ ਕਲਸ਼ ਲਾਹਿਆ ਤੇ ਹੋਗੇ ਰਫੂ ਚੱਕਰ। ਦਿਨ ਚੜੇ ਰਾਜੇ ਦੇ ਨੌਕਰਾਂ ਨੇ ਰੌਲਾ ਪਾਤਾ ਅਖੇ ਕਲਸ ਹੈਨੀ। ਰਾਜਾ ਹੈਰਾਨ - ਪਰੇਸ਼ਾਨ, ਏਹ ਹੋ ਕੀ ਗਿਆ ? ਲੈ ਵੀ ਮਛਟਰਾ, ਉਹਨੇ ਮੁਨਿਆਦੀ ਕਰਵਾਤੀ ਵਈ ਜੀਹਨੇ ਚੋਰੀ ਕੀਤੀ ਐ, ਆਪ ਆ ਕੇ ਪੇਸ਼ ਹੋਜੇ। ਚੋਰ ਨੂੰ ਸਜ਼ਾ ਕੋਈ ਨ੍ਹੀ, ਸਗੋਂ ਅਨਾਮ ਦਿੱਤਾ ਜਾਊ। ਸਾਡੇ ਆਲੇ ਸੂਰਮੇਂ ਜਾ ਪੇਸ਼ ਹੋਏ। ਰਾਜਾ ਉਨ੍ਹਾਂ ਦੇ ਅੱਗੇ- ਪਿੱਛੇ, ਉੱਤੇ ਹੇਠਾਂ ਦੇਖੀ ਜਾਵੇ। ਨਾਲੇ ਸੋਚੀ ਜਾਵੇ ਵਈ ਆਹ ਚਿੱਬ - ਖੜਿੱਬੇ ਜਏ ਦੇਗੇ ਦੱਖੂ-ਦਾਣਾ। ਲੈ ਵਈ ਮਛਟਰਾ ਰਾਜਾ ਜ਼ੁਬਾਨ ਦਾ ਬੜਾ ਪੱਕਾ ਸੀ। ਉਨ੍ਹੇ ਭਲੇਮਾਨਸਾਂ ਨੂੰ ਆਖਿਆ ਵੀ ਕੁੱਛ ਨਾ, ਇਨਾਮ ਵੀ ਦਿੱਤਾ ਤੇ ਕਲਸ਼ ਵੀ ਉਨ੍ਹਾਂ ਕੋਲ ਈ ਰਹਿਣ ਦਿੱਤਾ। ਫੇਰ ਜੀ ਰਾਜੇ ਨੇ ਸਾਰੀ ਘਾਣੀ ਜਾ ਸੁਣਾਈ ਵੱਡੇ ਲਾਟ ਸਾਬ ਨੂੰ ਵਈ ਕੌਮ ਬੜੀ ਖ਼ਤਰਨਾਕ ਆ। ਲਾਟ ਸਾਬ ਨੇ ਓਸੇ ਟੈਮ ਕੌਮ 'ਤੇ ਪਾਬੰਦੀ ਲਾਤੀ। ਸਮਝਲੈ ਕਰਨੀ ਦੋ ਬੰਦਿਆਂ ਦੀ ਸਜ਼ਾ ਦੇਤੀ ਸਾਰੀ ਕੌਮ ਨੂੰ। ਬੱਸ ਜੀ, ਉਦੋਂ ਲੱਗੀ ਫਿਰ ਕੌਮ 'ਤੇ ਪਾਬੰਦੀ।" "ਤਾਇਆ ਸਿਆਂ ! ਆਏਂ ਈ ਹੁੰਦਾ।" ਮੈਂ ਗੋਲ-ਮੋਲ ਜਿਹਾ ਜੁਆਬ ਦਿੱਤਾ। ਉਂਜ ਮੇਰਾ ਜੀਅ ਕੀਤਾ ਸੀ ਕਿ ਆਤੂ ਨੂੰ ਆਖਾਂ, ਬੀਬੀ ਮਾਰੀ ਤਾਂ ਦੋ ਬੰਦਿਆਂ ਨੇ ਸੀ-ਸਜ਼ਾ ਸਾਰੀ ਕੌਮ ਨੂੰ ਭੁਗਤਣੀ ਪਈ।" ਪਰ ਮੈਂ ਚੁੱਪ ਹੀ ਰਿਹਾ।

"ਪਰ ਏਹ ਨਸਾਫ਼ ਆਲੀ ਤਾਂ ਗੱਲ ਹੈਨੀ ਸੀ। ਹੋਰ ਦੇਖਲ, ਗੋਰੇ ਦੀ ਲਾਈ ਪਾਬੰਦੀ ਆਜ਼ਾਦੀ ਮਿਲਣ ਤੋਂ ਬਾਅਦ ਵੀ ਪੰਜ ਸਾਲ ਲੱਗੀ ਰਹੀ।"

"ਹਾਂ ! ਆਹੋ----।" ਮੈਨੂੰ ਪਤਾ ਨਾ ਲੱਗਾ, ਮੈਂ ਆਪਣੀ ਹੀ ਗੱਲ ਦਾ ਜੁਆਬ ਦਿੱਤਾ ਸੀ ਕਿ ਆਤੂ ਦੀ ਗੱਲ ਦਾ। "ਇਨਸਾਫ਼ ਹੈ ਕਿੱਥੇ ?" ਮੇਰੇ ਅੰਦਰੋਂ ਆਪ ਮੁਹਾਰੇ ਠੰਡਾ ਹਾਉਂਕਾ ਨਿਕਲ ਗਿਆ। ਮੇਰੇ ਆਪਣੇ ਸਮੇਤ ਪੀਰਾਂ ਵਾਲੀ ਹਾਈ ਸਕੂਲ ਵਿਚ ਪੜ੍ਹਾਉਂਦੇ ਚਾਰ ਮਾਸਟਰਾਂ ਨਾਲ ਹੋਈ ਧੱਕੇਸ਼ਾਹੀ ਸਾਹਮਣੇ ਆ ਖਲੋਤੀ। ਅਸੀਂ ਨਵੇਂ - ਨਵੇਂ ਭਰਤੀ ਹੋਏ ਚਾਰੇ ਹੀ ਮਾਸਟਰਾਂ ਨੇ ਦਿਨ-ਰਾਤ ਮਿਹਨਤ ਕਰਕੇ ਸਕੂਲ ਨੂੰ ਨੰਬਰ ਇਕ 'ਤੇ ਲੈ ਆਂਦਾ ਸੀ। ਸਾਡੀ ਦੇਖਾ-ਦੇਖੀ ਕੁਝ ਹੋਰ ਅਧਿਆਪਕ ਵੀ ਮਿਹਨਤ ਕਰਨ ਲੱਗੇ ਸਨ। ਲੋਕਾਂ ਨੇ ਨੇੜੇ ਤੇੜੇ ਚਾਹ-ਗੁੜ ਦੀਆਂ ਦੁਕਾਨਾਂ ਵਾਂਗ ਖੁੱਲ੍ਹੇ ਪ੍ਰਾਈਵੇਟ ਸਕੂਲਾਂ 'ਚੋਂ ਜੁਆਕ ਹਟਾ ਕੇ ਸਰਕਾਰੀ ਸਕੂਲ ਵਿਚ ਦਾਖਲ ਕਰਵਾ ਦਿੱਤੇ। ਸਾਡੇ ਈ ਸਕੂਲ ਪੜ੍ਹਾਉਂਦੇ ਗੁਲਵੰਤ ਸਿੰਘ ਉਰਫ਼ ਗਿੱਲ ਸਾਹਬ ਨੂੰ ਇਸ ਦੀ ਬੜੀ ਤਕਲੀਫ਼ ਹੋਈ ਸੀ। ਇਸ ਤਕਲੀਫ਼ ਦੇ ਛੋਟੇ ਛੋਟੇ ਕਾਰਨ ਤਾਂ ਹੋਰ ਵੀ ਸਨ ਪਰ ਵੱਡਾ ਕਾਰਨ ਇਹ ਸੀ ਕਿ ਉਸਦੀ ਬਾਰਾਂ ਜਮਾਤਾਂ ਪਾਸ ਘਰਵਾਲੀ ਵੱਲੋਂ ਪੰਜ-ਸੱਤ ਮੈਟ੍ਰਿਕ ਕਰੀ ਬੈਠੀਆਂ ਕੁੜੀਆਂ ਰੱਖ ਕੇ, ਸਾਡੇ ਸਕੂਲ ਦੇ ਨੇੜੇ ਹੀ 'ਗੁਰੂ ਨਾਨਕ ਪਬਲਿਕ ਮਾਡਲ ਸਕੂਲ' ਚਲਾਇਆ ਜਾ ਰਿਹਾ ਸੀ। ਸਾਡੀ ਮਿਹਨਤ ਸਦਕਾ 'ਗਿੱਲ ਸਹਿਬਣੀ' ਦੇ ਸਕੂਲ ਵਿਚ ਭਾਂਅ ਭਾਂਅ ਹੋਣ ਲੱਗੀ ਸੀ। ਸਾਨੂੰ ਆਪਣੀ ਮਿਹਨਤ ਨਾਲ 'ਤੇ ਮਾਣ ਸੀ। ਅਸੀਂ ਸਾਰੀ ਛੁੱਟੀ ਤੋਂ ਬਾਅਦ ਚੌੜੇ ਹੋ ਹੋ ਕੇ ਸਾਈਕਲਾਂ ਸਕੂਟਰਾਂ 'ਤੇ ਘਰਾਂ ਨੂੰ ਜਾਂਦੇ। ਸਾਡਾ ਮਾਣ ਉਸ ਦਿਨ ਕੱਚ ਵਾਂਗ ਤਿੜਕ ਗਿਆ ਜਿਸ ਦਿਨ ਪ੍ਰਬੰਧਕੀ ਆਧਾਰ 'ਤੇ ਹੋਈਆਂ ਬਦਲੀਆਂ ਦੇ ਆਰਡਰ ਹੈੱਡਮਾਸਟਰ ਨੇ ਸਾਡੇ ਹੱਥਾਂ ਵਿਚ ਫੜਾ ਦਿੱਤੇ ਸਨ। ਪਰਾਂਹ ਟਾਹਲੀ ਥੱਲੇ ਖੜੇ ਗਿੱਲ ਸਾਹਿਬ ਦੀਆਂ ਕਰੜ-ਬਰੜੀਆਂ ਚੂਹੇ ਦੀ ਪੂਛ ਵਰਗੀਆਂ ਮੁੱਛਾਂ ਖਚਰੀ ਹਸੀ ਹੱਸਦੀਆਂ ਸਨ। ਅਸੀਂ ਬਦਲੀ ਦਾ ਕਾਰਨ ਜਾਨਣ ਲਈ ਡੀ.ਈ.ਓ. ਦਫ਼ਤਰ ਜਾ ਵੱਜੇ। ਸਾਡੇ ਚਾਰਾਂ 'ਤੇ ਸਕੂਲ ਵਿਚ ਸ਼ਰਾਬ ਪੀਣ, ਲੜਕੀਆਂ ਨੂੰ ਗੁੰਮਰਾਹ ਕਰਨ ਅਤੇ ਮਾਸਟਰਾਣੀਆਂ ਨੂੰ ਅਸ਼ਲੀਲ ਇਸ਼ਾਰੇ ਕਰਨ ਦਾ ਦੋਸ਼ ਲਾਇਆ ਸੀ। ਸਾਡੇ ਖਿਲਾਫ਼ ਦਰਖ਼ਾਸਤ ਵੀ ਪਿੰਡ ਦੀ ਪੰਚਾਇਤ ਵੱਲੋਂ ਸੀ। ਹਿਸਾਬ ਵਾਲਾ ਮਾਸਟਰ ਤਾਂ ਹੁਬਕੀਂ-ਹੁਬਕੀਂ ਰੋਣ ਲੱਗ ਪਿਆ ਸੀ। ਇਸ ਸ਼ਿਕਾਇਤ 'ਤੇ ਉੱਚ ਅਧਿਕਾਰੀ ਵਲੋਂ ਸਕੂਲ ਵਿਚ ਜਾ ਕੇ ਕੀਤੀ ਇਨਕੁਆਰੀ ਦੀ ਰਿਪੋਰਟ ਵੀ ਦਰਜ ਸੀ। ਇਹ ਇਨਕੁਆਰੀ ਹੋਈ ਕਦੋਂ ? ਇਹ ਘਟਨਾ ਚੇਤੇ ਆਉਂਦਿਆਂ ਹੀ ਮੂੰਹ ਕੁੜੱਤਣ ਨਾਲ ਭਰ ਗਿਆ ਜਿਵੇਂ ਕਨੈਨ ਪੀਤੀ ਹੋਵੇ। ਮੈਂ ਬੋਤਲ ਚੁੱਕੀ ਮੂੰਹ 'ਤੇ ਲੱਗਾ ਗੁੱਲ ਬਾਹਰ ਖਿੱਚਿਆ ਤੇ ਦੂਰ ਵਗਾਹ ਮਾਰਿਆ ਜਿਵੇਂ ਗਿੱਲ ਮਾਸਟਰ ਦੇ ਮੂੰਹ 'ਤੇ ਮਾਰਿਆ ਹੋਵੇ।

"ਲੈ ਤਾਇਆ, ਨਬੇੜੀਏ ਕੰਮ !" ਮੈਂ ਬਾਕੀ ਬਚਦੀ ਸ਼ਰਾਬ ਦੋਵਾਂ ਗਿਲਾਸੀਆਂ ਵਿਚ ਪਾ ਕੇ ਬੋਤਲ ਟਿੱਬੇ ਵੱਲ ਵਗਾਹ ਮਾਰੀ। ਸ਼ਾਇਦ ਪਹਿਲਾਂ ਪੀਤੀ ਦੇ ਸਰੂਰ ਚ ਹੀ ਆਤੂ ਨੇ ਵੀ ਕੋਈ ਨਾਂਹ-ਨੁੱਕਰ ਨਹੀਂ ਸੀ ਕੀਤੀ। ਮੈਂ ਕੱਪੀ ਨਾਲ ਥੋੜ੍ਹਾ ਥੋੜ੍ਹਾ ਪਾਣੀ ਦੋਵਾਂ ਗਿਲਾਸੀਆਂ ਵਿਚ ਪਾਇਆ । ਆਤੂ ਨੇ ਅੱਧੀ ਗਿਲਾਸੀ ਚਾੜ੍ਹ ਕੇ ਬਾਕੀ ਵੱਟ 'ਤੇ ਰੱਖ ਦਿੱਤੀ।

"ਤਾਇਆ ! ਬੰਦਾ ਕਾਹਨੂੰ ਬੁੱਢਾ ਹੁੰਦਾ, ਬੰਦੇ ਨੂੰ ਤਾਂ ਬੱਸ ਐਧਰ-ਉਧਰ ਦੀਆਂ ਸੱਟਾਂ ਬੁੱਢਾ ਕਰਦੀਆਂ।" ਮੈਂ ਆਵਦੇ ਵੱਲੋਂ ਇਧਰ-ਉਧਰ ਦੀਆਂ 'ਬੇਇਨਸਾਫ਼ੀਆਂ ਬੁੱਢਾ ਕਰਦੀਆਂ' ਕਹਿਣਾ ਸੀ ਪਰ ਪਤਾ ਨਹੀਂ ਕਿਉਂ ਮੈਥੋਂ ਇਧਰ-ਉਧਰ ਦੀਆਂ ਸੱਟਾਂ ਕਹਿ ਹੋ ਗਿਆ। ਮੈਨੂੰ ਆਪਣੇ ਨਾਲ ਹੋਈ ਬੇਇਨਸਾਫ਼ੀ ਅੰਦਰੋਂ-ਅੰਦਰੀ ਵੱਢਦੀ ਰਹਿੰਦੀ ਸੀ। ਅਸੀਂ ਇਸ ਬੇਇਨਸਾਫ਼ੀ ਦੇ ਖਿਲਾਫ਼ ਡੀ.ਪੀ.ਆਈ. ਦਫ਼ਤਰ, ਸੈਕਟਰੀਏਟ ਅਤੇ ਮੰਤਰੀਆਂ ਦੇ ਘਰਾਂ ਦੀਆਂ ਪੌੜੀਆਂ ਚੜ੍ਹਦੇ ਉਤਰਦੇ ਰਹੇ, ਪਰ ਇਨਸਾਫ਼ ਕਿਤੋਂ ਨਹੀਂ ਸੀ ਮਿਲਿਆ। ਵਾਹ ਨਾ ਚੱਲਦੀ ਵੇਖਕੇ ਅਸੀਂ ਚਾਰਾਂ ਨੇ ਹੀ ਨਵੇਂ ਸਕੂਲਾਂ ਵਿਚ ਜੁਆਇੰਨ ਕਰ ਲਿਆ ਸੀ।

"ਮਛਟਰਾ! ਤੀਹ ਸਾਲ ਨੀ ਸਾਂ ਮਰਦਾ ਹਜੇ ਮੈਂ। ਜਮਦੂਤ ਲੈਣ ਵੀ ਆਉਂਦੇ, ਸਾਲਿਆਂ ਨੂੰ ਡਾਂਗਾਂ ਮਾਰ-ਮਾਰ ਮੋੜ ਦੇਣਾ ਸੀ ਪਰ ਧੀਆਂ ਦਾ ਦੁੱਖ ਬੁਰਾ, ਏਹ ਲੈ ਬੈਠਾ। ਏਹਨੇ ਅੰਦਰੋਂ-ਅੰਦਰੀ ਖੋਰਤਾ ਲੂਣ ਦੀ ਡਲੀ ਵਾਂਗੂੰ। ਰੱਬ ਨੇ ਪੁੱਤ ਦਿੱਤਾ ਕੋਈ ਨਾ-ਸੋਚਿਆ ਜਵਾਈ ਪੁੱਤਾਂ ਵਰਗੇ ਈ ਹੁੰਦੇ। ਧੀ ਦੇ ਕੇ ਪੁੱਤ ਬਣਾਈਦੇ। ਰੱਬ ਦੀ ਕੈਸੀ ਮਰਜ਼ੀ--- ਦੋ ਧੀਆਂ, ਔਖੇ ਹੋ ਕੇ ਵਿਆਹੀਆਂ, ਦੋਵੇਂ ਈ ਬਾਪ ਦੇ ਬੂਹੇ ਆ ਬੈਠੀਆਂ।" ਅੱਥਰੂ ਆਤੂ ਦੀਆਂ ਅੱਖਾਂ ਵਿੱਚੋਂ ਨਿਕਲਕੇ ਉਸਦੀ ਵਿਰਲੀ-ਵਿਰਲੀ ਤੇ ਖੋਦੀ ਜਿਹੀ ਦਾੜ੍ਹੀ ਵਿਚ ਗੁਆਚ ਗਏ।

"ਮਛਟਰਾ! ਪੂਰੇ ਪੱਚੀ ਸਾਲ ਐਨਾ ਬੁੱਢੇ ਹੱਡਾਂ ਨਾਲ ਮੇਹਨਤ ਕਰਕੇ ਦੋਵੇਂ ਧੀਆਂ ਦੇ ਜੀਅ-ਜੰਤ ਨੂੰ ਪਾਲਿਆ। ਜਿੰਨਾਂ ਚਿਰ ਵਿਧਵਾ ਧੀਆਂ ਦੀ ਕਬੀਲਦਾਰੀ ਨੀ ਕਿਓਂਟੀ ਗਈ, ਡੋਲਣ ਨੀ ਦਿੱਤਾ ਆਪਣੇ ਆਪ ਨੂੰ, ਪਰ ਹੁਣ ਬੱਸ ਹੋਗੀ। ਮਛਟਰਾ, ਕੀ ਦੱਸਾਂ ? ਧੀਆਂ ਦੇ ਦੁੱਖ ਬੁਰੇ।"

"ਤਾਇਆ----ਰੱਬ ਨੂੰ ਕੌਣ ਆਖੇ ਇਉਂ ਨੀ ਇਉਂ ਕਰ !" ਮੈਨੂੰ ਸਮਝ ਨਹੀਂ ਸੀ ਆਈ ਕਿ ਆਤੂ ਨਾਲ ਕਿਹੜੇ ਸ਼ਬਦਾਂ ਦੁਆਰਾ ਹਮਦਰਦੀ ਪ੍ਰਗਟਾਈ ਜਾਵੇ।

"ਮਛਟਰਾ! ਵੱਡੀ ਕੁੜੀ ਦੇ ਘਰ ਆਲਾ, ਮੋਟਰ ਲਾਰੀ ਦੇ ਅਕਸੀਡੈਂਟ 'ਚ ਪੂਰਾ ਹੋ ਗਿਆ। ਮੈਂ ਸਬਰ ਕਰ ਲਿਆ- ਚਲੋ ਕੁਦਰਤ ਦੀ ਮਰਜ਼ੀ। ਛੋਟੀ ਤਾਂ ਸਮਝ ਲੈ ਆਵਦੇ ਹੱਥੀਂ ਰੰਡੀ ਕੀਤੀ।" ਆਤੂ ਨੇ ਗਿਲਾਸੀ ਮੂੰਹ ਨੂੰ ਲਾ ਲਈ।

"ਆਵਦੇ ਹੱਥੀਂ----- ?"

"ਹਾਂਅ----ਆਵਦੇ ਹੱਥੀਂ।"

"ਆਵਦੇ ਹੱਥੀਂ ?"

"ਬਸ ਕਿਸਬ ਈ ਵੈਰੀ ਬਣ ਖਲੋਤਾ----।" ਆਤੂ ਖਿਲਾਅ ਵਿਚ ਦੇਖਣ ਲੱਗਾ ਜਿਵੇਂ ਬੀਤੀਆਂ ਘਟਨਾਵਾਂ ਦੀਆਂ ਤੰਦਾਂ ਫੜ੍ਹ ਰਿਹਾ ਹੋਵੇ।

"ਤਾਇਆ, ਪੂਰੀ ਗੱਲ ਦੱਸ---ਮਨ ਹੌਲਾ ਹੋਜੂ।" ਮੈਂ ਆਤੂ ਦੇ ਰਿਸਦੇ ਜ਼ਖ਼ਮ 'ਚੋਂ ਪੱਸ ਕੱਢ ਦੇਣ ਦੀ ਨੀਅਤ ਨਾਲ ਪੁੱਛਿਆ । ਮੈਂ ਸੋਚਿਆ, ਇਸ ਨਾਲ ਆਤੂ ਨੂੰ ਆਰਾਮ ਮਿਲੇਗਾ।

ਆਤੂ ਨੇ ਦੋ ਤਿੰਨ ਲੰਮੇ ਲੰਮੇ ਹਾਉਂਕੇ ਭਰੇ।

"ਮਛਟਰਾ ! ਵਖਤ-ਵਖਤ ਦੀਆਂ ਗੱਲਾਂ। ਆਹ ਕੋਈ ਟੈਮ ਆ, ਆਤੂ ਤੇਰੇ ਸਾਹਮਣੇ ਰਿੱਗੀ ਢਾਹੀ ਬੈਠਾ-ਕੋਈ ਟੈਮ ਸੀ ਆਹੀ ਆਤੂ ਸੌ-ਸੌ ਕੋਹ ਤੱਕ ਮਸ਼ਹੂਰ ਸੀ। ਤੂੰ ਤਾਂ ਹਜੇ ਕੱਲ੍ਹ ਜੰਮਿਆਂ। ਤੇਰਾ ਪਿਉ ਵੀ ਮੈਂ ਹੱਥੀਂ ਖਿਡਾਇਆ। ਤੈਨੂੰ ਕੀ ਪਤਾ ਆਤੂ ਖੋਜੀ ਬਾਰੇ ? ਬਾਹਰਲੇ ਪਿੰਡਾਂ ਆਲੇ ਆਪਣੇ ਪਿੰਡ ਨੂੰ ਆਤੂ ਖੋਜੀ ਆਲਾ ਬੁੱਟਰ ਆਂਹਦੇ ਸੀ। ਮਾਰ ਬਠਿੰਡੇ ਮਾਨਸੇ ਤੱਕ ਦੇ ਲੋਕ ਲਿਜਾਂਦੇ ਸੀ ਪੈੜ ਕਢਵਾਉਣ ਵਾਸਤੇ।"

ਆਤੂ ਉਠ ਕੇ ਗੰਦਲ ਤੋੜਨ ਚਲਾ ਗਿਆ। ਭਾਵੇਂ ਉਹ ਮੇਰੀ ਸੁਰਤ ਤੋਂ ਪਹਿਲਾਂ ਹੀ ਖੋਜ ਪੁਣੇ ਦਾ ਕੰਮ ਛੱਡ ਚੁੱਕਾ ਸੀ ਪਰ ਉਸ ਦੇ ਇਕ ਮੰਨਿਆ ਦੰਨਿਆ ਖੋਜੀ ਰਿਹਾ ਹੋਣ ਬਾਰੇ ਮੈਨੂੰ ਪਤਾ ਸੀ। ਆਤੂ ਨੂੰ ਪਿੰਡ ਦੇ ਲੋਕ ਅਜੇ ਵੀ ਆਤੂ ਖੋਜੀ ਹੀ ਆਖਦੇ ਸਨ ਕਿ ਆਤੂ ਬਾਰੇ ਮਸ਼ਹੂਰ ਸੀ ਕਿ ਚੋਰੀ ਦੇ ਜਿਸ ਮਾਮਲੇ ਦੀ ਪੈੜ ਕੱਢਣ ਦਾ ਕੰਮ ਆਪਣੇ ਹੱਥ ਲੈ ਲੈਂਦਾ ਸੀ, ਚੋਰ ਫੜੇ ਜਾਣ ਦੇ ਡਰੋਂ ਰਾਤ- ਬਰਾਤੇ ਚੋਰੀ ਕੀਤਾ ਸਮਾਨ ਮਾਲਕਾਂ ਦੇ ਘਰ ਸੁੱਟ ਜਾਂਦਾ ਸੀ। ਕਈ ਤਾਂ ਗਿੜਗਿੜਾ ਕੇ ਘਰਵਾਲਿਆਂ ਤੋਂ ਜਾਨ ਬਖ਼ਸ਼ੀ ਕਰਵਾ ਲੈਂਦੇ ਸਨ। ਮੈਂ ਇਹ ਵੀ ਸੁਣਿਆ ਸੀ ਕਿ ਜਿਥੇ ਦੂਜੇ ਖੋਜੀ ਅਕਸਰ ਚੋਰਾਂ ਨਾਲ ਰਲ ਜਾਂਦੇ ਸਨ, ਉਥੇ ਆਤੂ ਅਜਿਹਾ ਨਹੀਂ ਸੀ ਕਰਦਾ।

ਬਾਪੂ ਦੱਸਦਾ ਹੁੰਦਾ ਸੀ ਕਿ ਆਤੂ ਖੋਜੀ ਦੇ ਨਾਂ ਤੋਂ ਹੀ ਚੋਰ-ਭੈਅ ਖਾਂਦੇ ਸਨ। ਇਲਾਕੇ ਦੇ ਪੱਕੇ ਚੋਰਾਂ ਨੇ ਤਾਂ ਪੈਸੇ ਦੇ ਕੇ ਆਤੂ ਨੂੰ ਆਪਣੇ ਨਾਲ ਗੰਢਣ ਦੀ ਕੋਸ਼ਿਸ਼ ਵੀ ਕੀਤੀ। ਫੇਰ ਵਾਹ ਨਾ ਚੱਲਦੀ ਵੇਖ ਕੇ ਆਤੂ ਨੂੰ ਮਾਰਨ ਦੀ ਚਾਲ ਵੀ ਚੱਲੀ ਪਰ ਚੰਗੀ ਕਿਸਮਤ ਨੂੰ ਆਤੂ ਬਚ ਗਿਆ ਸੀ।

"ਮਛਟਰਾ ! ਆਪਣੇ ਕਿਸਬ ਨੂੰ ਇਮਾਨਦਾਰੀ ਨਾਲ ਕਰਨਾ ਈ ਬੰਦੇ ਦਾ ਧਰਮ ਹੁੰਦਾ। ਜਿਮੇਂ ਤੂੰ ਮਛਟਰੀ ਕਰਦੈਂ, ਪੜ੍ਹਾਉਣਾ ਤੇਰਾ ਧਰਮ ਐ । ਬਾਜੇ ਬਾਜੇ ਬੰਦੇ ਏਹ ਗੱਲ ਨੀਂ ਸਮਝਦੇ। ਆਹ ਸੂਰਜ ਮੱਥੇ ਲੱਗਦਾ, ਮੈਂ ਆਪਣੇ ਕਿਸਬ ਨੂੰ ਧਰਮ ਸਮਝਦਾ ਰਿਹਾਂ-ਏਸੇ ਕਰਕੇ ਛੋਟੀ ਕੁੜੀ ਬੂਹੇ ਬਹਾਈ।" ਆਪਣੀ ਗੱਲ ਦੇ ਹੁੰਗਾਰੇ ਲਈ ਆਤੂ ਗਹੁ ਨਾਲ ਮੇਰੀਆਂ ਅੱਖਾਂ ਵਿਚ ਝਾਕਿਆ। ਮੈਨੂੰ ਆਪਣੇ ਆਪ 'ਤੇ ਸ਼ਰਮ ਆਈ। ਮੈਂ ਤਲਵੰਡੀ ਆਪਣੇ ਹੁਣ ਵਾਲੇ ਸਕੂਲ ਪਹੁੰਚ ਗਿਆ ਸਾਂ। ਕਲਾਸ ਅੰਦਰ ਕੁਰਸੀ ਵਿਚ ਘੁਸਿਆ ਅਤੇ ਮੂਹਰਲੇ ਟੇਬਲ ਤੇ ਲੱਤਾਂ ਪਸਾਰੀ ਪਿਆ ਸਾਇੰਸ ਮਾਸਟਰ ਮੱਖਣ ਸਿੰਘ ਮਾਨ ਮੇਰੀਆਂ ਅੱਖਾਂ ਅੱਗੇ ਆ ਖੜੋਤਾ।

"ਸੰਧੂ ਸੈਬ----ਐਸ਼ ਕਰਿਆ ਕਰੋ ਐਸ਼ । ਐਵੇਂ ਨਾ ਮੱਥਾ ਮਾਰਿਆ ਕਰੋ ਕੋਟੇ ਆਲਿਆਂ ਨਾਲ------ ਇਨ੍ਹਾਂ ਪੜ੍ਹਕੇ ਆਪਣੇ ਹੈੱਡਮਾਸਟਰ ਵਾਂਗੂੰ ਆਪਣੇ ਜੁਆਕਾਂ 'ਤੇ ਈ ਅਫ਼ਸਰ ਆ ਲੱਗਣਾ। ਆਪਣੇ ਐਕਸ਼ਨ ਦਾ ਉਲਟਾ ਰੀਐਕਸ਼ਨ ਹੋਣਾ। ਸੁਣਿਆ ਨੀ, ਐਕਸ਼ਨ ਐਂਡ ਰੀਐਕਸ਼ਨ ਆਰ ਈਕੁਅਲ ਐਂਡ ਆਪੋਜ਼ਿਟ। ਇਹ ਸਾਲਾ ਚੀਂਗਪੋਟ ਅਨਪੜ੍ਹ ਈ ਠੀਕ ਐ। ਨਾ ਪੜ੍ਹਨ ਨਾ ਕੁਰਸੀਆਂ ਸਾਂਭਣ। ਕੀ ਖਿਆਲ ?" ਮਾਸਟਰ ਮਾਨ ਹੱਥ 'ਤੇ ਹੱਥ ਮਾਰ ਕੇ ਹੱਸਿਆ, ਜਿਵੇਂ ਸਾਰੇ ਸਿੱਖਿਆ ਢਾਂਚੇ ਨੂੰ ਦੰਦੀਆਂ ਚਿੜਾ ਰਿਹਾ ਹੋਵੇ। ਮੈਂ ਉਸਦੀ ਗੱਲ ਅਣਸੁਣੀ ਕਰਕੇ ਤੁਰ ਪਿਆ ਸੀ।

"ਇਕ ਤਾਂ ਇਨ੍ਹਾਂ ਨੂੰ ਕਾਮਰੇਡੀ ਨੀ ਟਿਕਣ ਦਿੰਦੀ-----!" ਆਵਦੇ ਵੱਲੋਂ ਉਸ ਨੇ ਮੈਨੂੰ ਭੱਦੀ ਗਾਲ੍ਹ ਕੱਢੀ ਸੀ। "ਸੁਣਦੈਂ ?" ਆਤੂ ਦੀ ਆਵਾਜ਼ ਨੇ ਮੈਨੂੰ ਨੀਂਦ 'ਚੋਂ ਕੱਢ ਲਿਆਂਦਾ।

"ਹਾਂਅ !"

"ਕੀ ਆਖਿਆ ਭਲਾ ?" ਆਤੂ ਨੂੰ ਲੱਗਾ ਸੀ ਜਿਵੇਂ ਮੈਂ ਉਸ ਦੀ ਗੱਲ ਧਿਆਨ ਨਾਲ ਨਹੀਂ ਸੀ ਸੁਣ ਰਿਹਾ।

"ਏਹੀ ਕਿ ਆਪਣੇ ਕਿਸਬ ਨੂੰ ਇਮਾਨਦਾਰੀ ਨਾਲ ਕਰਨਾ ਈ ਬੰਦੇ ਦਾ ਅਸਲੀ ਧਰਮ ਹੁੰਦਾ। ਏਸ ਧਰਮ ਨੂੰ ਨਿਭਾਉਣ ਲਈ ਕੁਰਬਾਨੀਆਂ ਵੀ ਕਰਨੀਆਂ ਪੈਂਦੀਆਂ।" ਮੇਰੇ ਜੁਆਬ ਨਾਲ ਆਤੂ ਸੰਤੁਸ਼ਟ ਹੋ ਗਿਆ ਸੀ।

"ਮਛਟਰਾ ! ਮਾੜਾ ਜਿਹਾ ਧਰਮ ਛੱਡਣ ਦੀ ਲੋੜ ਸੀ, ਰੁਪਈਏ ਭਮੇ ਫਹੁੜੀ ਨਾਲ ਕੱਠੇ ਕਰ ਲੈਂਦਾ। ਨਹੀਂ ਛੱਡਿਆ। ਮਛਟਰਾ, ਧਰਮ ਨੀ ਛੱਡਿਆ ਮੈਂ। ਧੀ ਜ਼ਨੂਰ ਬੂਹੇ ਬਹਾਲੀ ਪਰ ਧਰਮ ਨੀ ਛੱਡਿਆ ਆਤੂ ਖੋਜੀ ਨੇ।" ਨਸ਼ਾ ਆਤੂ ਦੇ ਉੱਤੋਂ ਦੀ ਹੋ ਗਿਆ ਸੀ ਜਾਂ ਫਿਰ ਯਾਦਾਂ ਨੇ ਹੀ ਆਤੂ ਨੂੰ ਬੌਰਾ ਕਰ ਦਿੱਤਾ ਸੀ।

"ਹੱਲੂ ਪੱਤੀ ਆਲੇ ਜੂੰ ਖਾਣੇ ਲੱਭੂ ਨੂੰ ਜਾਣਦੈਂ ?"

"ਜਾਣਦਾਂ !"

"ਏਹਨਾਂ ਦਾ ਬੁੜ੍ਹਾ ਹੁੰਦਾ ਸੀ ਨੌਹਰੀਆਂ। ਬੜਾ ਔਂਤਰਾ ਬੁੜ੍ਹਾ ਸੀ। ਕੰਜ਼ਰ ਨੇ ਗਰੀਬ-ਗੁਰਬੇ ਨੂੰ ਦਾਸਾ-ਬੀਸਾ ਦੇ ਕੇ ਵਹੀ 'ਤੇ ਗੂਠਾ ਲਵਾ ਲੈਣਾ। ਵਿਆਜ 'ਤੇ ਵਿਆਜ ਲਾ ਕੇ ਡੂਢਾ-ਸਵਾਇਆ ਕਰੀ ਜਾਣਾ। ਰੱਤ ਚੂਸ ਲੈਂਦਾ ਸੀ ਜਗਦੇ ਦੀ। ਏਨਾਂ ਦੇ ਸੀਰੀ ਹੁੰਦਾ ਸੀ ਗੁੰਦਦਾ ਮਜ਼ਬੀ। (ਚੱਲਦਾ)






ਪੰਜਾਬ ਸਟਾਰ
www.punjabstar.com

# 'ਪੁਰਖ਼ਿਆਂ ਦਾ ਦੇਸ' – ਇੱਕ ਪਾਠਕ ਦੀ ਸਮੀਖਿਆ



ਇੰਜ. ਈਸ਼ਰ ਸਿੰਘ
ਫ਼ੋਨ: +1 647 640 2014

ਅੱਜ ਦੇ ਸੋਸ਼ਲ ਮੀਡੀਆ ਦੇ ਯੁਗ ਵਿੱਚ ਵੀ ਕਿਤਾਬਾਂ ਦੀ ਭਰੋਸੇ-ਯੋਗਤਾ ਪਹਿਲਾਂ ਦੀ ਤਰ੍ਹਾਂ ਬਰਕਰਾਰ ਹੈ ਅਤੇ ਇਸ ਦੇ ਸਟੀਕ ਕਾਰਨ ਹਨ। ਮੁੱਖ ਇਹ ਹੈ ਕਿ ਪੰਜਾਬੀ ਵਾਰਤਕ ਦੇ ਲੇਖਕ ਆਪਣੀ ਕਿਤਾਬ ਦਾ ਵਿਸ਼ਾ ਗੰਭੀਰਤਾ ਨਾਲ਼ ਅਤੇ ਉਸ ਦੀ ਵਸਤੂ ਨੂੰ ਸੋਚ-ਸਮਝ ਕੇ ਚੁਣਦੇ ਹਨ। ਹੋਰਾਂ ਵਿਦਵਾਨ ਹਸਤੀਆਂ ਨਾਲ਼ ਸਲਾਹ-ਮਸ਼ਵਰਾ ਕਰਦੇ ਹਨ ਅਤੇ ਉਨ੍ਹਾਂ ਤੋਂ ਸੋਧ-ਸੁਧਾਈ ਅਤੇ ਦਰੁਸਤੀ ਵੀ ਕਰਵਾਉਂਦੇ ਹਨ। ਫਿਰ ਗੰਭੀਰਤਾ ਨਾਲ਼ ਇਸ ਦੇ ਲਿਖਣ ਅਤੇ ਛਪਵਾਉਣ ਦਾ ਕੰਮ ਕਰਦੇ/ਕਰਵਾਉਂਦੇ ਹਨ ਅਤੇ ਆਲੋਚਕਾਂ ਦੀਆਂ ਟਿੱਪਣੀਆਂ ਸੁਣਦੇ ਅਤੇ ਜਰਦੇ ਹਨ। ਇਹ ਕਿਰਿਆਵਾਂ ਕਿਤਾਬ ਨੂੰ ਮਿਆਰੀ ਅਤੇ ਪਾਠਕਾਂ ਲਈ ਲਾਭਕਾਰੀ ਬਣਾਉਂਦੀਆਂ ਹਨ। ਇਹ ਗੱਲ ਕਿਸੇ ਹੱਦ ਤੱਕ ਲੇਖਾਂ ਆਦਿ 'ਤੇ ਵੀ ਲਾਗੂ ਹੁੰਦੀ ਹੈ, ਪਰ ਡਿਜਿਟਲ ਮੀਡੀਆ ਇਨ੍ਹਾਂ 'ਚੋਂ ਕਿਸੇ ਵੀ ਗੱਲ 'ਤੇ ਪੂਰਾ ਨਹੀਂ ਉਤਰ ਸਕਦਾ। ਜਦ ਡਾ. ਸੁਖਦੇਵ ਸਿੰਘ ਝੰਡ ਵਰਗੇ ਬਹੁ-ਪੱਖੀ ਪ੍ਰਤਿਭਾ ਦੇ ਮਾਲਿਕ ਤੇ ਵਿਦਵਾਨ ਲੇਖਕ ਇਸ ਤਰ੍ਹਾਂ ਦੇ ਮਿਆਰੀ ਢੰਗ ਨਾਲ਼ 'ਪੁਰਖ਼ਿਆਂ ਦਾ ਦੇਸ' ਵਰਗੀ ਕਿਤਾਬ ਲਿਖਦੇ ਹਨ, ਤਾਂ ਇਹ ਪੰਜਾਬੀ ਪਾਠਕਾਂ ਲਈ ਇੱਕ ਨੇਹਮਤ ਬਣ ਜਾਂਦੀ ਹੈ।

ਲੇਖਕ ਦੇ ਤੌਰ 'ਤੇ ਡਾ. ਝੰਡ ਦਾ ਤਜਰਬਾ ਵਿਸ਼ਾਲ ਹੈ ਕਿਉਂਕਿ ਓਹ ਪਿਛਲੇ ਪੱਚੀ-ਤੀਹ ਸਾਲਾਂ ਤੋਂ ਕਿਤਾਬਾਂ ਅਤੇ ਲੇਖ ਲਿਖ ਰਹੇ ਹਨ ਅਤੇ ਇਹ ਉਨ੍ਹਾਂ ਦੀ ਦਸਵੀਂ ਕਿਤਾਬ ਹੈ। 'ਸੋਨੇ ਤੇ ਸੁਹਾਗੇ' ਵਾਲ਼ੀ ਗੱਲ ਇਹ ਹੈ ਕਿ ਓਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ 'ਚੋਂ ਲਾਇਬ੍ਰੇਰੀਅਨ ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ ਹਨ ਅਤੇ ਕਨੇਡਾ 'ਚ ਆ ਕੇ ਪਿਛਲੇ 15 ਸਾਲਾਂ ਤੋਂ ਇੱਥੋਂ ਦੀਆਂ ਪੰਜਾਬੀ ਸਾਹਿਤਕ ਸਭਾਵਾਂ ਦੇ ਮੁੱਖ-ਮੈਂਬਰ ਚਲੇ ਆ ਰਹੇ ਹਨ। ਇਸ ਤਰ੍ਹਾਂ ਓਹ ਪੰਜਾਬੀ ਸਾਹਿਤ ਦੀਆਂ ਜਗਤ-ਪ੍ਰਸਿੱਧ ਹਸਤੀਆਂ ਦੀ ਸੰਗਤ ਮਾਣ ਰਹੇ ਹਨ ਜੋ ਉਨ੍ਹਾਂ ਦੀਆਂ ਪ੍ਰਤਿਭਾਵਾਂ ਨੂੰ ਹੋਰ ਨਿਖ਼ਾਰਦੀਆਂ ਰਹਿੰਦੀਆਂ ਹਨ; 'ਵਹ ਭੀ ਚੰਦਨੁ ਹੋਇ ਰਹੈ ਵਸੇ ਜੁ ਚੰਦਨ ਪਾਸਿ'॥ ਹਰ ਨਵੀਂ ਛਪੀ ਕਿਤਾਬ ਦੀ ਵਿਦਵਾਨ ਸਾਹਿਤਕਾਰਾਂ ਵਲੋਂ ਸਮੀਖਿਆ ਕਰਨ ਦੀ ਪ੍ਰਥਾ ਹੈ, ਜਿਸ ਦਾ ਉਦੇਸ਼ ਲੇਖਕ ਨੂੰ ਕਿਤਾਬ ਦੀਆਂ ਵਡਿਆਈਆਂ ਅਤੇ ਊਣਤਾਈਆਂ ਬਾਰੇ ਜਾਣੂੰ ਕਰਵਾਉਣਾ ਹੁੰਦਾ ਹੈ ਤਾਂ ਕਿ ਓਹ ਅੱਗੇ ਤੋਂ ਆਪਣੀ ਲਿਖਣ-ਸ਼ੈਲੀ 'ਚ ਸੁਧਾਰ ਕਰ ਕੇ ਇਸ ਦੀ ਗੁਣਵਤਾ ਵਧਾ ਸਕੇ। ਇਸ ਤਰ੍ਹਾਂ ਦੀ ਸਾਹਿਤਕ ਅਤੇ ਪ੍ਰੋਫ਼ੈਸ਼ਨਲ ਸਮੀਖਿਆ ਵਿਦਵਾਨ ਅਤੇ ਖ਼ੁਦ ਲੇਖਕ ਦੇ ਤੌਰ 'ਤੇ ਪ੍ਰਸਿੱਧੀ ਪ੍ਰਾਪਤ ਕਰ ਚੁੱਕੀਆਂ ਸਖਸ਼ੀਅਤਾਂ ਹੀ ਕਰ ਸਕਦੀਆਂ ਹਨ ਅਤੇ ਇਸ ਕਿਤਾਬ ਦਾ ਇਹ ਕੰਮ ਪ੍ਰਿੰਸੀਪਲ ਸਰਵਣ ਸਿੰਘ ਅਤੇ ਡਾ. ਵਰਿਆਮ ਸਿੰਘ ਸੰਧੂ ਹੁਰਾਂ ਨੇ ਬਾਖ਼ੂਬੀ ਕੀਤਾ ਹੈ।

ਕਿਤਾਬ ਨੂੰ ਲੇਖਕ ਦੀ ਨਿੱਜੀ ਸਖਸ਼ੀਅਤ ਤੋਂ ਅੱਡ ਨਹੀਂ ਕੀਤਾ ਜਾ ਸਕਦਾ, ਇਸ ਲਈ ਝੰਡ ਸਾਹਿਬ ਦੇ ਇਸ ਪੱਖ 'ਤੇ ਨਜ਼ਰਸਾਨੀ ਜ਼ਰੂਰੀ ਹੈ। ਕਿਸੇ ਸਿੱਖ-ਸਰਦਾਰ ਦੀ ਸਖਸ਼ੀਅਤ ਦੀ ਫ਼ੌਰੀ ਪਰਖ ਉਸ ਦੀ ਦਸਤਾਰ, ਰਫ਼ਤਾਰ ਅਤੇ ਗ਼ੁਫਤਾਰ ਤੋਂ ਹੁੰਦੀ ਹੈ। ਝੰਡ ਸਾਹਿਬ ਇਨ੍ਹਾਂ ਤਿੰਨੇ ਪੱਖਾਂ ਤੋਂ ਪੂਰਨ ਹਨ ਅਤੇ ਕੁਦਰਤ ਵਲੋਂ ਮਿਲੀ ਸੁੰਦਰਤਾ ਉਨ੍ਹਾਂ ਦੀ ਦਿੱਖ ਨੂੰ ਹੋਰ ਵੀ 'ਗਰੇਸਫੁਲ' ਬਣਾ ਦਿੰਦੀ ਹੈ। ਪਰ ਉਨ੍ਹਾਂ ਦੇ ਇਹ ਬਾਹਰੀ ਗੁਣ ਉਨ੍ਹਾਂ ਦੇ ਅੰਦਰੂਨੀ ਗੁਣਾਂ ਅੱਗੇ ਫਿੱਕੇ ਪੈ ਜਾਂਦੇ ਹਨ: ਦਲੇਰੀ ਅਤੇ ਸਪਸ਼ਟਤਾ, ਹਰ ਇੱਕ ਨੂੰ ਤਪਾਕ ਨਾਲ਼ ਮਿਲਣਾ ਅਤੇ ਮਿੱਠਾ ਬੋਲਣਾ, ਮਿੱਤਰਾਂ ਦੀ ਮੌਕੇ-ਸਿਰ ਅਤੇ ਖੁੱਲ੍ਹ ਕੇ ਮਦਦ ਕਰਨੀ। ਉੱਚ-ਕੋਟੀ ਦੇ ਵਿਦਵਾਨ ਹੋਣ ਦੇ ਬਾਵਜੂਦ ਨਿਮਰਤਾ ਅਤੇ ਹਰ ਸਰੀਰਕ ਕੰਮ ਨੂੰ ਮੂਹਰੇ ਹੋ ਕੇ ਹੱਥ ਪਾਉਣਾ (ਕਨੇਡਾ ਦੀ ਇੱਕ ਜ਼ਰੂਰਤ) ਉਨ੍ਹਾਂ ਦੇ ਕੁਛ ਹੋਰ ਗੁਣ ਹਨ। ਇਸ ਦਾ ਕਾਰਨ ਉਨ੍ਹਾਂ ਦੀ ਨਰੋਈ ਸਿਹਤ ਹੈ ਜੋ ਉਨ੍ਹਾਂ ਨੇ, ਵਧ ਰਹੀ ਉਮਰ ਦੇ ਬਾਵਜੂਦ ਮਿਹਨਤ ਅਤੇ ਸਿਰੜ ਨਾਲ਼, ਕਾਇਮ ਰੱਖੀ ਹੋਈ ਹੈ। ਓਹ ਟਰਾਂਟੋ ਦੇ ਇੱਕ ਪ੍ਰਸਿੱਧ ਪੰਜਾਬੀ ਰਨਰਜ ਕਲੱਬ ਦੇ ਸਰਕਰਦਾ ਪ੍ਰਬੰਧਕੀ ਮੈਂਬਰ ਹਨ ਅਤੇ ਇਸ ਦੀਆਂ ਮਧਿਅਮ ਦੂਰੀ ਦੀਆਂ ਦੌੜਾਂ 'ਚ ਨਿਯਮ ਨਾਲ਼ ਹਿੱਸਾ ਲੈਂਦੇ ਹਨ।

ਝੰਡ ਸਾਹਿਬ ਦੀ ਹਰ ਸੋਚ ਇਸ ਕਿਤਾਬ 'ਚੋਂ ਝਲਕਦੀ ਹੈ। ਉਮਰ ਦੇ ਇਸ ਮੁਕਾਮ ਤੇ ਆ ਕੇ ਓਹ ਸਮਝ ਚੁੱਕੇ ਹਨ ਕਿ ਪਰਮਾਤਮਾ ਨੇ ਉਨ੍ਹਾਂ ਨੂੰ ਸੁਚੱਜਾ ਅਤੇ ਪ੍ਰਸੰਨ-ਮਈ ਜੀਵਨ ਜਿਉਣ ਲਈ ਹਰ ਸਾਧਨ, ਸੁਮੱਤ ਅਤੇ ਸਮਰੱਥਾ ਪ੍ਰਦਾਨ ਕੀਤੀ ਹੋਈ ਹੈ। ਹੁਣ ਓਹ ਪਰਮਾਤਮਾ ਪ੍ਰਤੀ ਆਪਣੀ ਸ਼ੁਕਰਗੁਜ਼ਾਰੀ ਪ੍ਰਗਟ ਕਰਨ ਲਈ ਕਿਸੇ ਨਾਂ ਕਿਸੇ ਢੰਗ ਨਾਲ਼ ਉਸ ਦੇ ਬੰਦਿਆਂ ਨੂੰ ਕੁਛ ਵਾਪਿਸ ਦੇਣਾ ਚਾਹੁੰਦੇ ਹਨ। ਕੁਦਰਤੀ ਗੱਲ ਹੈ ਕਿ ਇਹ ਸਭ ਕਰਨ ਲਈ ਓਹ ਆਪਣੀ ਵਿਦਿਅਕ ਯੋਗਤਾ ਨੂੰ ਹੀ ਵਰਤਣਗੇ, ਜੋ ਉਨ੍ਹਾਂ ਦੀ ਲੇਖਣੀ, ਤਜਰਬੇ ਅਤੇ ਸੁਚੱਜੇ ਵਿਚਾਰਾਂ ਰਾਹੀਂ ਕਾਰਜਸ਼ੀਲ ਹੋ ਰਹੀ ਹੈ। ਓਹ ਇਨ੍ਹਾਂ ਗੁਣਾਂ ਨੂੰ ਬਹੁਤ ਹੀ ਸੁਘੜ ਅਤੇ ਪ੍ਰਭਾਵ-ਕਾਰੀ ਢੰਗ ਨਾਲ਼ ਵਰਤ ਰਹੇ ਹਨ ਅਤੇ ਇਹ ਕਿਤਾਬ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ। ਉਨ੍ਹਾਂ ਦਾ ਇੱਕ ਉਚੇਚਾ 'ਖ਼ਬਤ' ਜੋ ਇਸ ਕਿਤਾਬ 'ਚੋਂ ਵੀ ਝਲਕਦਾ ਹੈ, ਓਹ ਹੈ ਉਨ੍ਹਾਂ ਦੀ ਪੰਜਾਬੀ ਵਿਆਕਰਨ ਅਤੇ ਸ਼ਬਦਾਂ ਦੀਆਂ ਲਗਾਂ-ਮਾਤਰਾਂ ਵਲ ਵਿਸ਼ੇਸ਼ ਧਿਆਨ। ਅੱਖਰਾਂ ਦੇ ਪੈਰਾਂ 'ਚ ਬਿੰਦੀਆਂ ਪਾਉਣ 'ਚ ਉਨ੍ਹਾਂ ਦੀ ਮੁਹਾਰਤ ਮੇਰੇ ਵਰਗੇ 'ਰੰਗਰੂਟ' ਨੂੰ ਬੌਂਦਲ਼ਾ ਦਿੰਦੀ ਹੈ। ਮੈਂ ਆਪਣੇ ਆਰਟੀਕਲ ਅਕਸਰ ਝੰਡ ਸਾਹਿਬ ਤੋਂ ਦਰੁਸਤ ਕਰਵਾਉਂਦਾ ਰਹਿੰਦਾ ਹਾਂ। ਓਹ ਖ, ਗ, ਜ, ਫ ਤੇ ਲ ਅੱਖਰਾਂ ਦੇ ਪੈਰਾਂ 'ਚ ਬਿੰਦੀਆਂ ਦੀਆਂ ਬਹੁਤ ਗ਼ਲਤੀਆਂ ਕੱਢਦੇ ਹਨ ਤੇ ਮੈਨੂੰ ਬਹੁਤ ਸਮਝਾਉਂਦੇ ਤੇ ਕਦੇ-ਕਦਾਈਂ ਤਾੜਦੇ ਵੀ ਹਨ। ਮੈਨੂੰ ਲ ਦੇ ਪੈਰ 'ਚ ਬਿੰਦੀ ਤੋਂ ਬਗ਼ੈਰ ਹੋਰ ਕਿਸੇ ਵੀ ਅੱਖਰ ਦੇ ਪੈਰ 'ਚ ਬਿੰਦੀ ਦਾ 'ਕਨਸੈਪਟ' ਨਹੀਂ ਬਣ ਸਕਿਆ; ਅਜੇ ਤੱਕ ਵੀ। ਮੈਂ ਅੱਜ ਵੀ ਇਸ ਗੱਲ ਦਾ ਧਾਰਨੀ ਹਾਂ ਕਿ ਜੇ ਪੈਰ 'ਚ ਬਿੰਦੀ ਲਾਉਣ ਜਾਂ ਨਾਂ ਲਾਉਣ ਨਾਲ਼ ਸ਼ਬਦ ਦੇ ਅਰਥ ਦਾ ਫ਼ਰਕ ਨਹੀਂ ਪੈਂਦਾ, ਤਾਂ ਇਹ ਕੋਈ ਮਾਇਨੇ ਨਹੀਂ ਰੱਖਦੀ। ਪਰ ਓਹ ਮੇਰੀ ਇਸ ਦਲੀਲ ਨਾਲ਼ ਸਹਿਮਤ ਨਹੀਂ ਹਨ ਅਤੇ ਕਈ ਵਾਰ ਗਰਮ ਹੋ ਜਾਂਦੇ ਹਨ, ਜੋ ਉਨ੍ਹਾਂ ਦੇ ਸ਼ਾਂਤ ਸੁਭਾਅ ਦੇ ਉਲਟ ਹੈ। ਖ਼ੈਰ, ਇੱਕ ਵਾਰ ਜਦ ਮੈਂ ਆਪਣਾ ਇੱਕ ਆਰਟੀਕਲ ਇਨ੍ਹਾਂ ਨੂੰ ਚੈੱਕ ਕਰਵਾਉਣ ਲਈ 'ਈ-ਮੇਲ' ਰਾਹੀਂ ਭੇਜਿਆ, ਤਾਂ ਮੈਂ ਅਖ਼ੀਰ 'ਚ ਇੱਕ ਪੂਰੀ ਲਾਈਨ 'ਚ 20-22 ਬਿੰਦੀਆਂ ਲਾ ਕੇ ਭੇਜ ਦਿੱਤੀਆਂ ਅਤੇ ਬੇਨਤੀ ਕੀਤੀ ਕਿ ਇਨ੍ਹਾਂ ਨੂੰ ਜਿੱਥੇ ਮਰਜ਼ੀ ਵਰਤ ਲਿਓ। ਪਰ 'ਮੇਰਾ ਕੀ ਕਸੂਰ, ਮੇਰਾ ਜ਼ਿਲਾ ਸੰਗਰੂਰ'; ਗੱਲ ਅਜੇ ਵੀ ਓਥੇ ਹੀ ਅੜੀ ਹੋਈ ਹੈ।

ਕਿਤਾਬ ਦਾ ਅਸਲ ਮੰਤਵ ਪਾਠਕ ਦੀਆਂ ਕਈ ਲੋੜਾਂ ਪੂਰੀਆਂ ਕਰਨਾ ਹੁੰਦਾ ਹੈ, ਜੋ ਝੰਡ ਸਾਹਿਬ ਦੀ ਇਹ ਕਿਤਾਬ ਬਾਖ਼ੂਬੀ ਪੂਰੀਆਂ ਕਰਦੀ ਹੈ। ਇਹ ਪਾਠਕ ਨੂੰ ਸੂਚਨਾਵਾਂ ਅਤੇ ਗਿਆਨ ਦੇਣ ਦੇ ਨਾਲ਼-ਨਾਲ਼ ਸਿਆਣਪ ਵੀ ਪ੍ਰਦਾਨ ਕਰਦੀ ਹੈ। ਉਸ ਦੇ ਵਿਚਾਰਾਂ ਨੂੰ ਪ੍ਰਜਵਲਿਤ ਕਰ ਕੇ ਉਸ ਦੀ ਸੋਚ-ਸਮਰੱਥਾ 'ਚ ਵਾਧਾ ਕਰਦੀ ਹੈ। ਚੰਗਾ ਮਨੁੱਖ ਬਣਨ ਲਈ ਸਵੈ-ਵਿਕਾਸ ਦੇ ਰਸਤੇ 'ਤੇ ਤੋਰਦੀ ਹੈ। ਵਿਆਕਰਨ ਤੇ ਭਾਸ਼ਾ 'ਚ ਸੁਧਾਰ ਦੀ ਸਿੱਖਿਆ ਦਿੰਦੀ ਹੈ। ਮਨੋਰੰਜਨ ਅਤੇ ਮਨ-ਪਰਚਾਵਾ ਵੀ ਕਰਦੀ ਹੈ। ਕੁਦਰਤੀ ਗੱਲ ਹੈ ਕਿ ਹਰ ਪਾਠਕ ਆਪਣੀਆਂ ਨਿੱਜੀ ਪ੍ਰਵਿਰਤੀਆਂ ਅਨੁਸਾਰ ਇਸ ਕਿਤਾਬ ਤੋਂ ਹੋਰ ਨਵੀਆਂ ਗੱਲਾਂ ਵੀ ਗ੍ਰਹਿਣ ਕਰਦਾ ਹੈ। ਪਾਠਕ ਦੀ ਸਮੀਖਿਆ ਦੀ ਆਪਣੀ ਮਹੱਤਤਾ ਹੁੰਦੀ ਹੈ, ਪਰ ਇਸ ਤਰ੍ਹਾਂ ਦੀ ਸਮੀਖਿਆ ਦੀ ਪ੍ਰਥਾ ਬਹੁਤ ਘੱਟ ਹੈ। ਪਾਠਕ ਆਮ ਕਰ ਕੇ ਕਿਤਾਬ ਦੇ ਉਨ੍ਹਾਂ ਪੱਖਾਂ ਵੱਲ ਵੱਧ ਧਿਆਨ ਦਿੰਦਾ ਹੈ ਜੋ ਉਸ ਦੀ ਵਿਚਾਰਧਾਰਾ ਨਾਲ਼ ਮੇਲ ਖਾਂਦੇ ਹੋਣ। ਇਸ ਪਹੁੰਚ ਦਾ ਇਹ ਫ਼ਾਇਦਾ ਤਾਂ ਹੁੰਦਾ ਹੈ ਕਿ ਪਾਠਕ ਨੂੰ ਆਪਣੀ ਸੋਚ ਦੀ ਉਚਿੱਤਤਾ ਬਾਰੇ ਭਰੋਸਾ ਹੋ ਜਾਂਦਾਂ ਹੈ ਅਤੇ ਉਸ ਦਾ ਆਤਮ-ਵਿਸਵਾਸ਼ ਵਧਦਾ ਹੈ। ਪਰ ਇਸ ਸੌੜੀ ਸੋਚ ਨਾਲ਼ ਪੜ੍ਹੀ ਕਿਤਾਬ, ਪਾਠਕ ਨੂੰ ਲੇਖਕ ਦੇ ਪੂਰੇ ਤਜਰਬੇ ਅਤੇ ਮਿਹਨਤ ਦੇ ਲਾਭਾਂ ਤੋਂ ਵਾਂਝਾ ਰਖਦੀ ਹੈ। ਆਪਣੀ ਸੋਚ ਤੋਂ ਵਿਰੋਧੀ ਸੋਚ 'ਤੇ ਵਿਚਾਰ ਕਰਨੀ ਅਤੇ ਕਿਤਾਬ ਰਾਹੀਂ ਆਪਣੇ ਅੰਦਰ ਉਪਜ ਰਹੇ ਨਵੇਂ ਵਿਚਾਰਾਂ ਦੀ ਪਰਖ-ਪੜਚੋਲ਼ ਕਰਨਾ ਵੱਧ ਉਪਯੋਗੀ ਹੁੰਦਾ ਹੈ।

ਇਸ ਸਫ਼ਰਨਾਮਾ-ਰੂਪੀ ਕਿਤਾਬ 'ਚ ਸਵੈ-ਜੀਵਨੀ ਦੀ ਵੀ ਝਲਕ ਹੈ। ਮੇਰੀ ਸੋਚਣੀ ਇਹ ਰਹੀ ਹੈ ਕਿ ਕਿਸੇ ਹੋਰ ਦੀ ਜੀਵਨੀ ਜਾਂ ਸਵੈ-ਜੀਵਨੀ ਤੋਂ ਕੋਈ ਕੀ ਸਿੱਖ ਸਕਦਾ ਹੈ? ਮਨੁੱਖ ਤਾਂ ਆਪਣੀ ਜ਼ਿੰਦਗੀ ਤੋਂ ਕੁਛ ਸਿੱਖਣ ਨੂੰ ਤਿਆਰ ਨਹੀਂ। ਪਰ ਝੰਡ ਸਾਹਿਬ ਦੀ ਇਸ ਪੁਸਤਕ ਨੇ ਮੈਨੂੰ ਆਪਣੀ ਇਸ ਸੋਚ ਤੇ ਮੁੜ-ਵਿਚਾਰ ਕਰਨ ਲਈ ਮਜ਼ਬੂਰ ਕੀਤਾ ਹੈ। ਮੈਨੂੰ ਇਹ ਸਬਕ ਮਿਲਿਆ ਹੈ ਕਿ ਕੋਈ ਜੀਵਨੀ ਜਾਂ ਸਵੈ-ਜੀਵਨੀ ਸੰਪੂਰਨ ਨਹੀਂ ਹੋ ਸਕਦੀ। ਜੀਵਨੀ ਲਿਖਣ ਵਾਲ਼ੇ ਨੂੰ ਇਸ ਦੇ ਨਾਇਕ ਦੇ ਜੀਵਨ ਬਾਰੇ ਸਭ ਕੁਛ ਪਤਾ ਨਹੀਂ ਲੱਗ ਸਕਦਾ ਅਤੇ ਸਵੈ-ਜੀਵਨੀ ਲਿਖਣ ਵਾਲ਼ਾ ਆਪਣੇ ਬਾਰੇ ਸਭ ਕੁਝ ਲਿਖ ਨਹੀਂ ਸਕਦਾ। ਲਿਖਣ ਵੇਲ਼ੇ ਉਸ ਨੂੰ ਆਪਣੀਆਂ ਕਿੰਨੀਆਂ ਹੀ ਗੱਲਾਂ ਛੁਪਾਉਣੀਆਂ ਪੈਂਦੀਆਂ ਹਨ ਕਿਉਂਕਿ ਸਾਡੇ ਵਲੋਂ ਕੀਤੇ ਸਾਰੇ ਕੰਮ (ਕਰਮ) ਹੋਰਾਂ ਨਾਲ਼ ਸਾਂਝੇ ਕੀਤੇ ਹੀ ਨਹੀਂ ਜਾ ਸਕਦੇ। ਜੇ ਕਰਮ ਹੀ ਨਹੀਂ ਸਾਂਝੇ ਕੀਤੇ ਜਾ ਸਕਦੇ ਤਾਂ ਵਿਚਾਰਾਂ ਦੇ ਸਾਂਝੇ ਕੀਤੇ ਜਾਣ ਦਾ ਤਾਂ ਸਵਾਲ ਹੀ ਨਹੀਂ ਪੈਦਾ ਹੁੰਦਾ। ਇਸ ਲਈ ਸਵੈ-ਜੀਵਨੀ ਲਿਖਣ ਵੇਲ਼ੇ ਇਨਸਾਨ ਨੂੰ ਮਹਾਂ-ਪੁਰਖਾਂ ਦੀ ਇਸ ਗੱਲ ਦੀ ਸਚਾਈ ਦਾ ਚੰਗੀ ਤਰ੍ਹਾਂ ਅਹਿਸਾਸ ਹੋ ਜਾਂਦਾ ਹੈ ਕਿ ਇਨਸਾਨ ਗ਼ਲਤੀਆਂ ਅਤੇ ਔਗੁਣਾਂ ਨਾਲ਼ ਨੱਕੋ-ਨੱਕ ਭਰਿਆ ਹੋਇਆ ਹੈ। ਸੋ ਹੁਣ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀਆਂ ਕਿਤਾਬਾਂ ਤੋਂ ਬਹੁਤ ਕੁਛ ਸਿੱਖਿਆ ਜਾ ਸਕਦਾ ਹੈ।




ਮੇਰੀ ਇਹ ਸਮੀਖਿਆ ਕਿਤਾਬ ਦੀ ਸਾਹਿਤਕ ਪਰਖ਼-ਪੜਚੋਲ ਬਾਰੇ ਨਹੀਂ। ਮੇਰਾ ਪੂਰਾ ਧਿਆਨ ਇਸ ਤੋਂ ਸਿੱਖੇ ਸਬਕਾਂ ਉੱਤੇ ਕੇਂਦ੍ਰਿਤ ਰਿਹਾ ਹੈ। ਮੈਂ ਲੇਖਕ ਦੀ ਇਸ ਸਫ਼ਰਨਾਮੇ ਨੂੰ ਲਿਖਣ ਲਈ ਕੀਤੀ ਮਿਹਨਤ ਅਤੇ ਇਸ 'ਚ ਭਰੀ ਬਹੁ-ਪੱਖੀ 'ਜਨਰਲ ਨੌਲਿਜ' ਅਤੇ ਸਿਆਣਪ ਨੂੰ ਜ਼ਿਆਦਾ ਲਾਹੇਵੰਦ ਸਮਝਦਾ ਹਾਂ। ਮੈਂ ਇਹ ਗੱਲ ਕਹਿਣ 'ਚ ਪ੍ਰਸੰਨਤਾ ਮਹਿਸੂਸ ਕਰਦਾ ਹਾਂ ਕਿ ਮੈਂ ਇਸ ਕਿਤਾਬ ਨੂੰ ਇੱਕ ਵਿਸ਼ਾਲ ਨਜ਼ਰੀਏ ਤੋਂ ਅਤੇ ਇੱਕ ਜਗਿਆਸੂ-ਪਾਠਕ ਦੇ ਤੌਰ ਤੇ ਪੜ੍ਹਿਆ ਹੈ। ਕਿਉਂਕਿ ਮੈਂ ਝੰਡ ਸਾਹਿਬ ਨੂੰ ਨਿੱਜੀ ਤੌਰ 'ਤੇ ਜਾਣਦਾ ਹਾਂ, ਇਸ ਲਈ ਕਿਤਾਬ 'ਚ ਲਿਖੀ ਹਰ ਗੱਲ ਦੀ, ਉਨ੍ਹਾਂ ਦੀ ਕਰਨੀ ਅਤੇ ਉਨ੍ਹਾਂ ਦੇ ਵਿਹਾਰ ਨਾਲ਼ ਤੁਲਨਾ ਕਰਦਾ ਰਿਹਾ ਹਾਂ। ਇਹ ਪਰਖਣ ਲਈ ਕਿ ਕਿਧਰੇ ਕੋਈ ਪਖੰਡਬਾਜ਼ੀ ਤਾਂ ਨਹੀਂ ਹੋ ਰਹੀ? ਕਿਧਰੇ ਉਨ੍ਹਾਂ ਦੀ ਕਹਿਣੀ ਕਰਨੀ 'ਚ ਕੋਈ ਫ਼ਰਕ ਤਾਂ ਨਹੀਂ? ਇਹ ਮਨੁੱਖੀ ਸੁਭਾਅ ਹੈ ਅਤੇ ਆਪਾਂ ਪੰਜਾਬੀ ਤਾਂ ਇਸ ਤਰ੍ਹਾਂ ਦਾ ਨੁਕਸ ਲੱਭ ਕੇ ਬਹੁਤ ਖੁਸ਼ ਹੁੰਦੇ ਹਾਂ ਅਤੇ ਇਸ ਦਾ ਪ੍ਰਚਾਰ ਕਰਨ 'ਚ ਕੋਈ ਕਸਰ ਨਹੀਂ ਛੱਡਦੇ। ਪਰ ਇਹ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਝੰਡ ਸਾਹਿਬ ਕਹਿਣੀ-ਕਰਨੀ ਦੇ ਸੂਰਮੇ ਹਨ ਅਤੇ ਇਹ ਕਿਤਾਬ ਬਹੁਤ ਸਪਸ਼ਟ-ਵਾਦੀ ਅਤੇ ਬੇਬਾਕ ਢੰਗ ਨਾਲ਼ ਲਿਖੀ ਹੋਈ ਹੈ। ਕੋਈ ਓਹਲਾ ਨਹੀਂ ਕੋਈ ਲੁੱਕ-ਲਪੇਟ ਨਹੀਂ। ਇਸ ਤਰ੍ਹਾਂ ਅੱਜ ਦੇ ਸੰਸਾਰ 'ਚ ਹੋਰਾਂ 'ਤੇ ਟੁੱਟ ਰਹੇ ਭਰੋਸਿਆਂ ਦੀ ਮੁੜ-ਸੁਰਜੀਤੀ ਹੋ ਜਾਂਦੀ ਹੈ।

ਸਫ਼ਰਨਾਮੇ ਦੇ ਦੋ ਮੁੱਖ ਅੰਗ ਭੂਗੋਲ ਅਤੇ ਇਤਿਹਾਸ ਹੁੰਦੇ ਹਨ, ਜੋ ਤੱਥਾਂ ਤੇ ਅਧਾਰਿਤ ਹੁੰਦੇ ਹਨ ਅਤੇ ਇਨ੍ਹਾਂ ਦਾ ਦਰੁਸਤ ਹੋਣਾ ਬਹੁਤ ਜ਼ਰੂਰੀ ਹੈ। ਇਸ ਕਰ ਕੇ ਸਫ਼ਰਨਾਮਾ ਇੱਕ ਤਰ੍ਹਾਂ ਨਾਲ਼ ਵਿਗਿਆਨਕ ਵਿਸ਼ਾ ਬਣ ਜਾਂਦਾ ਹੈ ਅਤੇ ਝੰਡ ਸਾਹਿਬ ਇਸ ਨਾਲ਼ ਪੂਰਾ ਇਨਸਾਫ਼ ਕਰ ਸਕੇ ਹਨ। ਇਸ ਦੇ ਨਾਲ਼ ਇਹ ਸੱਭਿਆਚਾਰਿਕ, ਸਮਾਜਿਕ ਅਤੇ ਡਿਪਲੋਮੇਸੀ ਦੇ ਮੁੱਦਿਆਂ ਨਾਲ਼ ਵੀ ਸਬੰਧਿਤ ਹੁੰਦਾ ਹੈ – ਖ਼ਾਸ ਕਰ ਕੇ ਜਦ ਇਹ ਪਾਕਿਸਤਾਨ ਦੇ ਸਫ਼ਰ ਬਾਰੇ ਹੋਵੇ। ਉਨ੍ਹਾਂ ਨੇ ਬਹੁਤ ਸੂਝ-ਬੂਝ ਨਾਲ਼ ਇਨ੍ਹਾਂ ਸਭ ਵਿਸ਼ਿਆਂ ਬਾਰੇ ਬਿਆਨਬਾਜ਼ੀ ਕੀਤੀ ਹੈ। ਦੋਹਾਂ ਦੇਸਾਂ ਦੀ ਸਰਹੱਦ ਦੇ ਹਾਲਾਤ ਉਨ੍ਹਾਂ ਨੇ ਬੇਬਾਕ ਪਰ ਭਾਵਨਾਵਾਂ-ਭਰਪੂਰ ਢੰਗ ਨਾਲ਼ ਬਿਆਨੇ ਹਨ। ਫਿਰ ਵੀ ਸਰਹੱਦ ਦੀ ਗੱਲ ਪਾਠਕ ਦੇ ਮਨ 'ਚ ਇੱਕ ਚੀਸ ਛੱਡ ਜਾਂਦੀ ਹੈ। ਇਸ ਦੇ ਉਲਟ ਜੇ ਕਨੇਡਾ-ਅਮਰੀਕਾ ਦੀ ਗੱਲ ਕਰੀਏ ਤਾਂ ਮਨ ਬਹੁਤ ਖੁਸ਼ ਹੁੰਦਾ ਹੈ। ਮੈਨੂੰ ਵੈਨਕੂਵਰ ਵਾਲ਼ੇ ਪਾਸੇ ਦੀ ਕਨੇਡਾ ਅਤੇ ਯੂ.ਐੱਸ.ਏ. ਦੀ ਸਰਹੱਦ ਦੇਖਣ ਦਾ ਮੌਕਾ ਮਿਲਿਆ। ਇੱਕ ਵੱਡੇ ਪਾਰਕ 'ਚ ਇੱਕ ਪਾਸੇ ਜਿਹੇ ਕਰ ਕੇ, ਚਾਰ ਫੁੱਟ ਉੱਚਾ ਅਤੇ ਦੋ ਫੁੱਟ ਚੌੜਾ ਇੱਕ ਛੋਟਾ ਪੱਥਰ ਲੱਗਿਆ ਹੋਇਆ ਹੈ ਅਤੇ ਉਸ ਦੇ ਵਿਚਾਲ਼ੇ ਇੱਕ ਲਾਈਨ ਉੱਕਰੀ ਹੋਈ ਹੈ। ਉਸ ਲਾਈਨ ਦੇ ਸਾਹਮਣੇ ਖੜ੍ਹਿਆਂ ਦਾ, ਤੁਹਾਡਾ ਖੱਬਾ ਪੈਰ ਕਨੇਡਾ 'ਚ ਅਤੇ ਸੱਜਾ ਯੂ ਐੱਸ ਏ 'ਚ ਹੁੰਦਾ ਹੈ। ਇਸ ਤਰ੍ਹਾਂ ਇਹ ਕਿਤਾਬ ਭੂਗੋਲ, ਸਿੱਖ ਇਤਿਹਾਸ, ਪੰਜਾਬੀ ਵਾਰਤਿਕ, ਪੰਜਾਬੀ ਖਾਣਿਆਂ ਦੀ ਇੱਕ ਪਾਠ-ਪੁਸਤਕ ਹੈ। ਖਾਣੇ ਦੇ ਵਿਸਤਾਰ ਦੇਣ ਲੱਗਿਆਂ ਝੰਡ ਸਾਹਿਬ ਵਾਰਿਸ ਸ਼ਾਹ ਦੇ ਨੇੜੇ-ਤੇੜੇ ਪਹੁੰਚ ਜਾਂਦੇ ਹਨ। ਓਨ੍ਹਾਂ ਨੇ ਕਿਤਾਬ 'ਚ ਲਾਹੌਰ ਸ਼ਹਿਰ ਦੀ ਸੁੰਦਰਤਾ ਦੀ ਗੱਲ ਕੀਤੀ ਹੈ। ਓਥੇ ਜਾ ਕੇ ਉਨ੍ਹਾਂ ਨੇ ਆਪਣੇ ਜੰਮਣ ਦੀ ਪ੍ਰਕਿਰਿਆ ਦੇ ਪੂਰਾ ਹੋਣ ਦਾ ਆਨੰਦ ਮਾਣਿਆ ਹੈ। ਓਸ ਸ਼ਹਿਰ ਦੀ ਸਿਫ਼ਤ ਦਾ ਇੱਕ ਹੋਰ ਬਿੰਬ (Metaphor) ਮੈਨੂੰ ਯਾਦ ਆਉਂਦਾ ਹੈ। ਸਾਡੇ ਇੱਕ ਸਤਿਕਾਰ-ਯੋਗ ਸੀਨੀਅਰ ਸੱਜਣ ਪਹਿਲੀ ਵਾਰ ਬਰੈਂਪਟਨ ਆਏ। ਇੱਕ ਰਾਤ ਉਨ੍ਹਾਂ ਨੂੰ ਟਰਾਂਟੋ ਡਾਊਨ-ਟਾਊਨ ਦਾ ਗੇੜਾ ਲਵਾਇਆ ਅਤੇ ਵਾਪਸ ਮੁੜਦੇ ਹੋਏ ਉਨ੍ਹਾਂ ਦਾ ਪ੍ਰਤੀਕਰਮ ਪੁੱਛਿਆ। ਬਹੁਤ ਖੁਸ਼ੀ 'ਚ ਆ ਕੇ ਜਵਾਬ ਦਿੱਤਾ, "ਬਹੁਤ ਈ ਵਧੀਆ ਐ ,ਗੱਲਾਂ ਈ ਛਡ ਦਿਓ! ਲਾਹੌਰ ਬਣਿਆ ਪਿਆ ਐ ਕਿ।"

ਝੰਡ ਸਾਹਿਬ ਲਈ ਇਹ ਸਫ਼ਰ ਇੱਕ ਜਜ਼ਬਾਤੀ ਪਰਿਵਾਰਕ ਤੀਰਥ-ਯਾਤਰਾ ਸੀ, ਜਿਸ ਨਾਲ਼ ਇਸ ਬਾਰੇ ਲਿਖਣਾ ਹੋਰ ਵੀ ਗੰਭੀਰ ਮਸਲਾ ਬਣ ਜਾਂਦਾ ਸੀ। ਉਨ੍ਹਾਂ ਦੇ ਪੁਰਖ਼ਿਆਂ ਦਾ ਇਲਾਕਾ ਹੋਣ ਕਰ ਕੇ ਉਨ੍ਹਾਂ ਨੂੰ ਇਸ ਨਾਲ਼ ਬਹੁਤ ਹੀ ਜ਼ਿਆਦਾ ਮੋਹ ਹੈ ਅਤੇ ਓਥੇ ਜਾ ਕੇ ਉਨ੍ਹਾਂ ਨੂੰ ਆਪਣੇ ਪਿਉ-ਦਾਦੇ ਦੀਆਂ ਸ਼ਾਨਦਾਰ ਯਾਦਾਂ 'ਤੇ ਬਹੁਤ ਫ਼ਖਰ ਹੋਇਆ। ਉਨ੍ਹਾਂ ਦਾ ਮਾਣ-ਮੱਤਾ ਵਿਰਸਾ ਉਨ੍ਹਾਂ ਲਈ ਅਤੇ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਖੁਸ਼ੀਆਂ ਦਾ ਆਧਾਰ ਬਣਿਆ ਰਹੇਗਾ। ਪਰ ਇਸ ਨਾਲ਼ ਜੁੜੀਆਂ ਦਿਲ-ਚੀਰਵੀਆਂ ਯਾਦਾਂ ਦਾ ਸੰਤਾਪ ਹੰਢਾਉਣਾ ਵੀ ਬਹੁਤ ਔਖਾ ਹੈ। ਕਿਤਾਬ ਵਿੱਚ ਦੁਹਰਾਈਆਂ ਗਈਆਂ, ਸਿੱਖ ਇਤਿਹਾਸ ਨਾਲ਼ ਜੁੜੀਆਂ ਦਰਦਨਾਕ ਘਟਨਾਵਾਂ ਦਾ ਜ਼ਿਕਰ ਪੜ੍ਹ ਕੇ ਵੀ ਦਿਲ ਪਾਟ ਜਾਂਦਾ ਹੈ। ਗਿਆਨੀ ਸੋਹਣ ਸੀਤਲ ਦੀ ਮਸ਼ਹੂਰ ਕਿਤਾਬ 'ਸਿੱਖ ਰਾਜ ਕਿਵੇਂ ਗਿਆ' ਦਾ ਸਾਰਾ ਬਿਰਤਾਂਤ ਦਿਲ ਨੂੰ ਚੀਰਦਾ ਜਾਂਦਾ ਹੈ। ਭਾਰਤ-ਪਾਕ ਦੀ ਵੰਡ ਵੈਸੇ ਹੀ ਬਹੁਤ ਦਰਦਨਾਕ ਘਟਨਾ ਹੈ, ਪਰ ਇਸ 'ਚ ਇਹ ਗੱਲ ਹੋਰ ਵੀ ਕੁੜੱਤਣ ਭਰ ਦਿੰਦੀ ਹੈ ਕਿ ਇਸ ਗੰਭੀਰ ਮਸਲੇ ਨੂੰ ਰਾਜਨੀਤਕ ਅਤੇ ਪ੍ਰਬੰਧਕੀ ਤੌਰ ਤੇ ਸਿਆਣਪ ਵਾਲ਼ੇ ਅਤੇ ਪ੍ਰਭਾਵ-ਕਾਰੀ ਢੰਗ ਨਾਲ਼ ਨਹੀਂ ਨਜਿੱਠਿਆ ਗਿਆ। ਬਲਕਿ, ਸਮੇਂ ਦੇ ਵੱਡੇ ਲੀਡਰਾਂ ਵਲੋਂ ਮੁਜਰਮਾਨਾ ਦਰਜੇ ਦੀ ਅਣਗਹਿਲੀ ਵਰਤੀ ਗਈ ਅਤੇ ਗ਼ੈਰ-ਜ਼ਿੰਮੇਵਾਰਾਨਾ ਰਵਈਆ ਅਪਣਾਇਆ ਗਿਆ।

ਡਾ. ਝੰਡ ਲਈ ਇਹ ਸਫ਼ਰ ਤਿੰਨ-ਮੰਤਵੀ ਸੀ: ਪੁਰਖ਼ਿਆਂ ਦੇ ਇਲਾਕੇ ਨੂੰ ਸ਼ਰਧਾਂਜਲੀ , ਸਿੱਖ ਗੁਰ-ਧਾਮਾਂ ਦੇ ਦਰਸ਼ਨ ਅਤੇ ਮਿੱਤਰ-ਮਿਲਣੀ/ਸੈਰ-ਸਪਾਟਾ। ਆਪਣੀ ਹਿੰਮਤ ਅਤੇ ਸਹੀ ਯੋਜਨਾ-ਬੰਦੀ ਸਦਕਾ ਓਹ ਇਹ ਤਿੰਨੇ ਮੰਤਵ ਹਾਸਲ ਕਰ ਸਕੇ। ਝੰਡ ਸਾਹਿਬ ਬਹੁਤ ਘੋਖ-ਪੂਰਨ ਦਿਮਾਗ ਦੇ ਮਾਲਿਕ ਅਤੇ 'ਮਾਸਟਰ ਔਫ ਡਿਟੇਲਜ' ਹਨ। ਜਿੱਥੋਂ ਦੀ ਲੰਘਦੇ ਹਨ ਇਕੱਲੀ-ਇਕੱਲੀ ਚੀਜ ਦਾ ਵੇਰਵਾ ਇੰਨ-ਬਿੰਨ ਉਲੀਕ ਦਿੰਦੇ ਹਨ। ਬੀਬੀਆਂ ਵਲੋਂ ਕੀਤੀ ਗਈ ਖ਼ਰੀਦੋ-ਫ਼ਰੋਖ਼ਤ, ਖੇਤਾਂ 'ਚ ਪਾਏ ਜਾ ਰਹੇ ਖਾਦ ਦੀ ਮਾਤਰਾ, ਸੜਕਾਂ ਤੇ ਪਏ ਖੱਡਿਆਂ ਤੋਂ ਲੈ ਕੇ ਨਹਿਰਾਂ ਦੀਆਂ ਇੰਜਨੀਅਰੀ ਬਰੀਕੀਆਂ ਤੱਕ ਦਾ ਵਿਵਰਣ ਉਨ੍ਹਾਂ ਆਪਣੇ ਇਸ ਸਫ਼ਰਨਾਮੇ 'ਚ ਦਰਜ ਕੀਤਾ ਹੋਇਆ ਹੈ। ਇਹ ਸਭ ਉਨ੍ਹਾਂ ਦੀਆਂ ਵਿਦਿਅਕ ਖੇਤਰ ਦੀਆਂ ਮੁਹਾਰਤਾਂ ਤੋਂ ਹਟ ਕੇ ਘੋਖੀਆਂ ਹੋਰ ਗੱਲਾਂ ਹਨ। ਪੰਜਾ ਸਾਹਿਬ ਬਾਰੇ ਬਹੁਤ ਸਿਆਣਪ ਨਾਲ਼, ਤਰਕ-ਸੰਗਤ ਅਤੇ ਦਲੇਰੀ ਭਰੇ ਵਿਚਾਰ ਪੇਸ਼ ਕਰਨੇ ਇੱਕ ਸ਼ਲਾਘਾ-ਯੋਗ ਗੱਲ ਹੈ। ਪਾਕਿਸਤਾਨ 'ਚ ਮਿਲੇ ਮਿੱਤਰਾਂ ਦੀ ਗਿਣਤੀ ਵੀ ਬਹੁਤ ਪ੍ਰਭਾਵਿਤ ਕਰਦੀ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਸਾਂਭਿਆ ਅਤੇ ਸੈਰਾਂ ਕਰਵਾਈਆਂ। ਪੰਜਾਬੀ ਦੀ ਕਹਾਵਤ 'ਆਪਣੀ ਮੈਹਸ ਦਾ ਦੁੱਧ ਸੌ ਕੋਹ 'ਤੇ ਜਾ ਕੇ ਪੀ ਲੋ' ਪੂਰੀ ਤਰ੍ਹਾਂ ਲਾਗੂ ਹੁੰਦੀ ਹੈ। ਜੇ ਕਿਤਾਬ 'ਚ ਇੱਕ ਸਾਧਾਰਨ ਕਿਸਮ ਦਾ ਨਕਸ਼ਾ ਲਾਇਆ ਜਾਂਦਾ ਤਾਂ ਪਾਠਕ ਨੂੰ ਸਮਝਣ 'ਚ ਹੋਰ ਆਸਾਨੀ ਹੋ ਸਕਦੀ ਸੀ। ਉਨ੍ਹਾਂ ਨੇ ਬਿਆਸ ਤੇ ਰਾਵੀ ਦਰਿਆਵਾਂ ਵਿਚਲੇ ਦੁਆਬ ਦਾ ਨਾਉਂ 'ਰੇਚਨਾ' ਦੱਸ ਕੇ ਮੈਨੂੰ ਸਰਵਿਸ ਵੇਲ਼ੇ ਦੀਆਂ ਗੱਲਾਂ ਯਾਦ ਕਰਵਾ ਦਿੱਤੀਆਂ। ਪੰਜਾਬ ਦੇ ਪੰਜੇ ਦਰਿਆਵਾਂ ਵਿਚਲੇ ਚਾਰਾਂ ਦੁਆਬਾਂ ਦੇ ਨਾਉਂ ਅਕਬਰ ਦੇ ਮਾਲ ਮਹਿਕਮੇ ਦੇ ਵਜ਼ੀਰ ਟੋਡਰ ਮੱਲ ਨੇ ਰੱਖੇ ਸਨ; ਦੋ ਦਰਿਆਵਾਂ ਦੇ ਫ਼ਾਰਸੀ ਭਾਸ਼ਾ 'ਚ ਨਾਉਆਂ ਦੇ ਪਹਿਲੇ ਅੱਖਰਾਂ ਦੇ ਜੋੜ ਨਾਲ਼। ਇਸ ਤਰ੍ਹਾਂ ਇਨ੍ਹਾਂ ਦੁਆਬਾਂ ਦੇ ਨਾਉਂ ਹਨ: ਬਾਰੀ ਦੁਆਬ, ਬਿਸਤ ਦੁਆਬ, ਰੇਚਨਾ ਦੁਆਬ ਅਤੇ ਝੱਜ ਦੁਆਬ। ਝਨਾਅ ਦੀ ਗੱਲ ਕਰਦਿਆਂ ਜਿੱਥੇ ਉਹ ਸੋਹਣੀ ਦੀ ਦਲੇਰੀ ਅਤੇ ਮਹੀਵਾਲ਼ ਦੀ ਬੁਜ਼-ਦਿਲੀ ਦਾ ਜ਼ਿਕਰ ਕਰਦੇ ਹਨ, ਓਥੇ ਰਾਂਝੇ ਨੂੰ ਵੀ ਉਸ ਦੀ ਕਮ-ਅਕਲੀ ਕਰ ਕੇ ਗੋਲ਼-ਮਸ਼ਕਰੀ ਕਰਦੇ ਹਨ। ਕੋਈ ਸ਼ੱਕ ਨਹੀਂ ਕਿ ਰਾਂਝਾ ਕਮਲ਼ਾ ਤਾਂ ਹੈ ਈ ਸੀ। ਇੱਥੇ ਮੈਨੂੰ ਇੰਜਨੀਅਰੀ ਦੇ ਕੋਰਸ ਵੇਲ਼ੇ ਹੋਸਟਲ 'ਚ ਆਮ ਗਾਈ ਜਾਂਦੀ, ਇੱਕ ਕਵਿਤਾ ਯਾਦ ਆ ਰਹੀ ਹੈ:

"ਜੇਕਰ ਰਾਂਝਾ ਵਿੱਚ ਜੁਆਨੀ ਨਾਂ ਕਰਦਾ ਅਲਗਰਜੀ,
ਬਾਲ ਨਾਥ ਤੋਂ ਕੰਨ ਪੜਵਾ ਕੇ ਸਾਧ ਨਾਂ ਬਣਦਾ ਫ਼ਰਜੀ,
ਬਾਰਾਂ ਸਾਲ 'ਚ ਬਾਰਾਂ ਮੱਝੀਆਂ ਭਰ ਸਕਦੀਆਂ ਸਨ ਵਿਹੜਾ,
ਆਪੇ ਸਿਆਲ਼ ਸਾਕ ਕਰ ਜਾਂਦੇ ਦੇਖ ਪੁਜੀਸ਼ਨ ਘਰ ਦੀ।"

ਮੈਂ ਕਈ ਵਾਰ ਸੋਚਦਾ ਹਾਂ ਕਿ ਜੇ ਓਹ ਕਮਲ਼ੇ ਸਨ ਤਾਂ ਆਪਾਂ ਕਿਹੜਾ ਸਿਆਣੇ ਹਾਂ? ਅਸੀਂ ਉਨ੍ਹਾਂ ਦੇ ਕਿੱਸਿਆਂ-ਕਹਾਣੀਆਂ ਨੂੰ ਕਿਉਂ ਇੰਨਾ ਮਹੱਤਵ ਦਿੰਦੇ ਹਾਂ? ਝਨਾਂ ਦਾ ਜ਼ਿਕਰ ਕਰਦਿਆਂ ਸੋਹਣੀ-ਮਹੀਵਾਲ਼ ਹੀ ਸਾਡੇ ਜ਼ਿਹਨ 'ਚ ਆਉਂਦੇ ਹਨ, ਕਦੇ ਕੁਦਰਤ ਦੇ ਇਸ ਵਡਮੁੱਲੇ ਤੋਹਫ਼ੇ ਬਾਰੇ ਹੋਰ ਕੁਛ ਜਾਣਨ ਦੀ ਕੋਸ਼ਿਸ਼ ਨਹੀਂ ਕਰਦੇ। ਝਨਾਂ ਜਾਂ ਝਨਾਅ (ਚਨਾਬ) ਭਾਵੇਂ ਸਭ ਤੋਂ ਵੱਡਾ ਦਰਿਆ ਨਹੀਂ, ਪਰ ਇਹ ਦੱਖਣੀ ਏਸ਼ੀਆ ਦੇ ਪ੍ਰਸਿੱਧ ਦਰਿਆਵਾਂ ਵਿੱਚੋਂ ਹੈ। ਕਈ ਦਰਿਆ ਸਿੰਜਾਈ ਲਈ ਖ਼ਾਸ ਹੁੰਦੇ ਹਨ ਅਤੇ ਕਈ ਬਿਜਲੀ ਦੀ ਪੈਦਾਵਾਰ ਲਈ, ਜਦਕਿ ਇਹ ਦੋਹਾਂ ਪੱਖੋਂ ਉਪਯੋਗੀ ਦਰਿਆ ਹੈ। ਬਿਜਲੀ ਦੀ ਪੈਦਾਵਾਰ ਅਤੇ ਸਿੰਚਾਈ ਪੱਖੋਂ ਇਹ ਭਾਰਤ- ਪਾਕਿਸਤਾਨ, ਦੋਹਾਂ ਦੇਸਾਂ ਦਾ ਬਹੁਤ ਉਪਯੋਗੀ ਦਰਿਆ ਹੈ। ਇਸ ਤਰ੍ਹਾਂ ਹੀ ਅਸੀਂ ਹੀਰ-ਰਾਂਝੇ ਨੂੰ ਵੀ ਬੇਲੋੜਾ ਸਿਰ ਚੜ੍ਹਾਇਆ ਹੋਇਆ ਹੈ। ਅੰਗਰੇਜ਼ਾਂ ਨੇ ਮਹਰਾਜਾ ਰਣਜੀਤ ਸਿੰਘ ਤੋਂ ਬਾਅਦ ਪੰਜਾਬ 'ਤੇ ਆਪਣੀ ਪਕੜ ਮਜਬੂਤ ਕਰਨ ਲਈ ਵਾਰਿਸ ਦੀ ਹੀਰ, ਹਾਸ਼ਿਮ ਦੀ ਸੱਸੀ ਤੇ ਪੀਲੂ ਦੇ ਮਿਰਜ਼ੇ ਨੂੰ ਪੂਰੇ ਸ਼ਾਤਰ ਢੰਗ ਨਾਲ਼ ਵਰਤਿਆ। ਅੱਜ ਵੀ ਅਸੀਂ ਇਨ੍ਹਾਂ ਤੋਂ ਖਹਿੜਾ ਨਹੀਂ ਛੁਡਾ ਪਾ ਰਹੇ; ਬਲਕਿ ਇਨ੍ਹਾਂ ਨੂੰ ਆਪਣੇ ਵਿਰਸੇ ਦੇ ਚੋਟੀ ਦੇ ਸਾਹਿਤ 'ਚ ਸ਼ੁਮਾਰ ਕਰ ਰੱਖਿਆ ਹੈ। ਹੈਰਾਨੀ ਹੁੰਦੀ ਹੈ, ਜਦ ਵਾਰਿਸ ਸ਼ਾਹ ਨੂੰ ਬਾਬਾ ਫ਼ਰੀਦ ਅਤੇ ਗੁਰੂ ਨਾਨਕ ਦੇਵ ਨਾਲ਼ ਜੋੜਿਆ ਜਾਂਦਾ ਹੈ। ਨਿਰਸੰਦੇਹ ਝੰਡ ਸਾਹਿਬ ਵਲੋਂ ਲਿਖਿਆ ਸਫ਼ਰਨਾਮਾ 'ਪੁਰਖ਼ਿਆਂ ਦਾ ਦੇਸ' ਇੱਕ ਬਹੁਤ ਵਧੀਆ ਕਿਤਾਬ ਹੈ। ਇਹ ਬਹੁਤੇ ਪੰਜਾਬੀ ਲੇਖਕਾਂ ਵਲੋਂ ਵਰਤੇ ਜਾਂਦੇ ਬੇਲੋੜੇ ਅਲੰਕਾਰਾਂ ਨਾਲ਼ ਓਵਰ-ਲੋਡ ਨਹੀਂ ਕੀਤੀ ਗਈ ਅਤੇ ਨਾਂ ਹੀ ਸੁਫ਼ਨ-ਮਈ ਵਿਚਾਰਾਂ ਨਾਲ਼ ਲੱਦੀ ਹੋਈ ਹੈ। ਇਹ ਜਨ-ਸਾਧਾਰਨ ਦੇ ਸਮਝ 'ਚ ਆਉਣ ਵਾਲ਼ੀ ਅਤੇ ਤੱਥਾਂ ਤੇ ਆਧਾਰਿਤ ਇੱਕ ਪਾਠ-ਪੁਸਤਕ ਨਿਆਈਂ ਕਿਤਾਬ ਹੈ।






# ਨਿੱਕੀਆਂ ਜਿੰਦਾਂ ਵੱਡਾ ਸਾਕਾ

ਪੋਹ ਮਹੀਨੇ ਦੀਆਂ ਬਰਫੀਲੀਆਂ ਸਰਦ ਰਾਤਾਂ ,ਹੱਡ ਚੀਰਵੀਂ ਠੰਢ , ਹਰ ਮਨੁੱਖ ਨੂੰ ਉਨ੍ਹਾਂ ਦਿਹਾੜਿਆਂ ਦਾ ਅਹਿਸਾਸ ਵੀ ਕਰਵਾਉਂਦੀ ਹੈ ਜਦੋਂ ਦਸ਼ਮੇਸ਼ ਪਿਤਾ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਨੇ ਆਪਣੀ ਦਾਦੀ ਦੇ ਸਾਥ ਵਿੱਚ ਜਰਵਾਣਿਆਂ ਦੇ ਜਬਰ ,ਕਹਿਰ ਅਤੇ ਅਤਿਆਚਾਰ ਦਾ ਆਪਣੇ ਸਿਦਕੀ ਪ੍ਰੇਮ ਦੀ ਪਰਖ ਨਾਲ ਜ਼ਿੰਦਾ ਨੀਹਾਂ ਵਿੱਚ ਚਿਣ ਕੇ ਸ਼ਹੀਦ ਹੋ ਜਾਵਣ ਨੂੰ ਕਬੂਲ ਕੀਤਾ ।

ਜਦੋਂ ਦਸ਼ਮੇਸ਼ ਪਿਤਾ ਦੇ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤਾਂ ਸਰਸਾ ਨਦੀ ਦੇ ਪਾਰ ਕਰਨ ਤੋਂ ਬਾਦ ਪਿੱਛੋਂ ਆ ਰਹੀ ਦੁਸ਼ਮਣ ਦੀ ਫ਼ੌਜ ਨੇ ਮੁੜ ਹਮਲਾ ਕਰ ਦਿੱਤਾ। ਸਰਸਾ ਨਦੀ ਵਿੱਚ ਉਸ ਵੇਲੇ ਹੜ੍ਹ ਆਇਆ ਹੋਇਆ ਸੀ। ਇਸ ਸਥਾਨ 'ਤੇ ਲਹੂ ਡੋਲਵੀਂ ਟੱਕਰ ਸ਼ੁਰੂ ਹੋਈ। ਬਹੁਤ ਕੀਮਤੀ ਇਤਿਹਾਸ ਸਰਸਾ ਨਦੀ ਵਿੱਚ ਰੁੜ ਗਿਆ। ਇਸੇ ਹੀ ਸਥਾਨ 'ਤੇ ਗੁਰੂ ਜੀ ਦਾ ਪਰਿਵਾਰ ਵਿਛੜਿਆ। ਵੱਡੇ ਸਾਹਿਬਜ਼ਾਦੇ, ਪਿਤਾ ਗੁਰੂ ਗੋਬਿੰਦ ਸਿੰਘ ਜੀ ਨਾਲ ਚਮਕੌਰ ਸਾਹਿਬ ਵੱਲ ਚਲੇ ਗਏ। ਛੋਟੇ ਸਾਹਿਬਜ਼ਾਦੇ ਅਤੇ ਬਿਰਧ ਮਾਂ ਗੁਜਰੀ ਇਕੱਲੇ ਰਹਿ ਗਏ। ਪੋਹ ਦੀ ਰੁੱਤ ਅਤੇ ਕਹਿਰ ਦੀ ਸਰਦੀ ਵਿੱਚ ਦੋ ਛੋਟੇ-ਛੋਟੇ ਬਾਲ ਦਾਦੀ ਦੀ ਉਂਗਲ ਫੜ ਕੇ ਜੰਗਲਾਂ ਵਿੱਚ ਦੀ ਹੁੰਦੇ ਹੋਏ ਹਨੇਰੇ ਨੂੰ ਚੀਰਦੇ ਆਪਣੀ ਜ਼ਿੰਦਗੀ ਦੇ ਔਕੜਾਂ ਭਰਿਆ ਸਫ਼ਰ ਤਹਿ ਕਰ ਰਹੇ ਸਨ। ਇੰਝ ਤੁਰਦੇ-ਤੁਰਦੇ ਗੰਗੂ, ਜੋ ਗੁਰੂ ਘਰ ਦਾ ਰਸੋਈਆ ਸੀ, ਦੇ ਪਿੰਡ ਸਹੇੜੀ ਜਾ ਪਹੁੰਚੇ। ਉਹ ਬੱਚਿਆਂ ਨੂੰ ਅਤੇ ਦਾਦੀ ਜੀ ਨੂੰ ਆਪਣੇ ਘਰ ਲੈ ਗਿਆ। ਅਤੇ ਫਿਰ ਲਾਲਚ ਵੱਸ ਮੁਗਲ ਹਕੂਮਤ ਦੀ ਕਰਿੰਦਿਆਂ ਨੂੰ ਗੁਰੂ ਪਰਿਵਾਰ ਦੇ ਟਿਕਾਣੇ ਦੀ ਸੂਹ ਦਿੱਤੀ। ਗੰਗੂ ਦੇ ਮੋਰਿੰਡੇ ਦੇ ਰੰਘੜ ਕੋਲ ਇਤਲਾਹ ਦੇਣ ਤੋਂ ਬਾਦ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦਾ ਬੰਦੀ ਬਣਾ ਦਿੱਤਾ ਗਿਆ। ਸਾਹਿਬਜ਼ਾਦਿਆਂ ਅਤੇ ਦਾਦੀ ਜੀ ਨੂੰ ਠੰਢੇ ਬੁਰਜ ਵਿੱਚ ਕੈਦ ਰੱਖਿਆ ਗਿਆ। ਸਾਹਿਬਜ਼ਾਦੇ ਭੁੱਖਣ-ਭਾਣੇ ਠੰਢੇ ਬੁਰਜ ਵਿੱਚ ਬੈਠੇ ਦਾਦੀ ਮਾਂ ਦੀਆਂ ਬਾਤਾਂ ਸੁਣ ਰਹੇ ਸਨ। ਦਾਦੀ ਮਾਂ ਦੀਆਂ ਦਿੱਤੀਆਂ ਨਸੀਹਤਾਂ 'ਤੇ ਫੁੱਲ ਚੜ੍ਹਾਉਂਦਿਆਂ ਬੱਚਿਆਂ ਨੇ ਕਿਹਾ, ''ਸਿਰ ਦੇ ਕੇ ਸਿਦਕ ਬਚਾਵਾਂਗੇ।''24 ਦਸੰਬਰ 1704 ਈ: ਦਾ ਦਿਨ ਚੜ੍ਹਿਆ। ਠੰਢੇ ਬੁਰਜ 'ਚੋਂ ਸਾਹਿਬਜ਼ਾਦਿਆਂ ਨੂੰ ਲੈਣ ਲਈ ਸਿਪਾਹੀ ਆਏ। ਦਾਦੀ ਨੇ ਬੜੇ ਸਿਦਕ ਨਾਲ ਨਿੱਕੇ ਬਾਲਾਂ ਨੂੰ ਸ਼ਹੀਦੀ ਸਫ਼ਰ ਦੀ ਪਹਿਰੇਦਾਰੀ ਕਰਨ ਦੀ ਜਾਚ ਦਰਸਾਈ।

ਜਾਨੇ ਸੇ ਪਹਿਲੇ ਆਓ ਗਲੇ ਸੇ ਲਗਾ ਤੋ ਲੂੰ,
ਕੇਸੋਂ ਕੋ ਕੰਘੀ ਕਰੂੰ ਜ਼ਰਾ ਧੁਲਾ ਤੋ ਲੂੰ,
ਪਿਆਰੇ ਸਰੋਂ ਪੇ ਨੰਨ੍ਹੀ ਸੀ ਕਲਗੀ ਸਜਾ ਤੋ ਲੂੰ,
ਮਰਨ ਸੇ ਪਹਿਲੇ ਤੁਮ ਕੋ ਦੁਲਹਾ ਬਨਾ ਤੋ ਲੂੰ ।
ਅੱਲ੍ਹਾ ਯਾਰ ਖਾਂ ਜੋਗੀ



ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ। ਸੂਰਮਿਆਂ ਨੇ ਕਚਿਹਰੀ ਵਿੱਚ ਖਲੋ ਕੇ ਫ਼ਤਿਹ ਬੁਲਾਈ। ਇਹ ਦੇਖ ਕੇ ਸੂਬਾ ਕੰਬ ਉੱਠਿਆ। ਸੂਬੇ ਨੇ ਸਾਹਿਬਜ਼ਾਦਿਆਂ ਨੂੰ ਧਰਮ ਤੋਂ ਡੁਲਾਉਣ ਦੇ ਲੱਖਾਂ ਯਤਨ ਕੀਤੇ। ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੱਤੇ ਤਾਂ ਕਿ ਉਹ ਸਿੱਖ ਧਰਮ ਨੂੰ ਛੱਡ ਕੇ



ਇਸਲਾਮ ਕਬੂਲ ਕਰ ਲੈਣ। ਪਰ ਗੁਰੂ ਕੇ ਦੁਲਾਰੀਆਂ ਨੇ ਸਿਦਕੀ ਪਰਵਾਨੇ ਬਣਦਿਆਂ ਬੜੀ ਜੁਰਅੱਤ ਅਤੇ ਦਲੇਰੀ ਦਾ ਜੁਆਬ ਦਿੱਤਾ ।

ਸਾਡੇ ਸਬਰ ਵਾਲੀ ਤੇਰੇ ਜ਼ਬਰ ਵਾਲੀ
ਹਰ ਬੁੱਲ੍ਹ ਉੱਤੇ ਦਾਸਤਾਨ ਰਹਿਣੀ
ਤੇਰੇ ਰਾਜ ਦਾ ਸ਼ਾਇਦ ਹੀ ਕੋਈ ਲੱਭੇ
ਪਰ ਫਤਿਹਗੜ੍ਹ ਹੈ ਸਾਡੀ ਪਹਿਚਾਣ ਰਹਿਣੀ

ਸੂਰਜ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਮੋਰਿੰਡੇ ਦੇ ਇੱਕ ਅਹਿਲਕਾਰ ਨੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਤੁਹਾਡੇ ਪਿਤਾ ਜੀ ਅਤੇ ਭਰਾ ਚਮਕੌਰ ਦੀ ਜੰਗ ਵਿੱਚ ਮਾਰੇ ਗਏ ਹਨ, ਸੋ ਤੁਹਾਡਾ ਕੋਈ ਆਸਰਾ ਨਹੀਂ ਰਿਹਾ। ਜੇ ਤੁਸੀਂ ਇਸਲਾਮ ਕਬੂਲ ਕਰ ਲਵੋ ਤਾਂ ਵਜ਼ੀਰ ਖਾਨ ਤੁਹਾਡੀ ਰੱਖਿਆ ਕਰ ਸਕਦਾ ਹੈ। ਸਾਹਿਬਜ਼ਾਦਿਆਂ ਨੇ ਜੁਆਬ ਦਿੱਤਾ ਕਿ ਅਜਿਹਾ ਨਾਮੁਮਕਿਨ ਹੈ ਕਿਓਂਕਿ ਸਾਡਾ ਰਖਵਾਲਾ ਅਕਾਲ ਪੁਰਖ ਹੈ। ਹੋਰ ਕੋਈ ਆਸਰੇ ਦੀ ਲੋੜ ਨਹੀਂ। ਸੂਬੇ ਨੂੰ ਜਦ ਕੋਈ ਗੱਲ ਰਾਹ ਪੈਂਦੀ ਨਾ ਦਿਸੀ ਤਾਂ ਉਸ ਨੇ ਸਾਹਿਬਜ਼ਾਦਿਆਂ ਨੂੰ ਇੱਕ ਰਾਤ ਹੋਰ ਠੰਢੇ ਬੁਰਜ 'ਚ ਰੱਖਣ ਦਾ ਹੁਕਮ ਕੀਤਾ। ਭੁੱਖੇ-ਤਿਹਾਏ ਛੋਟੇ ਬੱਚੇ ਦੂਜੇ ਦਿਨ ਬੁਰਜ ਦੀ ਤਸੀਹਿਆਂ ਭਰੀ ਰਾਤ ਪਲ-ਪਲ ਕਰ ਕੇ ਗੁਜ਼ਾਰ ਰਹੇ ਸਨ। ਇਸ ਸਮੇਂ ਹੀ ਗੁਰੂ ਘਰ ਦਾ ਇੱਕ ਪ੍ਰੇਮੀ ਬਾਬਾ ਮੋਤੀ ਰਾਮ ਮਹਿਰਾ, ਜੋ ਵਜ਼ੀਰ ਖਾਨ ਦੇ ਲੰਗਰ ਵਿੱਚ ਨੌਕਰੀ ਕਰਦਾ ਸੀ, ਦੁੱਧ ਦੀ ਗੜਵੀ ਲੈ ਕੇ ਬੁਰਜ ਵਿੱਚ ਪਹੁੰਚਿਆ। ਰਸਤੇ ਵਿੱਚ ਕਿਸੇ ਪਹਿਰੇਦਾਰ ਨੇ ਬਾਬਾ ਜੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਮੋਹਰਾਂ ਅਤੇ ਪੈਸੇ ਵੀ ਦੇਣੇ ਪਏ। ਮਾਤਾ ਗੁਜਰੀ ਜੀ ਨੇ ਦੁੱਧ ਪੋਤਿਆਂ ਨੂੰ ਛਕਾਇਆ ਅਤੇ ਮੋਤੀ ਮਹਿਰੇ ਦਾ ਧੰਨਵਾਦ ਕੀਤਾ।

ਸਾਹਿਬਜ਼ਾਦਿਆਂ ਦੀ ਦੂਸਰੀ ਪੇਸ਼ੀ 25 ਦਸੰਬਰ 1704 ਈ. ਨੂੰ ਹੋਈ। ਜਦੋਂ ਸਿਪਾਹੀ ਬੱਚਿਆਂ ਨੂੰ ਲੈਣ ਆਏ ਤਾਂ ਦਾਦੀ ਮਾਂ ਨੇ ਬੱਚਿਆਂ ਨੂੰ ਸਿਦਕ ਦੇ ਪੱਕੇ ਰਹਿਣ ਦੀ ਪ੍ਰੇਰਨਾ ਦਿੱਤੀ। ਸਾਹਿਬਜ਼ਾਦਿਆਂ ਨੇ ਕਚਿਹਰੀ ਵਿੱਚ ਜਾ ਫਿਰ ਫ਼ਤਹਿ ਬੁਲਾਈ। ਸੂਬੇ ਨੇ ਫਿਰ ਉਹ ਹੀ ਇਸਲਾਮ ਕਬੂਲ ਕਰਨ ਦੀ ਪੇਸ਼ਕਾਰੀ ਕੀਤੀ ਪਰ ਸਾਹਿਬਜ਼ਾਦਿਆਂ ਨੇ ਇਹ ਪੇਸ਼ਕਾਰੀ ਠੁਕਰਾ ਦਿੱਤੀ। ਸੂਬੇ ਨੇ ਆਪਣੀ ਹਾਰ ਛੁਪਾਉਣ ਲਈ ਕਾਜ਼ੀ ਕੋਲੋਂ ਫ਼ਤਵਾ ਲਵਾਇਆ। ਕਾਜ਼ੀ ਨੇ ਸ਼ਰ੍ਹਾ ਦੀ ਕਿਤਾਬ ਫੋਲਦਿਆਂ ਕਿਹਾ ਕਿ ਇਨ੍ਹਾਂ ਨੂੰ ਜਿਉਂਦਿਆਂ ਨੀਹਾਂ ਵਿੱਚ ਚਿਣ ਦੇਣਾ ਚਾਹੀਦਾ ਹੈ। ਜਿਸ ਸਮੇਂ ਇਹ ਫੈਸਲਾ ਸੁਣਾਇਆ ਗਿਆ ਉਸ ਵੇਲੇ ਮਾਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਨ ਵੀ ਉਥੇ ਮੌਜੂਦ ਸੀ। ਉਹ ਉਠ ਖਲੋਤਾ ਅਤੇ 'ਹਾਅ ਦਾ ਨਾਅਰਾ' ਮਾਰਿਆ। ਇਸ ਹਾਅ ਦੇ ਨਾਅਰੇ ਨੂੰ ਸੁਣ ਕੇ ਵਜ਼ੀਰ ਖਾਨ ਦਾ ਮਨ ਕੁਝ ਬਦਲਿਆ ਪਰ ਕੋਲ ਬੈਠੇ ਸੁੱਚਾ ਨੰਦ ਨੇ ਭਾਨੀ ਮਾਰਦਿਆਂ ਕਿਹਾ, ''ਵਜ਼ੀਰ ਖਾਨ ਇਨ੍ਹਾਂ ਬੱਚਿਆਂ ਨੂੰ ਜਿਉਂਦੇ ਛੱਡ ਕੇ ਤੂੰ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ।'' ਇਸ ਮਗਰੋਂ ਸੂਬੇ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ 'ਚ ਚਿਣਨ ਦਾ ਹੁਕਮ ਦਿੱਤਾ। ਹਾਲੇ ਕੰਧ ਛਾਤੀ ਤਕ ਪਹੁੰਚੀ ਸੀ ਕਿ ਇੱਟਾਂ ਦਾ ਇਹ ਢਾਂਚਾ ਡਿੱਗ ਪਿਆ। ਕੁਝ ਇਤਿਹਾਸਕਾਰਾਂ ਅਨੁਸਾਰ ਸਾਹਿਬਜ਼ਾਦਿਆਂ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਹੀ ਜੇਲ੍ਹ ਭੇਜ ਦਿੱਤਾ ਗਿਆ ਅਤੇ ਉਹ ਮੁੜ ਹੋਸ਼ ਵਿੱਚ ਆ ਗਏ। ਵਜ਼ੀਰ ਖਾਨ ਨੇ ਇਸਲਾਮ ਧਾਰਨ ਕਰਨ ਦੀ ਰਟ ਮੁੜ ਦੁਹਰਾਈ ਪਰ ਸਾਹਿਬਜ਼ਾਦਿਆਂ ਨੇ ਸਿਦਕ ਦੇ ਪੱਕੇ ਰਹਿਣ ਦਾ ਪ੍ਰਣ ਦੁਹਰਾਇਆ। ਇਸ ਮਗਰੋਂ ਸੂਬੇ ਨੇ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਦੋ ਭਰਾਵਾਂ ਨੂੰ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰਨ ਦਾ ਹੁਕਮ ਕੀਤਾ। ਚਾਰੇ ਪਾਸੇ ਹਨ੍ਹੇਰਾ ਪੱਸਰ ਗਿਆ। ਗੁਰੂ ਦੇ ਦੋਹੇ ਨਿੱਕੇ ਲਾਲਾਂ ਦੇ ਵੱਡੇ ਸਾਕੇ ਨੇ ਚਾਰੇ ਪਾਸੇ ਅੰਨ੍ਹੀ ਚੁੱਪ ਵਰਤਾ ਦਿੱਤੀ। ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾ ਵਿਛਾ ਕੇ ਸਾਹਿਬਜਾਦਿਆਂ ਦੇ ਸਸਕਾਰ ਕੀਤੇ,ਜਿੱਥੇ ਅੱਜ ਕੱਲ ਗੁ ਜੋਤੀ ਸਰੂਪ ਸ਼ਸ਼ੋਭਿਤ ਹੈ।



ਲੇਖਕ:
ਡਾ.ਹਰਪ੍ਰੀਤ ਕੌਰ ਖਾਲਸਾ
317-792-7867

# ਸ਼ਹੀਦੀ ਛੋਟੇ ਸਾਹਿਬਜ਼ਾਦੇ



ਸਰਸਾ ਪਈ ਠਾਠਾਂ ਮਾਰੇ।
ਮਾਤਾ ਗੁਜਰੀ ਜੀ ਤੇ ਛੋਟੇ ਲਾਲ
ਵਿੱਛੜੇ ਨਦੀ ਕਿਨਾਰੇ।
ਗੰਗੂ ਪਾਪੀ ਨੇ ਕਹਿਰ ਕਮਾਇਆ।
ਛੋਟੇ ਲਾਲਾਂ ਤੇ ਮਾਂ ਗੁਜਰੀ ਨੂੰ –
ਸੂਬੇ ਸਰਹਿੰਦ ਕੋਲ ਜਾ ਫੜਾਇਆ।
ਸੂਬੇ ਆਖਿਆ ਕਿ ਈਨ ਮੇਰੀ ਮੰਨ ਲਓ।
ਮਾਲਾ ਮਾਲ ਕਰ ਦੇਊਂਗਾ –
ਜੇ ਇਸਲਾਮ ਕਬੂਲ ਕਰ ਲਓ।
ਅਸੀਂ ਪੁੱਤ ਹਾਂ ਕਲਗੀਧਰ ਦੇ।
ਕਦੇ ਨਹੀਂ ਝੁਕ ਸਕਦੇ –
ਮਹਿਲਾਂ ਨੂੰ ਠੋਕਰ ਮਾਰਦੇ।
ਸੁਣ ਕੇ ਸੂਬੇ ਨੂੰ ਗੁੱਸਾ ਆਇਆ।
ਉਸ ਨੇ ਕਾਜ਼ੀ ਦੇ ਕੋਲੋਂ –
ਮੌਤ ਦਾ ਫਤਵਾ ਸੁਣਵਾਇਆ।
ਸਾਰੇ ਲੋਕ ਵੀ ਰੋ ਪਏ।
ਗੁਰੂ ਜੀ ਦੇ ਲਖ਼ਤੇ-ਜਿਗਰ
ਜਦ ਨੀਂਹਾਂ 'ਚ ਖਲੋ ਗਏ।
'ਜਪੁ' ਜੀ ਦਾ ਪਾਠ ਕਰਦੇ।
ਖ਼ੂਨੀ ਦੀਵਾਰ ਵਿੱਚ ਖੜ੍ਹੇ
ਰਤਾ ਵੀ ਸੀ ਨਾ ਕਰਦੇ।
ਇੱਟਾਂ ਮੋਢਿਆਂ ਤੱਕ ਆ ਗਈਆਂ।
ਸਿੱਖੀ ਦੇ ਮਹਿਲ ਦੀਆਂ
ਕੰਧਾਂ ਪੱਕੀਆਂ ਹੋ ਗਈਆਂ।
ਸਾਹ ਹੌਲੀ-ਹੌਲੀ ਚੱਲ ਰਹੇ।
ਜ਼ੁਲਮ ਦੀ ਕੰਧ ਢਾਹ ਕੇ
ਛੋਟੇ ਲਾਲ ਸ਼ਹੀਦ ਹੋ ਗਏ।
ਠੰਢੇ ਬੁਰਜ 'ਚ ਸਮਾਧੀ ਲਾ ਕੇ।
ਮਾਤਾ ਗੁਜਰੀ ਜੀ ਵੀ
ਲਿਵ 'ਚ ਵਲੀਨ ਹੋ ਗਏ।
ਬੂਟਾ ਕਾਹੀ ਦਾ ਪੁੱਟ ਦਿੱਤਾ।
ਜ਼ੁਲਮ ਦੇ ਖਾਤਮੇ ਲਈ
ਗੁਰੂ ਜੀ ਨੇ ਬੰਦਾ ਸਿੰਘ ਭੇਜ ਦਿੱਤਾ।
ਬਸ ਥੋੜ੍ਹੀ ਜਿਹੀ ਦੇਰ ਹੋਈ।
ਬਸਤੀ ਸਰਹਿੰਦ ਸ਼ਹਿਰ ਦੀ –
ਫਿਰ ਇੱਟਾਂ ਦਾ ਢੇਰ ਹੋਈ।
ਹੋਵੇ ਕਿੱਡਾ ਵੀ ਨਿਜ਼ਾਮ ਕੋਈ।
ਇੱਕ ਦਿਨ ਢਹਿ ਜਾਣਾ –
ਜਦੋਂ ਉੱਠਿਆ ਜਵਾਨ ਕੋਈ।

ਅਮਨਦੀਪ ਸਿੰਘ

# ਕੰਧ ਸਰਹੰਦ ਵਾਲੀ

ਦਸਮ ਪਿਤਾ ਦੇ ਸੀ ਜੋ ਲਾਲ ਦੁਲਾਰੇ
ਦੋ ਚਮਕੌਰ ਜੰਗ ਤੇ ਦੋ ਨੀਹਾਂ ਖਿਲਾਰੇ।
ਗੜ੍ਹੀ ਚਮਕੌਰ ਵਾਲੀ ਵੈਰੀ ਥੱਕ ਹਾਰੇ
ਲੱਖ ਫੌਜਾਂ ਗੁਰ ਫਰਜ਼ੰਦ ਪੈ ਗਏ ਭਾਰੇ॥
ਬਾਬਾ ਅਜੀਤ ਸਿੰਘ ਵਿੱਚ ਰਣ ਅੜ ਗਏ
ਡਾਹਢੇ ਮੁਗਲ ਜਰਨੈਲਾਂ ਨਾਲ ਲੜ ਗਏ।
ਕਈਆਂ ਨੂੰ ਤਾਂ ਨਾਲ ਪਾਰ ਬੁਲਾ ਗਏ
ਨਿਸ਼ਾਨ ਖਾਲਸੇ ਦੇ ਅੰਬਰੀਂ ਝੁਲਾ ਗਏ॥
ਬਾਜ਼ਾ ਵਾਲੇ ਤੋਂ ਲੈ ਥਾਪੜਾ ਗਏ ਸੀ ਚਾਵਾਂ
ਮੌਤ ਬਣਾ ਲਾੜੀ ਰਣ ਵਿੱਚ ਲਈਆਂ ਲਾਵਾਂ।
ਵੱਡੇ ਹੋਏ ਸ਼ਹੀਦ ਛੋਟੇ ਲਾਇਆ ਜੈਕਾਰਾ
ਸੁਣ ਹਿੱਲਿਆ ਮੁਗਲ ਸਾਮਰਾਜ ਸਾਰਾ॥
ਬਾਬਾ ਜੁਝਾਰ ਸਿੰਘ ਝੱਖੜ ਬਣ ਆ ਗਏ
ਵੱਡੇ ਵੱਡੇ ਮੁਗਲਾਂ ਦੇ ਸੱਥਰ ਵਿਛਾ ਗਏ।
ਉਮਰ ਸੀ ਕੱਚੀ ਫੌਜ ਪੱਕੀ ਪਾਏ ਘੇਰੇ
ਦੁਸ਼ਮਣ ਸੀ ਆਣ ਖਲੋਤੇ ਚਾਰ ਚੁਫੇਰੇ॥
ਬਾਬਾ ਜੀ ਦੁਸ਼ਮਣਾਂ ਦੇ ਆਹੂ ਲਾ ਗਏ
ਲੜ ਦਲੇਰੀ ਅੰਤ ਫ਼ਤਿਹ ਬੁਲਾ ਗਏ।
ਗੁਰੂਜੀ ਫਰਜ਼ੰਦ ਕੌਮ ਦੇ ਲੇਖੇ ਲਾ ਗਏ
ਪਿਤਾ ਹਿੰਦ ਤੋ ਵਾਰ ਰੀਤ ਚਲਾ ਗਏ॥
ਗੰਗੂ ਵਰਗੇ ਵੀ ਛੁਰਾ ਪਿੱਠ ਮਾਰਿਆ
ਮੋਹਰਾਂ ਖਾਤਿਰ ਕੁੰਜ ਸੱਪ ਦਾ ਉਤਾਰਿਆ।
ਮੁਖਬਰੀ ਸਦਕਾ ਮਾਤਾ ਜੀ ਨੂੰ ਫੜਾ ਦਿੱਤਾ
ਲਖ਼ਤੇ ਜਿਗਰਾਂ ਨੂੰ ਕਚਹਿਰੀ ਖੜਾ ਦਿੱਤਾ॥
ਕਈ ਸੁੱਚੇ ਨੰਦਾਂ, ਕਾਜ਼ੀਆਂ ਤੇ ਵਜ਼ੀਰ ਖਾਨਾਂ
ਜ਼ਾਲਮ ਹਕੂਮਤ ਦੀ ਤਰਜ਼ਮਾਨੀ ਹੀ ਸ਼ਾਨਾਂ।
ਝੂਠੇ ਵਜ਼ੀਰ ਫਤਵਾਂ ਨੀਹਾਂ ਦਾ ਸੁਣਾ ਦਿੱਤਾ
ਅਧਰਮੀਆਂ ਚ ਨਾਂ ਆਪਣਾ ਖੁਣਾ ਦਿੱਤਾ॥
ਨੀਹਾਂ ਸਿੱਧੀਆਂ ਖੜ੍ਹਨ ਚੱਪਣੀਆਂ ਵੱਢਤੀਆਂ
ਸ਼ਾਸ਼ਲ ਬੇਗ ਬਾਸ਼ਲ ਬੇਗ ਰੂਹਾਂ ਕੱਢਤੀਆਂ।
ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਸ਼ਹਾਦਤ ਪਾ ਗਏ
ਠੰਡੇ ਬੁਰਜ ਮਾਤਾ ਗੁਜਰ ਕੌਰ ਜੋਤੀ ਜੋਤ ਸਮਾ ਗਏ॥
ਸੰਗਤੋ ਸ਼ਹੀਦੀ ਜੋੜ ਮੇਲੇ ਸਰਹੰਦ ਆਇਓ
ਸ਼ਹਾਦਤਾਂ ਦੇ ਦਿਨ ਖੁਸ਼ੀ ਨਾ ਕੋਈ ਮਨਾਇਓ॥

ਸੁਰਿੰਦਰਪਾਲ ਸਿੰਘ, ਸ੍ਰੀ ਅੰਮ੍ਰਿਤਸਰ ਸਾਹਿਬ।

# ਚਮਕੌਰ ਦੀ ਜੰਗ

1. ਗੜ੍ਹੀ ਵਿੱਚ ਕਿਲ੍ਹਾ ਬਣਾ ਕੇ, ਡੱਟੇ ਸਿੰਘ ਸਾਰੇ ਸੀ।
ਲੱਖਾਂ ਨੇ ਘੇਰਾ ਪਾ ਕੇ, ਮੱਲੇ ਰਾਹ ਚਾਰੇ ਸੀ।
ਸਿੰਘਾਂ ਦੀ ਗਿਣਤੀ ਥੋੜੀ, ਛੱਡਦੇ ਜੈ ਕਾਰੇ ਸੀ।
ਰਣ ਵਿੱਚ ਜੌਹਰ ਵਿਖਾਉਣੇ, ਸਿੰਘਾਂ ਸ਼ਮਸ਼ੀਰਾਂ ਦੇ।
ਰਣ ਵਿੱਚ ਖੰਡੇ ਖੜਕਦੇ, ਯੋਧੇ ਬਲਬੀਰਾਂ ਦੇ।
ਲੜਦੇ ਸੀ ਮਰਦ ਸੂਰਮੇ।
2. ਨਾਹਰ ਖ਼ਾਂ ਪੌੜੀ ਲਾ ਕੇ, ਚੜ੍ਹਨ ਲਈ ਆਇਆ ਸੀ।
ਸਤਿਗੁਰ ਨੇ ਤੀਰ ਮਾਰ ਕੇ, ਧਰਤ ਲੁਟਾਇਆ ਸੀ।
ਖੁਵਾਜਾ ਮਹਿਮੂਦ ਨੇ ਲੁਕ ਕੇ,ਜੀਵਨ ਬਚਾਇਆ ਸੀ।
ਮਿਟਦੇ ਨਾ ਲੇਖ ਕਦੇ ਵੀ, ਲਿਖੀਆਂ ਤਕਦੀਰਾਂ ਦੇ।
ਰਣ ਵਿਚ ਢੇਰ ਸੀ ਲੱਗੇ, ਬੇਅੰਤ ਸਰੀਰਾਂ ਦੇ।
ਹੋਈ ਸੀ ਜੰਗ ਅਨੋਖੀ।
3. ਪੰਜ ਪਿਆਰੇ ਨਾਲ ਗੁਰਾਂ ਦੇ, ਵੱਡੇ ਦੋ ਲਾਲ ਸੀ।
ਸਿੰਘਾਂ ਨੇ ਜੰਗ ਵਿੱਚ ਕੀਤੀ,ਲੜ੍ਹ ਕੇ ਕਮਾਲ ਸੀ।
ਲਾਸ਼ਾਂ ਦੇ ਢੇਰ ਲਗਾਏ, ਵਗੇ ਖ਼ੂਨ ਦੇ ਖਾਲ ਸੀ।
ਸਿੰਘਾਂ ਨੇ ਰਣ ਵਿੱਚ ਰੌਲੇ, ਆਸ਼ਕ ਜੋ ਹੀਰਾਂ ਦੇ।
ਰਣ ਵਿੱਚ ਖੰਡੇ ਖੜਕਦੇ, ਯੋਧੇ ਬਲਬੀਰਾਂ ਦੇ॥
ਲੜਦੇ ਸੀ ਮਰਦ ਸੂਰਮੇ।
4. ਪਿਤਾ ਤੋਂ ਲੈ ਕੇ ਥਾਪੜਾ, ਆਇਆ ਅਜੀਤ ਜੀ।
ਧਰਮ ਦੀ ਖਾਤਰ ਮਰਨਾ, ਜਿਨ੍ਹਾਂ ਦੀ ਰੀਤ ਜੀ।
ਸਿੱਖੀ ਦੇ ਨਾਲ ਜਿਨ੍ਹਾਂ ਦੀ, ਗੂੜ੍ਹੀ ਪ੍ਰਤੀਤ ਜੀ।
ਝੱਲੇ ਨਾ ਵਾਰ ਵੈਰੀ ਨੇ, ਅਜੀਤ ਦੇ ਤੀਰਾਂ ਦੇ।
ਰਣ ਵਿਚ ਸੀ ਢੇਰ ਲੱਗੇ, ਬੇਅੰਤ ਸਰੀਰਾਂ ਦੇ।
ਹੋਈ ਸੀ ਜੰਗ ਅਨੋਖੀ।
5. ਮੁੱਕੇ ਜਾਂ ਤੀਰ ਸ਼ੇਰ ਦੇ, ਫੜਿਆ ਸ਼ਮਸ਼ੀਰ ਨੂੰ।
ਖਾ ਕੇ ਸੀ ਵਾਰ ਸੈਂਕੜੇ, ਡਿੱਗਿਆ ਅਖ਼ੀਰ ਨੂੰ।
ਵੇਖ ਜੁਝਾਰ ਆ ਗਿਆ, ਡਿੱਗੇ ਹੋਏ ਵੀਰ ਨੂੰ।
ਖ਼ੂਨ ਨਾ ਵੇਖੇ ਜਾਂਦੇ, ਡੁਲ੍ਹਦੇ ਹੋਏ ਵੀਰਾਂ ਦੇ।
ਰਣ ਵਿੱਚ ਖੰਡੇ ਖੜਕਦੇ, ਯੋਧੇ ਬਲਬੀਰਾਂ ਦੇ।
ਲੜਦੇ ਸੀ ਮਰਦ ਸੂਰਮੇ।
6. ਹਦਾਇਤ ਤੇ ਭੂਰੇ ਖ਼ਾਂ, ਸੀ ਭਰੇ ਹੰਕਾਰ ਦੇ।
ਜਹਾਨ ਤੇ ਫ਼ੁਲਾਦ ਖ਼ਾਂ ਸੀ, ਦੋਵੇਂ ਲਲਕਾਰ ਦੇ।
ਇਸਮਾਇਲ ਤੇ ਖਲੀਲ ਖ਼ਾਂ,ਫ਼ੁੰਕਾਰੇ ਸੀ ਮਾਰ ਦੇ।
ਸਤਿਗੁਰ ਦੇ ਸ਼ੇਰਾਂ ਭੱਥੇ, ਭਰੇ ਸੀ ਤੀਰਾਂ ਦੇ।
ਰਣ ਵਿਚ ਸੀ ਢੇਰ ਲੱਗੇ, ਬੇਅੰਤ ਸਰੀਰਾਂ ਦੇ।
ਹੋਈ ਸੀ ਜੰਗ ਅਨੋਖੀ।
7. ਵੈਰੀ ਸੀ ਦੰਗ ਰਹਿ ਗਿਆ,ਹੱਥ ਵੇਖ ਜੁਝਾਰ ਦੇ।
ਕਰਦੇ ਸੀ ਜੰਗ ਸੂਰਮੇ, ਤੇਗਾਂ ਸੀ ਮਾਰਦੇ।
ਛੱਡ ਕੇ ਮੈਦਾਨ ਨੱਸੇ, ਤੋਬਾ ਪੁਕਾਰ ਦੇ।
ਲੱਗੇ ਸੀ ਢੇਰ ਮੈਦਾਨੇ, ਅਨੇਕਾਂ ਸਰੀਰਾਂ ਦੇ।
ਰਣ ਵਿੱਚ ਖੰਡੇ ਖੜਕਦੇ, ਯੋਧੇ ਬਲਬੀਰਾਂ ਦੇ।
ਲੜਦੇ ਸੀ ਮਰਦ ਸੂਰਮੇ।
8. ਪੁੱਤਰ ਦੀ ਤੱਕ ਸ਼ਹੀਦੀ, ਛੱਡੇ ਜੈ ਕਾਰੇ ਸੀ।
ਕੀਤਾ ਨਾ ਭੋਰਾ ਸਰਫਾ,ਲਾਲ ਧਰਮ ਤੋਂ ਵਾਰੇ ਸੀ।
ਮੈਦਾਨ ਨੂੰ ਜਾਣ ਲਈ ਦਾਤਾ ਕਰਦਾ ਤਿਆਰੇ ਸੀ।
ਆਖਿਆ ਜਾਓ ਖਾਲਸੇ ,ਦਲ ਚੀਰ ਵਹੀਰਾਂ ਦੇ।
ਰਣ ਵਿਚ ਸੀ ਢੇਰ ਲੱਗੇ, ਬੇਅੰਤ ਸਰੀਰਾਂ ਦੇ
ਹੋਈ ਸੀ ਜੰਗ ਅਨੋਖੀ।
9. ਹੋ ਗਏ ਸ਼ਹੀਦ ਸਿੰਘ,ਦਲ ਰਹਿ ਗਿਆ ਥੋੜਾ ਸੀ।
ਮੁੱਕੇ ਸੀ ਤੀਰ ਸਾਰੇ, ਰਿਹਾ ਨਾ ਘੋੜਾ ਸੀ।
ਰੰਗਰੇਟੇ ਨੂੰ ਦਿੱਤਾ ਦਾਤੇ ,ਕਲਗੀ ਤੇ ਤੋੜਾ ਸੀ।
ਕੇਲੇ ਨੂੰ ਰਹਿਣ ਪੱਛਦੇ, ਬੂਟੇ ਕਰੀਰਾਂ ਦੇ।
ਰਣ ਵਿੱਚ ਖੰਡੇ ਖੜਕਦੇ, ਯੋਧੇ ਬਲਬੀਰਾਂ ਦੇ।
ਲੜਦੇ ਸੀ ਮਰਦ ਸੂਰਮੇ।
10
ਗੜ੍ਹੀ ਤੋਂ ਬਾਹਰ ਜਾਣ ਦੇ, ਕੀਤੇ ਤਿਆਰੇ ਸੀ।
ਚੱਲਿਆ ਜੇ ਗੋਬਿੰਦ ,ਫੜ ਲਉ,ਛੱਡੇ ਜੈਕਾਰੇ ਸੀ।
ਨਾਲ ਸੀ ਤਿੰਨ ਉਨ੍ਹਾਂ ਦੇ ,ਸਿੰਘ ਪਿਆਰੇ ਸੀ।
ਸ਼ਰਨ ਕੌਰ ਸਸਕਾਰ ਕੀਤੇ, 'ਢਿੱਲੋਂ' ਸੀ ਵੀਰਾਂ ਦੇ
ਰਣ ਵਿਚ ਸੀ ਢੇਰ ਲੱਗੇ, ਬੇਅੰਤ ਸਰੀਰਾਂ ਦੇ।
ਹੋਈ ਸੀ ਜੰਗ ਅਨੋਖੀ।

# "ਕੀ ਗੁਰੂ ਦੀ ਗੋਲਕ ਗਰੀਬ ਦਾ ਮੂੰਹ ਹੈ"

ਪਿਛਲੇ ਸਾਲ ਜੱਦ 13 ਅਪ੍ਰੈਲ ਨੂੰ ਮੈਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ਲਈ ਗਈ । ਬਿਲਕੁਲ ਹੀ ਭੀੜ ਭੜੱਕਾ ਨਹੀਂ ਸੀ , ਤੇ ਉਸ ਦਿਨ ਬਹੁਤ ਸੋਹਣੀ ਤਰਹ ਅਰਾਮ ਨਾਲ ਦਰਬਾਰ ਸਾਹਿਬ ਜੀ ਦੇ ਦਰਸ਼ਨ ਕੀਤੇ । ਥਕਾਵਟ ਬਹੁਤ ਹੋ ਗਈ ਸੀ ਤੇ ਮੈਂ ਜੋੜੇ ਘਰ ਦੇ ਬਾਹਰ ਬੈਂਚ ਤੇ ਬੈਠ ਕੇ ਜੋੜੇ ਪਾਉਣ ਲੱਗੀ ਤੇ ਫ਼ੋਨ ਨਿਕਾਲ ਘਰ ਫ਼ੋਨ ਕਰਨ ਲੱਗੀ ਕਿ ਅਸੀਂ ਆ ਰਹੇ ਹਾਂ । ਬੈਂਚ ਤੇ ਮੇਰੇ ਨਾਲ ਇੱਕ ਨੌਜੁਆਨ ਗੁਰਮੁਖ ਜੋੜਾ ਉਦਾਸ ਬੈਠਾ ਸੀ । ਮੇਰਾ ਫ਼ੋਨ ਕੰਨ ਤੇ ਲੱਗਾ ਦੇਖ ਕਹਿਣ ਲੱਗਾ ਕਿ ਇਹੋ ਜਿਹੇ ਧਾਰਮਿਕ ਅਸਥਾਨਾਂ ਤੇ ਫੋਨ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ ਸ਼ਰਮਿੰਦਾ ਵੀ ਹੋਈ ਕਿ ਉਹ ਸੋਚਦੇ ਹੋਣਗੇ ਕਿ ਬੈਠ ਕੇ ਮੈਂ ਸ਼ਾਇਦ ਵਟਸਆਪ ਜਾਂ ਫੇਸਬੁੱਕ ਚੈੱਕ ਕਰਨ ਲੱਗੀ ਹਾਂ । ਉਹ ਕੁਝ ਕਹਿ ਰਿਹਾ ਸੀ ਪਰ ਮੈਂ ਘਰ ਜਲਦੀ ਜਲਦੀ ਫ਼ੋਨ ਤੇ ਗੱਲ ਕਰ ਫ਼ੋਨ ਬੰਦ ਕਰ ਦਿੱਤਾ ਤੇ ਬਹੁਤ ਧਿਆਨ ਨਾਲ ਉਸਦੀ ਗੱਲ ਸੁਨਣ ਲੱਗੀ ਜੋ ਉਹ ਰੋਣਹਾਕਾ ਹੋਇਆ ਜਲਦੀ ਕਹਿਣਾ ਚਾਹੁੰਦਾ ਸੀ । ਮੈਂ ਪੁੱਛਿਆ ਬੇਟਾ ਕੀ ਹੋਇਆ ਹੈ ਮੈਨੂੰ ਬਿਨਾ ਝਿਜਕ ਤੁਸੀਂ ਸਾਰੀ ਗੱਲ ਦੱਸੋ । ਅੱਖਾਂ ਵਿੱਚ ਡਲਕ ਆਏ ਹੰਝੂ ਸਾਫ ਕਰ ਉਹ ਕਹਿਣ ਲੱਗਾ ਕਿ ਮੈਂ ਤੇ ਮੇਰੀ ਪਤਨੀ ਬਠਿੰਡਾ ਤੋਂ ਸਵੇਰੇ ਗੱਡੀ ( ਟ੍ਰੇਨ ) ਵਿੱਚ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ ਸੀ ਤੇ ਆਪਣਾ ਛੋਟਾ ਬੱਚਾ ਕਿਸੇ ਰਿਸ਼ਤੇਦਾਰ ਕੋਲ ਛੱਡ ਆਏ ਸੀ । ਕਹਿੰਦਾ ਜੱਦ ਫੋਟੋਆਂ ਖਿੱਚਣ ਲਈ ਆਪਣੀ ਪੈਂਟ ਦੀ ਪਿੱਛਲੀ ਜੇਬ ਵਿੱਚੋਂ ਆਪਣਾ ਫ਼ੋਨ ਨਿਕਾਲਣ ਲੱਗਾ ਤੇ ਫ਼ੋਨ ਪੈਂਟ ਦੀ ਜੇਬ ਵਿੱਚ ਨਹੀਂ ਸੀ । ਕਹਿੰਦਾ ਮੈਂ ਤੇ ਆਪਣੇ ਕਾਰਡ ( ਏ ਟੀ ਐਮ ਜਾਂ ਬੈਂਕ ਦਾ ਕੋਈ ਕਾਰਡ ਹੋਏਗਾ ਪੈਸੇ ਨਿਕਾਲਣ ) ਲਈ ਸੱਭ ਫ਼ੋਨ ਦੇ ਕਵਰ ਦੇ ਅੰਦਰ ਹੀ ਸੀ । ਹੁਣ ਘਰ ਕਿਵੇਂ ਜਾਈਏ , ਸਾਡੀ ਦੋਹਾਂ ਦੀ ਬਠਿੰਡੇ ਦੀ ਟਿਕਟ 232 ਰੁਪਏ ਹੈ । ਸਾਡੇ ਕੋਲ ਕੋਈ ਵੀ ਪੈਸਾ ਨਹੀਂ । ਹੁਣ ਤੱਕ ਸਾਡਾ ਬੱਚਾ ਵੀ ਉਦਾਸ ਹੋ ਰੋ ਰਿਹਾ ਹੋਏਗਾ । ਮੈਂ ਕਿਹਾ ਤੁਸੀਂ ਦਰਬਾਰ ਸਾਹਿਬ ਕਮੇਟੀ ਵਾਲਿਆਂ ਨੂੰ ਸ਼ਿਕਾਇਤ ਕਰਨੀ ਸੀ ਕਹਿੰਦਾ ਅਸੀਂ ਬਹੁਤ ਕਿਹਾ ਪਰ ਉਹਨਾਂ ਸਾਡੀ ਇੱਕ ਨਹੀਂ ਸੁਣੀ ਤੇ ਇਹ ਕਿਹਾ ਕਿ ਤੁਸੀਂ ਝੂਠ ਕਹਿ ਰਹੇ ਹੋ । ਕਹਿੰਦਾ ਅਸੀਂ ਇਹ ਵੀ ਕਿਹਾ ਕਿ ਤੁਸੀਂ ਸਾਨੂੰ 232 ਰੁਪਏ ਕਿਰਾਏ ਜੋਗੇ ਪੈਸੇ ਹੀ ਦੇ ਦਿਉ ਜਾ ਕੇ ਤੁਹਾਨੂੰ ਭੇਜ ਦਿਆਂਗੇ । ਪਰ ਕਿਸੇ ਨੇ ਸਾਡੇ ਤੇ ਯਕੀਨ ਨਹੀਂ ਕੀਤਾ । ਹਾਂ ਇਹ ਠੀਕ ਹੈ ਕਿ ਬਹੁਤ ਲੋਕ ਝੂਠ ਕਹਿ ਕੇ ਠੱਗ ਕੇ ਲੈ ਜਾਂਦੇ ਹਨ । ਪਰ ਤੁਸੀਂ ਕਿਸੇ ਇਨਸਾਨ ਦੀ ਗੱਲ ਨੂੰ ਧਿਆਨ ਨਾਲ ਤੇ ਸੁਣੋ , ਬਹੁਤ ਮਾਸੂਮ ਗੁਰਮੁਖ ਜੋੜਾ ਸੀ । ਕਹਿੰਦਾ ਇਹੋ ਜਿਹੇ ਧਾਰਮਿਕ ਅਸਥਾਨ ਤੇ ਆ ਕੇ ਵੀ ਲੋਕ ਚੋਰੀ ਕਰਨ ਵਰਗੇ ਕੁਕਰਮ ਕਰ ਜਾਂਦੇ ਹਨ ਪਰ ਪਚਣਗੇ ਉਹਨਾਂ ਨੂੰ ਵੀ ਨਹੀਂ ਤੇ ਆਪਣੀ ਕੀਤੀ ਦਾ ਫੱਲ ਜ਼ਰੂਰ ਉਹਨਾਂ ਨੂੰ ਮਿਲੇਗਾ ਜੋ ਇਸ ਤਰਾਂ ਕਰਦੇ ਹਨ । ਮੈਂ ਉਹਨਾਂ ਨੂੰ ਹੌਂਸਲਾ ਦਿੱਤਾ ਤੇ ਕਿਹਾ ਬੱਚੋ ਘਬਰਾਓ ਨਾ ਵਾਹਿਗੁਰੂ ਮਦਦ ਕਰਨ ਦਾ ਕੋਈ ਨਾ ਕੋਈ ਹੀਲਾ ਵਸੀਲਾ ਜ਼ਰੂਰ ਬਣਾ ਦਿੰਦਾ ਹੈ । ਉਹ ਆਪਣੀ ਕੋਈ ਫੋਟੋ ਨਹੀਂ ਸੀ ਖਿੱਚਣ ਦੇਣਾ ਚਾਹੁੰਦੇ ਤੇ ਇਸ ਸਾਰੀ ਵਾਰਦਾਤ ਦੀ ਮੈਂ ਉਹਨਾਂ ਦੇ ਮੂੰਹੋਂ ਸਾਰੀ ਗੱਲਬਾਤ ਰਿਕਾਰਡ ਕਰਨੀ ਚਾਹੁੰਦੀ ਸੀ ਵੀਡੀਓ ਬਣਾ ਕੇ । ਉਹਨਾਂ ਵੀਡੀਓ ਬਣਾਉਣ ਤੋਂ ਮਨਾ ਕਰ ਦਿੱਤਾ ਤੇ ਕਿਹਾ ਕਿ ਮੈਸੇਜ ਰਿਕਾਰਡ ਕਰ ਲਉ ਮੇਰਾ । ਮੈਂ ਕਿਵੇਂ ਹੋਇਆ , ਕੱਦ ਹੋਇਆ ਪੁੱਛ ਕੇ ਸਾਰੀ ਗੱਲਬਾਤ ਰਿਕਾਰਡ ਕਰ ਲਈ ਤੇ ਅੱਖ ਬਚਾ ਕੇ ਉਹਨਾਂ ਦੀਆਂ ਦੋ ਤਿੰਨ ਫੋਟੋਆਂ ਵੀ ਖਿੱਚ ਲਈਆਂ । ਮੈਂ ਪੁੱਛਿਆ ਤੁਹਾਡੀ ਟ੍ਰੇਨ ਕਿੰਨੇ ਵਜੇ ਦੀ ਹੈ ਕਹਿੰਦੇ 7 ਵਜੇ ਦੀ ਹੈ , ਇਹੀ ਕਿਹਾ ਸੀ ਸ਼ਾਇਦ । ਮੈਂ ਕਿਹਾ ਸਟੇਸ਼ਨ ਤੇ ਕਿਵੇਂ ਜਾਉਗੇ ਕਹਿੰਦੇ ਫ੍ਰੀ ਬੱਸ ਜਾਂਦੀ ਹੈ । ਫ਼ੋਨ ਚੋਰੀ ਹੋ ਜਾਣ ਦੇ ਦੁੱਖ ਤੋਂ ਪਰੇਸ਼ਾਨ ਹੋਇਆਂ ਨੇ ਕੁਝ ਖਾਧਾ ਵੀ ਨਹੀਂ ਸੀ , ਫ਼ੋਨ ਦੇ ਕਵਰ ਵਿੱਚ ਹੀ ਕਾਰਡ ਸੀ ਉਹਨਾਂ ਦਾ ਪੈਸੇ ਨਿਕਾਲਣ ਵਾਲਾ । ਮੈਂ ਉਹਨਾਂ ਨੂੰ 500 ਰੁਪਏ ਨਿਕਾਲ ਕੇ ਉਸੇ ਸਮੇਂ ਦਿੱਤੇ , ਕਹਿੰਦੇ ਨਹੀਂ ਜੀ ਸਿਰਫ਼ 232 ਰੁਪਏ ਦੀ ਟਿਕਟ ਹੈ । ਕਹਿੰਦੇ ਤੁਸੀਂ ਆਪਣਾ ਨੰਬਰ ਦੇ ਦਿਉ ਅਸੀਂ ਜਾ ਕੇ ਤੁਹਾਨੂੰ ਪੈਸੇ ਭੇਜ ਦਿਆਂਗੇ ਜੀ । ਮੈਂ ਕਿਹਾ ਨਹੀਂ ਤੁਸੀਂ ਆਟੋ ਕਰਕੇ ਸਟੇਸ਼ਨ ਤੇ ਚਲੇ ਜਾਣਾ ਹੋ ਸਕਦਾ ਫਰੀ ਬੱਸ ਜੋ ਦਰਬਾਰ ਸਾਹਿਬ ਤੋਂ ਚਲਦੀ ਹੈ ਸਮੇਂ ਤੇ ਨਾ ਮਿਲੇ । ਉਹਨਾਂ ਦੀ ਟਰੇਨ ਦਾ ਸਮਾਂ ਵੀ ਹੋਣ ਵਾਲਾ ਸੀ । ਤੁਸੀਂ ਕੁਝ ਖਾ ਵੀ ਲੈਣਾ ਰਸਤੇ ਵਿੱਚ ਤੇ ਬਠਿੰਡੇ ਪਹੁੰਚ ਕੇ ਵੀ ਸਟੇਸ਼ਨ ਤੋਂ ਘਰ ਜਾਣ ਲਈ ਆਟੋ ਵਗੈਰਾ ਦੀ ਲੋੜ ਪਏਗੀ ਤੇ ਉਸਦਾ ਵੀ ਕਿਰਾਇਆ ਲੱਗੇਗਾ , ਤੁਸੀਂ 500 ਰੁਪਿਆ ਰੱਖ ਲੋ ਜ਼ਿਆਦਾ ਨਹੀਂ ਹਨ । ਮੇਰਾ ਆਸ਼ੀਰਵਾਦ ਸਮਝ ਕੇ ਰੱਖ ਲੈਣਾ । ਭਰੇ ਹੋਏ ਮਨ ਨਾਲ ਉਹਨਾਂ ਮੈਨੂੰ ਮੱਥਾ ਟੇਕ ਕੇ ਢੇਰ ਸਾਰੀਆਂ ਦੁਆਵਾਂ ਦੇ ਕੇ ਵਿਦਾ ਲਈ । ਮੈਂ ਸੁੰਨ ਹੋਈ , ਮਸੋਸੀ ਹੋਈ ਬੈਠੀ ਸੋਚ ਰਹੀ ਹਾਂ ਕਿ ਕਹਿੰਦੇ ਹਨ ਕਿ " ਗੁਰੂ ਦੀ ਗੋਲਕ ਗਰੀਬ ਦਾ ਮੂੰਹ " ਹੁੰਦੀ ਹੈ । ਹਰਿਮੰਦਰ ਸਾਹਿਬ ਉਹ ਧਾਰਮਿਕ ਅਸਥਾਨ ਹੈ ਜਿੱਥੇ ਕਿੰਨਾ ਹੀ ਚੜਾਵਾ ਚੜ੍ਹਦਾ ਹੈ । ਕੀ ਅਸੀਂ ਇਹੋ ਜਿਹੇ ਇਨਸਾਨ ਦੀ ਅਰਾਮ ਨਾਲ ਵਿੱਥਿਆ ਸੁਣ ਕੇ ਉਸਦੀ ਸਹਾਇਤਾ ਨਹੀਂ ਕਰ ਸਕਦੇ । ਮੰਨਿਆ ਕਿ ਬਹੁਤ ਨਜ਼ਾਇਜ਼ ਫ਼ਾਇਦੇ ਵੀ ਕੁਝ ਲੋਕ ਉਠਾ ਜਾਂਦੇ ਹਨ ਪਰ ਫਿਰ ਵੀ ਮੇਰੀ ਗੁਜ਼ਾਰਿਸ਼ ਹੈ ਕਮੇਟੀ ਮੈਂਬਰਜ਼ ਨੂੰ ਕਿ ਪੂਰੀ ਤਫ਼ਸੀਲ ਕਰਕੇ ਇਹੋ ਜਿਹੇ ਲੋੜਵੰਦ ਦੀ ਸਹਾਇਤਾ ਜ਼ਰੂਰ ਕੀਤੀ ਜਾਏ । ਮੈਂ ਇਸੇ ਲਈ ਮੈਸੇਜ ਰਿਕਾਰਡ ਕੀਤਾ ਸੀ ਕਿ ਮੈਂ ਕੁਝ ਸ਼੍ਰੋਮਣੀ ਕਮੇਟੀ ਮੈਂਬਰਜ਼ ਨੂੰ ਉਹ ਮੈਸੇਜ ਸੁਣਾਵਾਂਗੀ ਕਿ ਅਗਰ ਗੁਰੂ ਦੀ ਗੋਲਕ ਗਰੀਬ ਦਾ ਮੂੰਹ ਹੁੰਦੀ ਹੈ ਤਾਂ ਇਸ ਤਰਾਂ ਦੇ ਦੁਖਆਰਿਆਂ ਦੀ ਜ਼ਰੂਰ ਸਹਾਇਤਾ ਕੀਤੀ ਜਾਏ ।

( ਰਮਿੰਦਰ ਰੰਮੀ )

## ਸਾਹਿਬਜ਼ਾਦਿਆਂ ਨੂੰ ਯਾਦ ਕਰਦਿਆਂ...

# 'ਸਾਕਾ ਸਰਹਿੰਦ' ਕਿਉਂ ਵਾਪਰਿਆ?

'ਸਾਕਾ ਸਰਹਿੰਦ' ਦਾ ਅੱਖਰ-ਅੱਖਰ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜ਼ੁਲਮ ਸਾਹਮਣੇ ਸੀਸ ਝੁਕਾਉਣਾ ਅਣਖੀ ਲੋਕਾਂ ਦਾ ਕੰਮ ਨਹੀਂ ਅਤੇ ਨਾਲ ਹੀ ਇਹ ਸਾਕਾ ਇਸ ਗੱਲ ਦਾ ਪ੍ਰਤੀਕ ਹੈ ਕਿ ਜਦੋਂ ਕੋਈ ਮੌਤ 'ਸੁੱਤੇ ਹੋਏ ਲੋਕਾਂ ਨੂੰ ਜਗਾਉਣ ਲਈ' ਜਾਂ 'ਜ਼ੁਲਮ ਰਾਜ ਦੇ ਤਖਤਾਂ-ਤਾਜਾਂ ਨੂੰ ਹਿਲਾਉਣ ਲਈ ਹੋਈ ਹੋਵੇ' ਤਾਂ ਮੌਤ ਨੂੰ ਤੇ ਉਮਰ ਨੂੰ ਮਾਪਣ ਦੀ ਕੋਈ ਜ਼ਰੂਰਤ ਨਹੀਂ ਰਹਿ ਜਾਂਦੀ।

'ਸਾਕਾ ਸਰਹਿੰਦ' ਕਿਉਂ ਵਾਪਰਿਆ? ਆਨੰਦਪੁਰ ਸਾਹਿਬ ਦੀ ਲੜਾਈ ਜੋ ਇਤਿਹਾਸਕਾਰਾਂ ਅਨੁਸਾਰ ਮਈ 1704 ਈ: (ਸੰਮਤ 1761) ਨੂੰ ਸ਼ੁਰੂ ਹੋਈ ਸੀ, ਲਗਾਤਾਰ ਸੱਤ ਮਹੀਨੇ ਚੱਲਦੀ ਰਹੀ। ਕਿਲ੍ਹੇ ਦੇ ਅੰਦਰ ਸਿੰਘਾਂ ਕੋਲ ਰਾਸ਼ਨ ਪਾਣੀ ਮੁੱਕ ਗਿਆ ਅਤੇ ਉਧਰ ਪਹਾੜੀ ਰਾਜੇ ਅਤੇ ਮੁਗਲ ਫੌਜਾਂ ਵੀ ਹੋਰ ਬਹੁਤਾ ਚਿਰ ਲੜਨ ਦੇ ਸਮਰੱਥ ਨਹੀਂ ਸਨ। ਇਸ ਕਰਕੇ ਉਨ੍ਹਾਂ ਝੂਠੀਆਂ ਸਹੁੰਆਂ ਖਾ ਕੇ ਗੁਰੂ ਜੀ ਕੋਲੋਂ ਆਨੰਦਪੁਰ ਦਾ ਕਿਲ੍ਹਾ ਖਾਲੀ ਕਰਵਾ ਲਿਆ ਅਤੇ ਕਿਹਾ ਕਿ ਉਹ ਮੁੜ ਕੇ ਵਾਰ ਨਹੀਂ ਕਰਨਗੇ ਪਰ ਗੁਰੂ ਗੋਬਿੰਦ ਸਿੰਘ ਜੀ ਜਾਣਦੇ ਸਨ ਕਿ ਇਹ ਲੋਕ ਕਦੇ ਵੀ ਆਪਣੀ ਆਖੀ ਗੱਲ ਤੋਂ ਮੁਕਰ ਸਕਦੇ ਹਨ। ਇਸ ਦੇ ਬਾਵਜੂਦ ਮਾਤਾ ਗੁਜਰੀ ਜੀ ਅਤੇ ਕੁੱਝ ਸਿੰਘਾਂ ਦੇ ਕਹਿਣ 'ਤੇ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ ਅਤੇ ਰੋਪੜ ਦੇ ਇਲਾਕੇ ਵੱਲ ਵਧਣਾ ਸ਼ੁਰੂ ਕਰ ਦਿੱਤਾ। ਹਾਲੇ ਗੁਰੂ ਜੀ ਦਾ ਵਹੀਰ ਸਰਸਾ ਨਦੀ ਕੰਢੇ ਹੀ ਪਹੁੰਚਿਆ ਸੀ ਕਿ ਪਿੱਛੋਂ ਆ ਰਹੀ ਦੁਸ਼ਮਣ ਦੀ ਫੌਜ ਨੇ ਮੁੜ ਹਮਲਾ ਕਰ ਦਿੱਤਾ। ਸਰਸਾ ਨਦੀ ਵਿੱਚ ਉਸ ਵੇਲੇ ਹੜ੍ਹ ਆਇਆ ਹੋਇਆ ਸੀ। ਇਸ ਸਥਾਨ 'ਤੇ ਲਹੂ ਡੋਲਵੀਂ ਟੱਕਰ ਸ਼ੁਰੂ ਹੋਈ। ਬਹੁਤ ਕੀਮਤੀ ਇਤਿਹਾਸ ਸਰਸਾ ਨਦੀ ਵਿੱਚ ਰੁੜ ਗਿਆ। ਇਸੇ ਹੀ ਸਥਾਨ 'ਤੇ ਗੁਰੂ ਜੀ ਦੇ ਪਰਿਵਾਰ ਦਾ ਵਿਛੋੜਾ ਪੈ ਗਿਆ। ਵੱਡੇ ਸਾਹਿਬਜ਼ਾਦੇ, ਪਿਤਾ ਗੁਰੂ ਗੋਬਿੰਦ ਸਿੰਘ ਜੀ ਸਮੇਤ ਕੁੱਝ ਸਿੰਘਾਂ ਦੇ ਨਾਲ ਚਮਕੌਰ ਵੱਲ ਨੂੰ ਚਲੇ ਗਏ ਜਦਕਿ ਛੋਟੇ ਸਾਹਿਬਜ਼ਾਦੇ ਅਤੇ ਬਿਰਧ ਮਾਂ ਗੁਜਰੀ ਜੀ ਇਕੱਲੇ ਰਹਿ ਗਏ। ਪੋਹ ਦੀ ਰੁੱਤ, ਕਹਿਰਾਂ ਦੀ ਸਰਦੀ ਦੋ ਛੋਟੇ ਛੋਟੇ ਬਾਲ ਦਾਦੀ ਦੀ ਉਂਗਲੀ ਫੜ ਕੇ ਜੰਗਲਾਂ ਵਿੱਚ ਦੀ ਹੁੰਦੇ ਹੋਏ ਹਨੇਰੇ ਨੂੰ ਚੀਰਦੇ ਆਪਣੀ ਜ਼ਿੰਦਗੀ ਦੇ ਔਕੜਾਂ ਭਰੇ ਸਫ਼ਰ ਨੂੰ ਤਹਿ ਕਰ ਰਹੇ ਸਨ। ਇੰਝ ਤੁਰਦੇ-ਤੁਰਦੇ ਉਹ ਗੁਰੂ ਘਰ ਦੇ ਰਸੋਈਏ ਗੰਗੂ ਦੇ ਪਿੰਡ ਸਹੇੜੀ ਜਾ ਪਹੁੰਚੇ। ਉਹ ਬੱਚਿਆਂ ਅਤੇ ਦਾਦੀ ਜੀ ਨੂੰ ਆਪਣੇ ਘਰੇ ਲੈ ਗਿਆ। ਦਾਦੀ ਜੀ ਕੋਲ ਕੁੱਝ ਗਹਿਣੇ ਅਤੇ ਕੁੱਝ ਪੈਸੇ ਸਨ। ਬੱਸ ਇਨ੍ਹਾਂ ਗਹਿਣਿਆਂ ਦੀ ਚਮਕ ਨੇ ਉਸ ਨੂੰ ਅੰਨ੍ਹਾ ਕਰ ਦਿੱਤਾ ਅਤੇ ਉਹ ਇਨ੍ਹਾਂ ਕੀਮਤੀ ਵਸਤਾਂ ਨੂੰ ਹਾਸਲ ਕਰਨ ਲਈ ਹੀਰਿਆਂ ਤੋਂ ਵੀ ਸੋਹਣੇ ਛੋਟੇ ਬੱਚਿਆਂ ਦੀ ਮੌਤ ਦਾ ਕਾਰਨ ਬਣਿਆ।

ਸਹੇੜੀ ਦੇ ਚੌਧਰੀ ਅਤੇ ਗੰਗੂ ਨੇ ਇਸ ਗੱਲ ਦੀ ਇਤਲਾਹ ਮੋਰਿੰਡੇ ਦੇ ਰੰਘੜ ਨੂੰ ਦਿੱਤੀ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਅਤੇ ਮਾਤਾ ਨੂੰ ਵਜ਼ੀਰ ਖਾਨ ਕੋਲ ਫੜਾ ਕੇ ਵੱਡਾ ਇਨਾਮ ਜਿੱਤਣਾ ਚਾਹੁੰਦੇ ਸਨ। ਇਸ ਤਰ੍ਹਾਂ ਉਨ੍ਹਾਂ ਤਿੰਨਾਂ ਨੇ ਮਿਲ ਕੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦਾ ਬੰਦੀ ਬਣਾ ਦਿੱਤਾ। ਸਾਹਿਬਜ਼ਾਦਿਆਂ ਨੂੰ ਅਤੇ ਦਾਦੀ ਜੀ ਨੂੰ ਇੱਕ ਰਾਤ ਠੰਢੇ ਬੁਰਜ ਵਿੱਚ ਰੱਖਿਆ ਗਿਆ। ਪੋਹ ਦੀ ਠੰਡੀ ਹਵਾ ਕਲੇਜਿਆਂ ਨੂੰ ਚੀਰ ਕੇ ਲੰਘ ਰਹੀ ਸੀ ਪਰ ਸਿਦਕ ਦੇ ਪੱਕੇ ਸ਼ਹੀਦ ਦਾਦੇ ਦੇ ਪੋਤੇ ਆਪਣੀ ਦਾਦੀ ਮਾਂ ਦੀ ਨਿੱਘੀ ਬੁੱਕਲ ਦਾ ਆਨੰਦ ਮਾਣ ਰਹੇ ਸਨ। 24 ਦਸੰਬਰ 1704 ਈ: ਦਾ ਦਿਨ ਚੜ੍ਹਿਆ, ਠੰਡੇ ਬੁਰਜ ਵਿੱਚੋਂ ਸਾਹਿਬਜ਼ਾਦਿਆਂ ਨੂੰ ਲੈਣ ਲਈ ਸਿਪਾਹੀ ਆਏ। ਇਸ ਸਥਿਤੀ ਦਾ ਜ਼ਿਕਰ ਅੱਲ੍ਹਾ ਯਾਰ ਖਾਂ ਜੋਗੀ 'ਸ਼ਹੀਦਾਨਿ ਵਫ਼ਾ' ਵਿੱਚ ਇਸ ਤਰ੍ਹਾਂ ਕਰਦਾ ਹੈ:

ਜਾਨੇ ਸੇ ਪਹਿਲੇ ਆਓ ਗਲੇ ਸੇ ਲਗਾ ਤੋ ਲੂੰ,
ਕੇਸੋਂ ਕੋ ਕੰਘੀ ਕਰੂੰ ਜਰਾ ਧੁਲਾ ਤੋ ਲੂੰ,
ਪਿਆਰੇ ਸਰੋਂ ਪੇ ਨੰਨ੍ਹੀ ਸੀ ਕਲਗੀ ਸਜਾ ਤੋ ਲੂੰ,
ਮਰਨ ਸੇ ਪਹਿਲੇ ਤੁਮ ਕੋ ਦੁਲਹਾ ਬਨਾ ਤੋ ਲੂੰ।

ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ, ਸੂਰਮਿਆਂ ਨੇ ਕਚਿਹਰੀ ਵਿੱਚ ਖਲੋ ਕੇ, ਗੱਜ ਕੇ ਫਤਹਿ ਬੁਲਾਈ। ਇਹ ਦੇਖ ਕੇ ਸੂਬਾ ਕੰਬ ਉੱਠਿਆ। ਕਹਿੰਦੇ ਹਨ ਜਿਸ ਦਰਵਾਜ਼ੇ ਰਾਹੀਂ ਸਾਹਿਬਜ਼ਾਦਿਆਂ ਨੂੰ ਕਚਿਹਰੀ ਵਿੱਚ ਲਿਆਂਦਾ ਗਿਆ ਉਹ ਬਹੁਤ ਨੀਵਾਂ ਸੀ ਤਾਂ ਕਿ ਜਦੋਂ ਉਹ ਅੰਦਰ ਵੜਨ ਤਾਂ ਉਨ੍ਹਾਂ ਦੀ ਨੀਵੀਂ ਪੈ ਜਾਵੇ ਪਰ ਅਣਖ ਨਾਲ ਜਿਉਣ ਵਾਲੇ ਸੂਰਮਿਆਂ ਦੀ ਧੌਣ ਕਾਇਰਾਂ ਸਾਹਮਣੇ ਨਹੀਂ ਝੁਕ ਸਕਦੀ।

ਸੂਬੇ ਨੇ ਸਾਹਿਬਜ਼ਾਦਿਆਂ ਨੂੰ ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੱਤੇ ਤਾਂ ਕਿ ਉਹ ਸਿੱਖ ਧਰਮ ਨੂੰ ਛੱਡ ਕੇ ਇਸਲਾਮ ਕਬੂਲ ਕਰ ਲੈਣ। ਸੂਰਜ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਮੋਰਿੰਡੇ ਦੇ ਇੱਕ ਅਹਿਲਕਾਰ ਨੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਉਨ੍ਹਾਂ ਦੇ ਪਿਤਾ ਜੀ ਅਤੇ ਭਰਾ ਚਮਕੌਰ ਦੀ ਜੰਗ ਵਿੱਚ ਮਾਰੇ ਗਏ ਹਨ। ਇਸ ਕਰਕੇ ਉਨ੍ਹਾਂ ਦਾ ਕੋਈ ਆਸਰਾ ਨਹੀਂ ਰਿਹਾ। ਜੇ ਉਹ ਇਸਲਾਮ ਕਬੂਲ ਕਰ ਲੈਣ ਤਾਂ ਵਜ਼ੀਰ ਖਾਨ ਉਨ੍ਹਾਂ ਦੀ ਰੱਖਿਆ ਕਰ ਸਕਦਾ ਹੈ। ਸੂਰਜ ਪ੍ਰਕਾਸ਼ ਅਨੁਸਾਰ:

ਸਾਹਿਬਜ਼ਾਦਿਓ ਪਿਤਾ ਤੁਹਾਰਾ ਗੜ੍ਹ ਚਮਕੌਰ ਘੇਰ ਗਹਿ ਮਾਰਾ।
ਤਹਿ ਤੁਮਰੇ ਦੈ ਭ੍ਰਾਤ ਪ੍ਰਹਾਰੇ ਸੰਗੀ ਸਿੰਘ ਸਕਲ ਸੋ ਮਾਰੇ।
ਅੱਗੋਂ ਸਾਹਿਬਜ਼ਾਦਿਆਂ ਨੇ ਜੁਆਬ ਦਿੱਤਾ:
ਸ੍ਰੀ ਸਤਿਗੁਰੂ ਜੋ ਪਿਤਾ ਹਮਾਰਾ ਜਗ ਮਹਿੰ ਕੌਨ ਸਕੇ ਤਿੰਹ ਮਾਰਾ।
ਜਿੰਮ ਆਕਾਸ਼ ਕੋ ਕਿਆ ਕੋਈ ਮਾਰਹਿ ਕੌਨ ਅੰਧੇਰੀ ਕੋ ਨਿਰਵਾਰਹਿ।

ਸੂਬੇ ਦੀ ਗੱਲ ਸੁਣ ਕੇ ਸਾਹਿਬਜ਼ਾਦਿਆਂ ਨੇ ਜੁਆਬ ਦਿੱਤਾ ਕਿ ਉਨ੍ਹਾਂ ਨੂੰ ਤਾਂ ਅਕਾਲ ਪੁਰਖ ਦੇ ਆਸਰੇ ਦੀ ਲੋੜ ਹੈ। ਹੋਰ ਕੋਈ ਆਸਰੇ ਦੀ ਲੋੜ ਨਹੀਂ। ਸੂਬੇ ਨੂੰ ਜਦੋਂ ਕੋਈ ਗੱਲ ਰਾਹ ਪੈਂਦੀ ਨਾ ਦਿਸੀ ਤਾਂ ਉਸ ਨੇ ਸਾਹਿਬਜ਼ਾਦਿਆਂ ਨੂੰ ਇੱਕ ਰਾਤ ਹੋਰ ਠੰਢੇ ਬੁਰਜ ਵਿੱਚ ਰੱਖਣ ਦਾ ਹੁਕਮ ਕੀਤਾ। ਭੁੱਖੇ ਤਿਹਾਏ ਛੋਟੇ ਬੱਚੇ ਦੂਜੇ ਦਿਨ ਬੁਰਜ ਦੀ ਤਸੀਹਿਆਂ ਭਰੀ ਰਾਤ ਪਲ-ਪਲ ਕਰ ਕੇ ਗੁਜ਼ਾਰ ਰਹੇ ਸਨ। ਇਸ ਸਮੇਂ ਹੀ ਗੁਰੂ ਘਰ ਦਾ ਇੱਕ ਪ੍ਰੇਮੀ ਬਾਬਾ ਮੋਤੀ ਰਾਮ ਮਹਿਰਾ ਜੋ ਕਿ ਵਜ਼ੀਰ ਖਾਨ ਦੇ ਲੰਗਰ ਵਿੱਚ ਨੌਕਰੀ ਕਰਦਾ ਸੀ, ਦੁੱਧ ਦੀ ਗੜਵੀ ਲੈ ਕੇ ਬੁਰਜ ਵਿੱਚ ਪਹੁੰਚਿਆ। ਰਸਤੇ ਵਿੱਚ ਕਿਸੇ ਪਹਿਰੇਦਾਰ ਨੇ ਬਾਬਾ ਜੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਮੋਹਰਾਂ ਅਤੇ ਪੈਸੇ ਵੀ ਦੇਣੇ ਪਏ। ਮਾਤਾ ਗੁਜਰੀ ਜੀ ਨੇ ਦੁੱਧ ਪੋਤਿਆਂ ਨੂੰ ਛਕਾਇਆ ਅਤੇ ਬਾਬਾ ਮੋਤੀ ਰਾਮ ਮਹਿਰਾ ਦਾ ਧੰਨਵਾਦ ਕੀਤਾ:

ਪਿਖ ਕੇ ਪ੍ਰੇਮ ਸੁ ਮੋਤੀ ਕੇਰਾ,
ਮਾਤਾ ਕਹਯੋ ਭਲਾ ਹੋਵੈ ਤੇਰਾ।

ਸਾਹਿਬਜ਼ਾਦਿਆਂ ਦੀ ਦੂਸਰੀ ਪੇਸ਼ੀ 25 ਦਸੰਬਰ 1704 ਈ. ਨੂੰ ਹੋਈ। ਜਦੋਂ ਸਿਪਾਹੀ ਬੱਚਿਆਂ ਨੂੰ ਲੈਣ ਆਏ ਤਾਂ ਦਾਦੀ ਮਾਂ ਨੇ ਲਾਲ ਦੇ ਲਾਲਾਂ ਦੇ ਮੁੱਖ ਚੁੰਮੇ ਅਤੇ ਉਨ੍ਹਾਂ ਨੂੰ ਸਿਦਕ ਦੇ ਪੱਕੇ ਰਹਿਣ ਦੀ ਪ੍ਰੇਰਨਾ ਦਿੱਤੀ। ਸਾਹਿਬਜ਼ਾਦਿਆਂ ਨੇ ਕਚਿਹਰੀ ਵਿੱਚ ਜਾ ਕੇ ਗੱਜ ਕੇ ਫ਼ਤਹਿ ਬੁਲਾਈ। ਸੂਬੇ ਨੇ ਫਿਰ ਉਹੀ ਇਸਲਾਮ ਕਬੂਲ ਕਰਨ ਦੀ ਪੇਸ਼ਕਾਰੀ ਕੀਤੀ ਪਰ ਸਾਹਿਬਜ਼ਾਦਿਆਂ ਨੇ ਮੁੜ ਇਸ ਨੂੰ ਠੁਕਰਾ ਦਿੱਤਾ। ਵਜ਼ੀਰ ਖਾਨ ਨੇ ਬੱਚਿਆਂ ਤੋਂ ਪੁੱਛਿਆ ਕਿ ਜੇ ਉਨ੍ਹਾਂ ਨੂੰ ਛੱਡ ਦਿੱਤਾ ਜਾਵੇ ਤਾਂ ਉਹ ਕੀ ਕਰਨਗੇ। ਉਨ੍ਹਾਂ ਜਵਾਬ ਦਿੱਤਾ ਕਿ ਉਹ ਆਪਣੇ ਪਿਤਾ ਵਾਂਗ ਸ਼ੇਰਾਂ ਦੀ ਫੌਜ ਤਿਆਰ ਕਰਨਗੇ ਅਤੇ ਉਸ (ਵਜ਼ੀਰ ਖਾਨ) ਵਰਗੇ ਗਿੱਦੜਾਂ ਦੇ ਤਖ਼ਤ-ਤਾਜ਼ ਹਿਲਾ ਕੇ ਰੱਖ ਦੇਣਗੇ। ਸੂਬੇ ਨੇ ਆਪਣੀ ਹਾਰ ਲੁਕਾਉਣ ਲਈ ਕਾਜ਼ੀ ਕੋਲੋਂ ਫ਼ਤਵਾ ਲਵਾਇਆ। ਕਾਜ਼ੀ ਨੇ ਸ਼ਰ੍ਹਾ ਦੀ ਕਿਤਾਬ ਫੋਲਦਿਆਂ ਕਿਹਾ ਕਿ ਬਾਗੀ ਦੇ ਪੁੱਤਰਾਂ ਨੂੰ ਜਿਉਂਦਿਆਂ ਨੂੰ ਨੀਹਾਂ ਵਿੱਚ ਚਿਣ ਦੇਣਾ ਚਾਹੀਦਾ ਹੈ। ਇਹ ਉਹ ਕੁਲਿਹਣੀ ਘੜੀ ਸੀ ਜਿਸ ਨੂੰ ਸੁਣ ਕੇ ਧਰਤੀ ਕੰਬੀ, ਅਸਮਾਨ ਡੋਲਿਆ, ਪੱਥਰ ਮੋਮ ਵਾਂਗ ਪਿਘਲ ਗਏ ਅਤੇ ਹਜ਼ਰਤ ਮੁਹੰਮਦ ਸਾਹਿਬ ਨੇ ਅਰਸ਼ਾਂ 'ਚੋਂ ਖ਼ੂਨ ਦੇ ਅੱਥਰੂ ਵਹਾਏ। ਜਿਸ ਸਮੇਂ ਇਹ ਫ਼ੈਸਲਾ ਸੁਣਾਇਆ ਗਿਆ ਉਸ ਵੇਲੇ ਮਾਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਨ ਵੀ ਉਥੇ ਮੌਜੂਦ ਸੀ। ਉਹ ਉਠ ਖਲੋਤਾ ਅਤੇ 'ਹਾਅ ਦਾ ਨਾਅਰਾ' ਮਾਰਿਆ। ਉਸ ਨੇ ਕਿਹਾ ਕਿ ਬੱਚਿਆਂ 'ਤੇ ਜ਼ੁਲਮ ਕਰਨਾ ਬਹੁਤ ਵੱਡਾ ਪਾਪ ਹੈ। ਇਸਲਾਮ ਇਸ ਪਾਪ ਦੀ ਮਨਜ਼ੂਰੀ ਨਹੀਂ ਦਿੰਦਾ। ਇਸ ਹਾਅ ਦੇ ਨਾਅਰੇ ਨੂੰ ਸੁਣ ਕੇ ਵਜ਼ੀਰ ਖਾਨ ਦਾ ਮਨ ਕੁੱਝ ਬਦਲਿਆ ਪਰ ਕੋਲ ਬੈਠੇ ਸੁੱਚਾ ਨੰਦ ਨੇ ਭਾਨੀ ਮਾਰਦਿਆਂ ਕਿਹਾ, ''ਵਜ਼ੀਰ ਖਾਨ ਇਨ੍ਹਾਂ ਬੱਚਿਆਂ ਨੂੰ ਜਿਉਂਦੇ ਛੱਡ ਕੇ ਤੂੰ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ ਕਿਉਂਕਿ ਦੁਸ਼ਮਣ ਨੂੰ ਅਤੇ ਸੱਪ ਨੂੰ ਭੁੱਲ ਜਾਣਾ ਬਹੁਤ ਵੱਡੀ ਗਲਤੀ ਹੈ।'' ਬੱਸ ਫਿਰ ਕੀ ਸੀ ਉਹ ਅੰਤਿਮ ਘੜੀ ਆ ਗਈ। ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਨੂੰ ਨੀਹਾਂ ਵਿੱਚ ਚਿਣ ਦਿੱਤਾ ਗਿਆ। ਹਾਲੇ ਕੰਧ ਛਾਤੀ ਤੱਕ ਪਹੁੰਚੀ ਸੀ ਕਿ ਇੱਟਾਂ ਦਾ ਇਹ ਢਾਂਚਾ ਧੜੰਮ ਡਿੱਗ ਪਿਆ। ਸਾਹਿਬਜ਼ਾਦਿਆਂ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਹੀ ਜੇਲ੍ਹ ਭੇਜ ਦਿੱਤਾ ਗਿਆ ਅਤੇ ਉਹ ਮੁੜ ਹੋਸ਼ ਵਿੱਚ ਆ ਗਏ।

ਕੁੱਝ ਇਤਿਹਾਸਕਾਰਾਂ ਅਨੁਸਾਰ ਤੀਜੀ ਪੇਸ਼ੀ 26 ਦਸੰਬਰ ਨੂੰ ਅਤੇ ਕੁੱਝ ਮੁਤਾਬਿਕ 27 ਦਸੰਬਰ 1704 ਈ. ਨੂੰ ਹੋਈ। ਇਸਲਾਮ ਧਾਰਨ ਕਰਨ ਦੀ ਰਟ ਮੁੜ ਦੁਹਰਾਈ ਗਈ ਪਰ ਸਾਹਿਬਜ਼ਾਦਿਆਂ ਨੇ ਸਿਦਕ ਦੇ ਪੱਕੇ ਰਹਿਣ ਦਾ ਪ੍ਰਣ ਦੁਹਰਾਇਆ ਅਤੇ ਸੂਬੇ ਨੇ ਬੱਚਿਆਂ ਦੇ ਸਿਰ ਕਲਮ ਕਰਨ ਦਾ ਹੁਕਮ ਦਿੱਤਾ। ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਦੋ ਭਰਾਵਾਂ ਨੇ ਸਾਹਿਬਜ਼ਾਦਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਉਹ ਕਿਹੜੀ ਅੱਖ ਸੀ ਜਿਹੜੀ ਇਸ ਗੱਲ ਨੂੰ ਸੁਣ ਕੇ ਨਾ ਰੋਈ ਹੋਵੇ। ਇਸ ਬਾਰੇ 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਲਿਖਦੇ ਹਨ:

ਸ਼ਾਸ਼ਲ ਬੇਗ ਅਰ ਬਾਸ਼ਲ ਬੇਗ।
ਉਭੈ ਜਲਾਦਨ ਖਿਚ ਕੈ ਤੇਗ।
ਤਿਸਹੀ ਠਉਰ ਖਰਿਓ ਕੈ ਸੀਸ।
ਤੁਰਤ ਉਤਾਰੇ ਦੁਸ਼ਟੈਂ ਰੀਸ।
ਤੇਰਾਂ ਪੋਹ ਥਾ ਮੰਗਲਵਾਰ।
ਮਚਿਓ ਸ਼ਹਿਰ ਮੇਂ ਹਾਹਾਕਾਰ।

ਇਸ ਤਰ੍ਹਾਂ ਸਾਹਿਬਜ਼ਾਦਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਇਹ ਸਪੱਸ਼ਟ ਹੈ ਕਿ ਸਾਹਿਬਜ਼ਾਦਿਆਂ ਦੀ ਮੌਤ ਨੀਹਾਂ ਵਿੱਚ ਦਮ ਘੁੱਟਣ ਕਰ ਕੇ ਨਹੀਂ ਹੋਈ ਸਗੋਂ ਉਨ੍ਹਾਂ ਦੇ ਸਿਰ ਕਲਮ ਕੀਤੇ ਗਏ। ਇਸ ਦੁਖ਼ਦਾਈ ਖ਼ਬਰ ਦਾ ਪਤਾ ਜਦੋਂ ਮਾਤਾ ਗੁਜਰੀ ਜੀ ਨੂੰ ਲੱਗਿਆ ਤਾਂ ਉਨ੍ਹਾਂ ਤੋਂ ਇਹ ਸਦਮਾ ਬਰਦਾਸ਼ਤ ਨਹੀਂ ਹੋਇਆ ਤੇ ਉਹ ਵੀ ਜੋਤੀ ਜੋਤ ਸਮਾ ਗਏ। ਕਈ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਮਾਤਾ ਗੁਜਰੀ ਜੀ ਨੂੰ ਬੁਰਜ ਤੋਂ ਧੱਕਾ ਦੇ ਦਿੱਤਾ ਗਿਆ ਸੀ। ਪਰ ਇਹ ਗੱਲਾਂ ਇਤਿਹਾਸਕ ਪੱਖ 'ਤੇ ਖਰੀ ਆਂ ਨਹੀਂ ਉਤਰਦੀਆਂ। ਮਾਤਾ ਜੀ ਬਿਰਧ ਅਵਸਥਾ ਵਿੱਚ ਸਨ। ਤਿੰਨ-ਚਾਰ ਦਿਨਾਂ ਤੋਂ ਭੁੱਖਣ-ਭਾਣੇ ਠੰਢੇ ਬੁਰਜ ਵਿੱਚ ਕੈਦ ਸਨ। ਪੋਹ ਦੀ ਠੰਢੀ ਹਵਾ ਅਤੇ ਭੁੱਖ ਨੇ ਹੀ ਆਪਣਾ ਸਰੀਰ ਕਾਫ਼ੀ ਕਮਜ਼ੋਰ ਕਰ ਦਿੱਤਾ ਸੀ ਤੇ ਇਸੇ ਤਰ੍ਹਾਂ ਉਹ ਵੀ ਸਰੀਰ ਤਿਆਗ ਗਏ।

ਟੋਡਰ ਮੱਲ ਖੱਤਰੀ ਨੇ ਮੋਹਰਾਂ ਵਿਛਾ ਕੇ ਜ਼ਮੀਨ ਖਰੀਦੀ ਅਤੇ ਤਿੰਨਾਂ ਦੇਹਾਂ ਦਾ ਸਸਕਾਰ ਕਰ ਦਿੱਤਾ। ਇਹ ਸ਼ਹੀਦੀ ਸਾਕਾ 13 ਪੋਹ ਸੰਮਤ 1761 ਨੂੰ ਵਾਪਰਿਆ। ਭਾਵੇਂ ਵਜ਼ੀਰ ਖਾਨ ਨੇ ਦੋ ਚਮਕਦੇ ਹੀਰਿਆਂ ਨੂੰ ਬਿਨਾਂ ਕਸੂਰ ਤੋਂ ਮਿੱਟੀ ਵਿੱਚ ਰੋਲ ਦਿੱਤਾ ਪਰ ਉਹ ਸੂਰਮੇ ਤਾਂ ਅਮਰ ਹਨ। ਉਨ੍ਹਾਂ ਦੀ ਸ਼ਹੀਦੀ ਨੇ 'ਬੰਦੇ' ਵਰਗੇ ਵੈਰਾਗੀ ਸਾਧੂਆਂ ਦੇ ਮਨ 'ਤੇ ਅਜਿਹਾ ਅਸਰ ਕੀਤਾ ਕਿ ਜਿਹੜੇ ਡੇਰੇ ਦੇ ਆਲੇ ਦੁਆਲੇ ਖ਼ੂਨ ਦਾ ਛਿੱਟਾ ਡੁੱਲ੍ਹਿਆ ਵੀ ਬਰਦਾਸ਼ਤ ਨਹੀਂ ਸਨ ਕਰਦੇ, ਐਨੇ ਡੁੱਲ੍ਹੇ ਖ਼ੂਨ ਨੂੰ ਦੇਖ ਕੇ ਪਾਪੀ ਕੋਲੋਂ ਬਦਲਾ ਲੈਣ ਦੀ ਪੱਕੀ ਧਾਰ ਗਏ ਅਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ।

ਖ ਰੀ ਚਾਰ ਦਿਨਾਂ ਅਤੇ ਭੁੱਖ ਨੇ ਹੀ ਆ ਪ ਣਾ





ਡਾ. ਅਮਨਦੀਪ ਸਿੰਘ
ਟੱਲੇਵਾਲੀਆ,
98146-99446

# ਕੈਨੇਡਾ ਦੀ ਸੈਰ




ਰੀਵਿਊਕਾਰ: ਬਲਜਿੰਦਰ ਮਾਨ

ਕਹਾਣੀਕਾਰ: ਅਮਨਦੀਪ ਸਿੰਘ ਨੌਰਾ ਪ੍ਰਕਾਸ਼ਕ: ਅਮਨ ਪ੍ਰਕਾਸ਼ਨ ਅਮਰੀਕਾ ਪੰਨੇ: 52, ਮੁੱਲ: 150 ਰੁਪਏ

ਬਾਲ ਕਹਾਣੀ ਦੀ ਸਿਰਜਣਾ ਕਰਨਾ ਹਾਰੀ ਸਾਰੀ ਦਾ ਕੰਮ ਨਹੀਂ । ਖਾਸ ਕਰਕੇ ਵਿਗਿਆਨਿਕ ਕਹਾਣੀਆਂ ਦੀ ਸਿਰਜਣਾ ਤਾਂ ਇੱਕ ਬੜੀ ਵੱਡੀ ਪ੍ਰੀਖਿਆ ਹੈ। ਜਿਸ ਵਿੱਚੋਂ ਸਾਹਿਤਕਾਰ ਨੂੰ ਬੜੀ ਮਿਹਨਤ ਅਤੇ ਲਗਨ ਨਾਲ ਲੰਘਣਾ ਪੈਂਦਾ ਹੈ। ਦੇਸ਼ ਦੁਨੀਆਂ ਵਿੱਚ ਪੰਜਾਬੀ ਬੱਚਿਆਂ ਨੂੰ ਵਿਗਿਆਨਿਕ ਸੋਚ ਪ੍ਰਦਾਨ ਕਰਨ ਦੇ ਉਦੇਸ਼ ਨਾਲ ਡਾ. ਡੀ ਪੀ ਸਿੰਘ, ਪ੍ਰਿੰਸੀਪਲ ਹਰੀ ਕ੍ਰਿਸ਼ਨ ਮਾਇਰ, ਡਾ. ਸੋਨੀਆ ਚਹਿਲ ਅਤੇ ਅਮਨਦੀਪ ਸਿੰਘ ਨੌਰਾ ਵਰਗੇ ਸਾਹਿਤਕਾਰ ਇਸ ਖੇਤਰ ਵਿੱਚ ਸਰਗਰਮ ਯੋਗਦਾਨ ਪਾ ਰਹੇ ਹਨ। ਅਮਰੀਕਾ ਵਾਸਦਾ ਮਾਹਿਰ ਇੰਜਨੀਅਰ ਸਾਹਿਤ ਦਾ ਸਿਰਜਕ ਵੀ ਹੈ। ਉਹ ਪੰਜਾਬੀ ਵਿਗਿਆਨ ਗਲਪ ਦੀਆਂ ਕਿਤਾਬਾਂ ਦੀ ਸਿਰਜਣਾ ਕਰਦਾ ਹੈ। ਵਿਗਿਆਨਿਕ ਬਾਲ ਕਵਿਤਾਵਾਂ, ਲੇਖ ਅਤੇ ਕਹਾਣੀਆਂ ਉਸ ਦੇ ਮੁੱਖ ਸ਼ੌਕ ਹਨ। ਉਹ ਆਪਣੇ ਵਿਗਿਆਨਕ ਰਸਾਲੇ ਰਾਹੀਂ ਗਿਆਨ ਵਿਗਿਆਨ ਦਾ ਪ੍ਰਚਾਰ ਤੇ ਪ੍ਰਸਾਰ ਦੇਸ਼ ਦੁਨੀਆਂ ਵਿੱਚ ਕਰ ਰਿਹਾ ਹੈ।

ਹੱਥਲੀ ਪੁਸਤਕ 'ਕੈਨੇਡਾ ਦੀ ਸੈਰ' ਰਾਹੀਂ ਵੀ ਸਾਹਿਤਕਾਰ ਅਮਨਦੀਪ ਸਿੰਘ ਨੌਰਾ ਨੇ ਪੰਜਾਬੀ ਭਾਸ਼ਾ ਵਿੱਚ ਪੰਜਾਬੀ ਬੱਚਿਆਂ ਲਈ ਗਿਆਨ ਵਿਗਿਆਨ ਦਾ ਇੱਕ ਟਹਿਕਦਾ ਤੇ ਮਹਿਕਦਾ ਬਾਗ ਲਗਾਇਆ ਹੈ ਜਿਸ ਵਿੱਚੋਂ ਹਰ ਪਾਠਕ ਆਪਣੀ ਲੋੜ ਅਨੁਸਾਰ ਫੁੱਲ ਅਤੇ ਮਹਿਕ ਲੈ ਸਕਦਾ ਹੈ। ਕੁਦਰਤ ਨਾਲ ਹੁੰਦੀ ਛੇੜਛਾੜ ਅਤੇ ਕੁਦਰਤੀ ਵਰਤਾਰਿਆਂ ਤੋਂ ਨਾ ਵਾਕਿਫ਼ ਬੱਚਿਆਂ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ ਕਿਉਂਕਿ ਇਸ ਰਾਹੀਂ ਸਾਨੂੰ ਸਿਰਫ਼ ਤੇ ਸਿਰਫ਼ ਕੈਨੇਡਾ ਦੀ ਸੈਰ ਦਾ ਆਨੰਦ ਹੀ ਨਹੀਂ ਮਿਲਦਾ ਸਗੋਂ ਗਿਆਨ ਵਿਗਿਆਨ ਦੇ ਬੰਦ ਦਰਵਾਜੇ ਵੀ ਖੁੱਲਦੇ ਜਾਂਦੇ ਹਨ। ਛੇ ਕਹਾਣੀਆਂ ਦਾ ਇਹ ਪ੍ਰੇਰਨਾਦਾਇਕ, ਸਿੱਖਿਆਦਾਇਕ ਅਤੇ ਲਾਭਦਾਇਕ ਕਹਾਣੀ ਸੰਗ੍ਰਹਿ ਹੈ। ਪੁਸਤਕ ਨੂੰ ਪੜ੍ਹਦਿਆਂ ਦੇਸ਼ ਦੁਨੀਆਂ ਦੀ ਸੈਰ ਹੁੰਦੀ ਹੈ ਕਿਉਂਕਿ ਵੱਖ-ਵੱਖ ਦੇਸ਼ਾਂ ਵਿੱਚ ਪੱਤਿਆਂ ਦੇ ਬਦਲਦੇ ਰੰਗ ਅਤੇ ਕੁਦਰਤ ਦੇ ਕ੍ਰਿਸ਼ਮੇ ਇਸ ਪੁਸਤਕ ਵਿੱਚ ਦਰਸਾਏ ਗਏ ਹਨ। ਇਹਨਾਂ ਕਹਾਣੀਆਂ ਵਿੱਚ ਰੌਚਕਤਾ ਭਰਨ ਲਈ ਕਹਾਣੀਕਾਰ ਨੇ ਪੰਜਾਬੀ ਵਿਰਾਸਤ ਦੀਆਂ ਬਾਤਾਂ ਵੀ ਪਾਈਆਂ ਹਨ। ਸਾਡਾ ਭਵਿੱਖ ਕਿਹੋ ਜਿਹਾ ਬਣੇਗਾ ਅਤੇ ਭਵਿੱਖ ਦਾ ਨਿਰਮਾਣ ਅਸੀਂ ਕਿਵੇਂ ਕਰਨਾ ਹੈ?ਇਹ ਸਭ ਵਿਸ਼ੇ ਇਹਨਾਂ ਕਹਾਣੀਆਂ ਵਿੱਚ ਨਿਖਾਰੇ ਤੇ ਵਿਚਾਰੇ ਗਏ ਹਨ। ਧਰਤੀ ਤੇ ਆਏ ਜੀਵਨ ਬਾਰੇ ਵੀ ਬੜੀ ਰੌਚਕ ਜਾਣਕਾਰੀ ਦਰਜ ਹੈ। ਇਸ ਪੁਸਤਕ ਦੀ ਵਿਸ਼ੇਸ਼ ਗੱਲ ਇਹ ਹੈ ਕਿ ਹਰ ਕਹਾਣੀ ਮਗਰ ਵਿਗਿਆਨਿਕ ਖੋਜ ਦੇ ਤੱਥ ਪੇਸ਼ ਕੀਤੇ ਗਏ ਹਨ ਜਿਸ ਨਾਲ ਵਿਦਿਆਰਥੀਆਂ ਦੇ ਗਿਆਨ ਵਿੱਚ ਚੋਖਾ ਵਾਧਾ ਹੋ ਜਾਂਦਾ ਹੈ। ਜਿੱਥੇ ਇਹਨਾਂ ਕਹਾਣੀਆਂ ਵਿੱਚੋਂ ਕਥਾ ਰਸ ਮਿਲਦਾ ਹੈ ਉੱਥੇ ਵਿਗਿਆਨਿਕ ਜਾਣਕਾਰੀ ਵੀ ਇਕੱਤਰ ਹੁੰਦੀ ਹੈ। ਪੁਸਤਕ ਵਿੱਚ ਦਰਜ ਪਹਿਲੀ ਕਹਾਣੀ ਕਨੇਡਾ ਦੀ ਸੈਰ ਰਾਹੀਂ ਕਨੇਡਾ ਦੀ ਸੈਰ ਕਰਵਾਈ ਗਈ ਹੈ ਜਿਸ ਵਿੱਚ ਵਿਗਿਆਨਿਕ ਤਜਰਬੇ ਸਾਂਝੇ ਕੀਤੇ ਗਏ ਹਨ।

ਪੁਸਤਕ ਵਿੱਚ ਦਰਜ ਤਰ 1815.5 ਫੁੱਟ ਉਚਾ ਸੀ ਐਨ ਟਾਵਰ 1976 ਵਿੱਚ ਦੂਰ ਸੰਚਾਰ ਦੇ ਨਿਰੀਖਣ ਕਰਨ ਲਈ ਬਣਾਇਆ ਗਿਆ ਸੀ। ਧਰਤੀ ਦੀ ਉਮਰ 4.6 ਅਰਬ ਸਾਲ ਹੈ ਤੇ ਇਸ ਉੱਤੇ ਮਨੁੱਖਾਂ ਦੀ ਜਨਸੰਖਿਆ 8 ਅਰਬ ਤੋਂ ਵੀ ਵੱਧ ਹੈ। ਕੂੜੇ ਤੇ ਪਲਾਸਟਿਕ ਦੇ ਢੇਰ ਧਰਤੀ ਤੇ ਅਸਹਿ ਬੋਝ ਪਾ ਰਹੇ ਹਨ ਮਾਈਕਰੋ ਪਲਾਸਟਿਕ ਮਨੁੱਖੀ ਸਰੀਰ ਦੇ ਅੰਦਰ ਵੀ ਪਹੁੰਚ ਚੁੱਕੇ ਹਨ। ਬ੍ਰਹਿਮੰਡ ਵਿੱਚ ਅਨੰਤ ਗ੍ਰਹਿ ਵੀ ਹਨ ਤੇ ਉਹਨਾਂ ਵਿੱਚੋਂ ਬਹੁਤ ਸਾਰੇ ਗੋਲਡੀਲੋਕਸ ਗ੍ਰਹਿ ਵੀ ਹੋਣੇ ਹਨ ਜੋ ਆਪਣੇ ਸੂਰਜ ਤੋਂ ਸਾਡੀ ਧਰਤੀ ਵਾਂਗ ਸਹੀ ਦੂਰੀ ਉੱਤੇ ਹੁੰਦੇ ਹਨ।

ਇਸੇ ਤਰ੍ਹਾਂ ਅਗਲੀਆਂ ਕਹਾਣੀਆਂ ਗਰਦਿਸ਼, ਪੱਤ ਝੜੇ ਪੁਰਾਣੇ, ਬਦਲਦੇ ਮੌਸਮ, ਗੋਲਡੀਲੌਕਸ ਤੇ ਤਿਉਂ ਰਿੱਛ ਅਤੇ ਤਾਜ਼ੀ ਡਬਲ ਰੋਟੀ ਸਾਡੇ ਵਿਗਿਆਨਿਕ ਦ੍ਰਿਸ਼ਟੀਕੋਣ ਨੂੰ ਉਚੇਰਾ ਕਰਦੀਆਂ ਹਨ।

ਸੰਪਾਦਕ ਨਿਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150-18947

# ਗਿੱਲ, ਅਰਸ਼ਦੀਪ ਤੇ ਅਭਿਸ਼ੇਕ ਪੰਜਾਬ ਦੀ ਟੀਮ 'ਚ ਸ਼ਾਮਲ

## ਬੀ ਸੀ ਸੀ ਆਈ ਦੇ ਨਿਯਮਾਂ ਕਾਰਨ ਸਟਾਰ ਖਿਡਾਰੀਆਂ ਦੀ ਵਿਜੈ ਹਜ਼ਾਰੇ ਟੀਮ ਵਿੱਚ ਵਾਪਸੀ



ਅਭਿਸ਼ੇਕ ਸ਼ਰਮਾ ਸ਼ੁਭਮਨ ਗਿੱਲ ਅਰਸ਼ਦੀਪ ਸਿੰਘ

ਭਾਰਤੀ ਇੱਕ ਰੋਜ਼ਾ ਕ੍ਰਿਕਟ ਟੀਮ ਦੇ ਕਪਤਾਨ ਸ਼ੁਭਮਨ ਗਿੱਲ, ਦੁਨੀਆ ਦੇ ਨੰਬਰ ਇੱਕ ਟੀ-20 ਬੱਲੇਬਾਜ਼ ਅਭਿਸ਼ੇਕ ਸ਼ਰਮਾ ਅਤੇ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੂੰ ਅੱਜ ਵਿਜੈ ਹਜ਼ਾਰੇ ਟਰਾਫੀ ਲਈ ਪੰਜਾਬ ਦੀ ਟੀਮ ਵਿੱਚ ਸ਼ਾਮਲ ਕੀਤਾ ਗਿਆ ਹੈ। ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਨੇ ਬੀਤੇ ਦਿਨੀਂ ਕੌਮੀ ਇੱਕ ਰੋਜ਼ਾ ਚੈਂਪੀਅਨਸ਼ਿਪ ਵਿੱਚ ਭਾਰਤੀ ਟੀਮ ਦੇ ਖਿਡਾਰੀਆਂ ਦੀ ਸ਼ਮੂਲੀਅਤ ਲਾਜ਼ਮੀ ਕੀਤੀ ਸੀ।

ਕੌਮੀ ਡਿਊਟੀ ਕਾਰਨ ਗਿੱਲ ਅਤੇ ਅਰਸ਼ਦੀਪ ਪੂਰੇ ਟੂਰਨਾਮੈਂਟ ਲਈ ਉਪਲਬਧ ਨਹੀਂ ਹੋਣਗੇ। 11 ਜਨਵਰੀ ਤੋਂ ਨਿਊਜ਼ੀਲੈਂਡ ਖਿਲਾਫ਼ ਸ਼ੁਰੂ ਹੋ ਰਹੀ ਇੱਕ ਰੋਜ਼ਾ ਲੜੀ ਦੇ ਮੱਦੇਨਜ਼ਰ ਇਹ ਖਿਡਾਰੀ ਸਿਰਫ਼ ਦੋ ਜਾਂ ਤਿੰਨ ਮੈਚਾਂ ਵਿੱਚ ਹੀ ਹਿੱਸਾ ਲੈ ਸਕਣਗੇ। ਦੂਜੇ ਪਾਸੇ ਅਭਿਸ਼ੇਕ ਸ਼ਰਮਾ ਦੇ ਜ਼ਿਆਦਾ ਮੈਚ ਖੇਡਣ ਦੀ ਸੰਭਾਵਨਾ ਹੈ ਕਿਉਂਕਿ ਉਹ ਸਿਰਫ਼ ਟੀ-20 ਟੀਮ ਦਾ ਹੀ ਹਿੱਸਾ ਹੈ। ਪੰਜਾਬ ਨੂੰ ਗਰੁੱਪ 'ਸੀ' ਵਿੱਚ ਮੁੰਬਈ ਵਰਗੀ ਮਜ਼ਬੂਤ ਟੀਮ ਨਾਲ ਰੱਖਿਆ ਗਿਆ ਹੈ। ਪੰਜਾਬ ਆਪਣੇ ਪਹਿਲੇ ਦੋ ਮੁਕਾਬਲੇ ਮਹਾਰਾਸ਼ਟਰ (24 ਦਸੰਬਰ) ਅਤੇ ਛੱਤੀਸਗੜ੍ਹ (26 ਦਸੰਬਰ) ਖ਼ਿਲਾਫ਼ ਖੇਡੇਗਾ। ਇਨ੍ਹਾਂ ਮੈਚਾਂ ਵਿੱਚ ਸਟਾਰ ਖਿਡਾਰੀਆਂ ਦੀ ਮੌਜੂਦਗੀ ਦੀ ਪੂਰੀ ਉਮੀਦ ਹੈ। ਜੈਪੁਰ ਵਿੱਚ 8 ਜਨਵਰੀ ਨੂੰ ਪੰਜਾਬ ਅਤੇ ਮੁੰਬਈ ਵਿਚਾਲੇ ਹੋਣ ਵਾਲੇ ਮੈਚ ਦੌਰਾਨ ਰੋਹਿਤ ਸ਼ਰਮਾ ਅਤੇ ਸ਼ੁਭਮਨ ਗਿੱਲ ਦੋਵੇਂ ਆਪੋ-ਆਪਣੀਆਂ ਟੀਮਾਂ ਨਾਲ ਨਹੀਂ ਹੋਣਗੇ। ਪੰਜਾਬ ਦੀ ਐਲਾਨੀ ਗਈ ਟੀਮ ਵਿੱਚ ਸ਼ੁਭਮਨ, ਅਭਿਸ਼ੇਕ ਤੇ ਅਰਸ਼ਦੀਪ ਸਿੰਘ ਦੇ ਨਾਲ-ਨਾਲ ਪ੍ਰਭਸਿਮਰਨ ਸਿੰਘ, ਹਰਨੂਰ ਪੰਨੂ, ਅਨਮੋਲਪ੍ਰੀਤ ਸਿੰਘ, ਉਦੈ ਸਹਾਰਨ, ਨਮਨ ਧੀਰ, ਸਲਿਲ ਅਰੋੜਾ (ਵਿਕਟਕੀਪਰ), ਸਨਵੀਰ ਸਿੰਘ, ਰਮਨਦੀਪ ਸਿੰਘ, ਜਸ਼ਨਪ੍ਰੀਤ ਸਿੰਘ, ਗੁਰਨੂਰ ਬਰਾੜ, ਹਰਪ੍ਰੀਤ ਬਰਾੜ, ਰਘੂ ਸ਼ਰਮਾ, ਕ੍ਰਿਸ਼ ਭਗਤ, ਗੌਰਵ ਚੌਧਰੀ ਅਤੇ ਸੁਖਦੀਪ ਬਾਜਵਾ ਸ਼ਾਮਲ ਹਨ।

# ਪੰਜਾਬ ਲਈ ਕਿਸੇ ਵੀ ਨੰਬਰ 'ਤੇ ਖੇਡਣ ਲਈ ਤਿਆਰ: ਕੋਨੋਲੀ

## ਕੋਚ ਰਿਕੀ ਪੌਂਟਿੰਗ ਨਾਲ ਕੰਮ ਕਰਨ ਲਈ ਉਤਸ਼ਾਹਿਤ



ਪੰਜਾਬ ਕਿੰਗਜ਼ ਦੇ ਨਵੇਂ ਆਸਟਰੇਲਿਆਈ ਹਰਫਨਮੌਲਾ ਖਿਡਾਰੀ ਕੂਪਰ ਕੋਨੋਲੀ ਨੇ ਸਪੱਸ਼ਟ ਕੀਤਾ ਕਿ ਉਹ ਆਪਣੇ ਪਲੇਠੇ ਆਈ ਪੀ ਐੱਲ ਸੀਜ਼ਨ ਦੌਰਾਨ ਕਿਸੇ ਵੀ ਨੰਬਰ 'ਤੇ ਬੱਲੇਬਾਜ਼ੀ ਕਰਨ ਲਈ ਤਿਆਰ ਹੈ। ਆਪਣੀ ਹਮਲਾਵਰ ਬੱਲੇਬਾਜ਼ੀ ਅਤੇ ਖੱਬੇ ਹੱਥ ਦੀ ਸਪਿੰਨ ਗੇਂਦਬਾਜ਼ੀ ਲਈ ਜਾਣੇ ਜਾਂਦੇ ਕੋਨੋਲੀ ਨੂੰ ਪੰਜਾਬ ਕਿੰਗਜ਼ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਹੋਈ ਨਿਲਾਮੀ ਦੌਰਾਨ 3 ਕਰੋੜ ਰੁਪਏ ਵਿੱਚ ਖਰੀਦਿਆ ਸੀ।

ਅੱਜ ਮੀਡੀਆ ਨਾਲ ਗੱਲਬਾਤ ਕਰਦਿਆਂ ਕੋਨੋਲੀ ਨੇ ਕਿਹਾ ਕਿ ਉਹ ਬੱਲੇਬਾਜ਼ੀ ਕ੍ਰਮ ਵਿੱਚ ਤੀਜੇ ਨੰਬਰ ਜਾਂ ਮੱਧ ਕ੍ਰਮ ਵਿੱਚ ਕਿਤੇ ਵੀ ਖੇਡਣ ਲਈ ਤਿਆਰ ਹੈ। 22 ਸਾਲਾ ਕੋਨੋਲੀ ਬਿਗ ਬੈਸ਼ ਲੀਗ ਵਿੱਚ ਪਰਥ ਸਕੌਰਚਰਜ਼ ਲਈ ਤੀਜੇ ਨੰਬਰ 'ਤੇ ਬੱਲੇਬਾਜ਼ੀ ਕਰਦਿਆਂ ਦੋ ਨੀਮ ਸੈਂਕੜੇ ਬਣਾ ਚੁੱਕਾ ਹੈ; ਹਾਲਾਂਕਿ ਪੰਜਾਬ ਕਿੰਗਜ਼ ਦੇ ਕਪਤਾਨ ਸ਼੍ਰੇਅਸ ਅਈਅਰ ਮੁਤਾਬਕ ਟੀਮ ਉਸ ਨੂੰ ਮੈਚ ਫਿਨਿਸ਼ਰ ਵਜੋਂ ਦੇਖ ਰਹੀ ਹੈ। ਕੋਨੋਲੀ ਨੇ ਕਿਹਾ ਕਿ ਆਈ ਪੀ ਐੱਲ ਵਿਸ਼ਵ ਪੱਧਰੀ ਟੂਰਨਾਮੈਂਟ ਹੈ ਅਤੇ ਜੇ ਉਸ ਨੂੰ ਮੱਧ ਕ੍ਰਮ ਵਿੱਚ ਵੀ ਭੂਮਿਕਾ ਮਿਲਦੀ ਹੈ ਤਾਂ ਉਹ ਖੁਸ਼ੀ ਨਾਲ ਨਿਭਾਏਗਾ। ਉਹ ਪੰਜਾਬ ਕਿੰਗਜ਼ ਦੇ ਮੁੱਖ ਕੋਚ ਅਤੇ ਆਸਟਰੇਲੀਆ ਦੇ ਵਿਸ਼ਵ ਕੱਪ ਜੇਤੂ ਕਪਤਾਨ ਰਿਕੀ ਪੌਂਟਿੰਗ ਨਾਲ ਕੰਮ ਕਰਨ ਲਈ ਵੀ ਉਤਸ਼ਾਹਿਤ ਹੈ। ਉਸ ਨੇ ਕਿਹਾ ਕਿ ਉਹ ਪੌਂਟਿੰਗ ਤੋਂ ਗੁਰ ਸਿੱਖ ਕੇ ਆਪਣੀ ਬੱਲੇਬਾਜ਼ੀ ਵਿੱਚ ਸੁਧਾਰ ਕਰਨਾ ਚਾਹੁੰਦਾ ਹੈ।

# T20 ਵਿਸ਼ਵ ਕੱਪ ਲਈ 15 ਮੈਂਬਰੀ ਭਾਰਤੀ ਟੀਮ ਦਾ ਹੋਇਆ ਐਲਾਨ



ਮੁੰਬਈ : 7 ਫਰਵਰੀ 2026 ਤੋਂ ਸ਼ੁਰੂ ਹੋਣ ਜਾ ਰਹੇ ਟੀ-20 ਵਿਸ਼ਵ ਕੱਪ ਲਈ ਭਾਰਤੀ ਕ੍ਰਿਕਟ ਟੀਮ ਦਾ ਐਲਾਨ ਕਰ ਦਿੱਤਾ ਗਿਆ ਹੈ । ਮੁੰਬਈ ਵਿਚ ਬੀ.ਸੀ.ਸੀ.ਆਈ. ਹੈੱਡਕੁਆਰਟਰ ਵਿਖੇ ਸਕੱਤਰ ਦੇਵਜੀਤ ਸੈਕੀਆ ਨੇ ਮੁੱਖ ਚੋਣਕਾਰ ਅਜੀਤ ਅਗਰਕਰ ਅਤੇ ਕਪਤਾਨ ਸੂਰਿਆ ਕੁਮਾਰ ਯਾਦਵ ਦੀ ਮੌਜੂਦਗੀ ਵਿਚ ਟੀਮ ਦਾ ਐਲਾਨ ਕੀਤਾ। ਅਕਸ਼ਰ ਪਟੇਲ ਨੂੰ ਉਪ-ਕਪਤਾਨ ਨਿਯੁਕਤ ਕੀਤਾ ਗਿਆ ਹੈ, ਜਦੋਂ ਕਿ ਈਸ਼ਾਨ ਸਿੰਘ ਅਤੇ ਰਿੰਕੂ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਸੰਜੂ ਸੈਮਸਨ ਵੀ ਟੀਮ ਦਾ ਹਿੱਸਾ ਹਨ । ਟੀਮ 11 ਜਨਵਰੀ ਤੋਂ ਨਿਊਜ਼ੀਲੈਂਡ ਵਿਰੁੱਧ ਤਿੰਨ ਮੈਚਾਂ ਦੀ ਇਕ ਰੋਜ਼ਾ ਅਤੇ ਪੰਜ ਮੈਚਾਂ ਦੀ ਟੀ-20 ਲੜੀ ਵਿਚ ਵੀ ਹਿੱਸਾ ਲਵੇਗੀ। ਜਦਿਕ ਸ਼ੁਭਮਨ ਗਿੱਲ ਨੂੰ ਟੀਮ 'ਚ ਜਗ੍ਹਾ ਨਹੀਂ ਦਿੱਤੀ ਗਈ। ਵਿਸ਼ਵ ਕੱਪ ਲਈ ਭਾਰਤੀ ਟੀਮ ਵਿਚ ਸੂਰਿਆਕੁਮਾਰ ਯਾਦਵ (ਕਪਤਾਨ), ਅਕਸ਼ਰ ਪਟੇਲ (ਉਪ-ਕਪਤਾਨ), ਅਭਿਸ਼ੇਕ ਸ਼ਰਮਾ, ਤਿਲਕ ਵਰਮਾ, ਸੰਜੂ ਸੈਮਸਨ, ਹਾਰਦਿਕ ਪੰਡਯਾ, ਰਿੰਕੂ ਸਿੰਘ, ਸ਼ਿਵਮ ਦੂਬੇ, ਕੁਲਦੀਪ ਯਾਦਵ, ਵਾਸ਼ਿੰਗਟਨ ਸੁੰਦਰ, ਹਰਸ਼ਿਤ ਰਾਣਾ, ਵਰੁਣ ਚੱਕਰਵਰਤੀ, ਜਸਪ੍ਰੀਤ ਬੁਮਰਾਹ, ਅਤੇ ਅਰਸ਼ਦੀਪ ਸਿੰਘ (ਈਸ਼ਾਨ ਕਿਸ਼ਨ) ਨੂੰ ਸ਼ਾਮਿਲ ਕੀਤੀ ਗਿਆ ਹੈ। ਭਾਰਤ ਆਪਣੀ ਵਿਸ਼ਵ ਕੱਪ ਮੁਹਿੰਮ ਦੀ ਸ਼ੁਰੂਆਤ 7 ਫਰਵਰੀ ਨੂੰ ਮੁੰਬਈ ਵਿਚ ਅਮਰੀਕਾ ਵਿਰੁੱਧ ਕਰੇਗਾ। ਇਸ ਤੋਂ ਬਾਅਦ 12 ਫਰਵਰੀ ਨੂੰ ਦਿੱਲੀ ਵਿਚ ਨਾਮੀਬੀਆ ਵਿਰੁੱਧ, 15 ਫਰਵਰੀ ਨੂੰ ਕੋਲੰਬੋ ਵਿਚ ਪਾਕਿਸਤਾਨ ਵਿਰੁੱਧ ਅਤੇ 18 ਫਰਵਰੀ ਨੂੰ ਅਹਿਮਦਾਬਾਦ ਵਿਚ ਨੀਦਰਲੈਂਡ ਵਿਰੁੱਧ ਮੈਚ ਹੋਣਗੇ।

# ਘਰੇਲੂ ਮਹਿਲਾ ਕ੍ਰਿਕਟਰਾਂ ਨੂੰ ਹੁਣ ਦੁੱਗਣੀ ਤੋਂ ਜ਼ਿਆਦਾ ਮੈਚ ਫੀਸ ਮਿਲੇਗੀ

ਬੀ.ਸੀ.ਸੀ.ਆਈ. ਨੇ ਘਰੇਲੂ ਕ੍ਰਿਕਟ ਖੇਡਣ ਵਾਲੀਆਂ ਮਹਿਲਾ ਕ੍ਰਿਕਟਰਾਂ ਅਤੇ ਅਧਿਕਾਰੀਆਂ ਦੀ ਮੈਚ ਫੀਸ ਦੁੱਗਣੀ ਤੋਂ ਵੀ ਵੱਧ ਕਰ ਦਿੱਤੀ ਹੈ। ਇਹ ਫੈਸਲਾ ਭਾਰਤੀ ਮਹਿਲਾ ਕ੍ਰਿਕਟ ਟੀਮ ਵਲੋਂ ਪਹਿਲੀ ਵਾਰ ਇੱਕ ਰੋਜ਼ਾ ਵਿਸ਼ਵ ਕੱਪ ਜਿੱਤਣ ਤੋਂ ਬਾਅਦ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਬੋਰਡ ਨੇ ਇਸ ਵਾਧੇ ਨੂੰ ਮਨਜ਼ੂਰੀ ਦਿੱਤੀ ਸੀ। ਸੋਧੇ ਹੋਏ ਢਾਂਚੇ ਅਨੁਸਾਰ ਘਰੇਲੂ ਟੂਰਨਾਮੈਂਟਾਂ ਵਿੱਚ ਖੇਡਣ ਵਾਲੀਆਂ ਸੀਨੀਅਰ ਮਹਿਲਾ ਕ੍ਰਿਕਟਰਾਂ ਨੂੰ ਹੁਣ ਪ੍ਰਤੀ ਦਿਨ 50,000 ਰੁਪਏ ਦਿੱਤੇ ਜਾਣਗੇ। ਪਹਿਲਾਂ ਇਨ੍ਹਾਂ ਖਿਡਾਰਨਾਂ ਨੂੰ 20,000 ਰੁਪਏ (ਰਿਜ਼ਰਵ ਲਈ 10,000 ਰੁਪਏ) ਪ੍ਰਤੀ ਮੈਚ ਮਿਲਦੇ ਸਨ।

ਸੀਨੀਅਰ ਮਹਿਲਾ ਘਰੇਲੂ ਇੱਕ ਰੋਜ਼ਾ ਟੂਰਨਾਮੈਂਟਾਂ ਅਤੇ ਬਹੁ-ਦਿਨ ਮੁਕਾਬਲਿਆਂ ਲਈ, ਪਲੇਇੰਗ ਇਲੈਵਨ ਵਿੱਚ ਸ਼ਾਮਲ ਖਿਡਾਰਨਾਂ ਨੂੰ ਪ੍ਰਤੀ ਦਿਨ 50,000 ਰੁਪਏ ਮਿਲਣਗੇ, ਜਦੋਂ ਕਿ ਰਿਜ਼ਰਵ ਵਿੱਚ ਰਹਿਣ ਵਾਲੀਆਂ ਨੂੰ 25,000 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਅੱਧੀ ਰਕਮ ਦਿੱਤੀ ਜਾਵੇਗੀ।

# ਵਿਸ਼ਵ 25ਕੇ ਦੌੜ ਵਿੱਚ ਜੋਸ਼ੂਆ ਚੈਂਪੀਅਨ



ਇੱਥੇ ਕਰਵਾਈ ਗਈ 10ਵੀਂ ਟਾਟਾ ਸਟੀਲ ਵਿਸ਼ਵ 25ਕੇ (25 ਕਿਲੋਮੀਟਰ) ਦੌੜ ਵਿੱਚ ਯੁਗਾਂਡਾ ਦੇ ਜੋਸ਼ੂਆ ਚੈਪਤੇਗੇਈ ਨੇ ਪੁਰਸ਼ ਵਰਗ ਵਿੱਚ ਜਿੱਤ ਦਰਜ ਕੀਤੀ ਹੈ। ਇਸ ਦੇ ਨਾਲ ਹੀ ਭਾਰਤੀ ਦੌੜਾਕਾਂ ਗੁਲਵੀਰ ਸਿੰਘ ਅਤੇ ਸੀਮਾ ਨੇ ਆਪੋ-ਆਪਣੇ ਵਰਗਾਂ ਵਿੱਚ ਨਵਾਂ ਭਾਰਤੀ ਕੋਰਸ ਰਿਕਾਰਡ ਕਾਇਮ ਕੀਤਾ ਹੈ। ਦੋ ਵਾਰ ਦੇ ਓਲੰਪਿਕ ਚੈਂਪੀਅਨ ਚੈਪਤੇਗੇਈ ਨੇ ਸ਼ੁਰੂਆਤ ਤੋਂ ਹੀ ਦੌੜ 'ਤੇ ਆਪਣਾ ਦਬਦਬਾ ਬਣਾਈ ਰੱਖਿਆ। ਉਸ ਨੇ 1 ਘੰਟਾ 11 ਮਿੰਟ ਅਤੇ 49 ਸੈਕਿੰਡ ਦੇ ਸਮੇਂ ਨਾਲ ਪਹਿਲੀ ਵਾਰ ਇਹ ਵੱਕਾਰੀ ਦੌੜ ਜਿੱਤੀ। ਤਨਜ਼ਾਨੀਆ ਦਾ ਅਲਫੋਂਸੇ ਫੈਲਿਕਸ ਐੱਸ ਦੂਜੇ ਅਤੇ ਲੈਸੋਥੋ ਦਾ ਟੇਬੇਲੋ ਰਾਮਾਕੋਂਗੋਆਨਾ ਤੀਜੇ ਸਥਾਨ 'ਤੇ ਰਿਹਾ। ਮਹਿਲਾ ਵਰਗ ਵਿੱਚ ਇਥੋਪੀਆ ਦੀ ਡੇਗਿਟੂ ਅਜ਼ੀਮੇਰਾ ਨੇ 1 ਘੰਟਾ 19 ਮਿੰਟ 36 ਸੈਕਿੰਡ ਦੇ ਸਮੇਂ ਨਾਲ ਜਿੱਤ ਹਾਸਲ ਕੀਤੀ।

ਭਾਰਤੀ ਵਰਗ ਵਿੱਚ ਗੁਲਵੀਰ ਸਿੰਘ ਨੇ 1 ਘੰਟਾ 12 ਮਿੰਟ 06 ਸੈਕਿੰਡ ਦਾ ਸਮਾਂ ਲੈ ਕੇ ਆਪਣਾ ਹੀ ਪੁਰਾਣਾ ਰਿਕਾਰਡ (1:14:10) ਤੋੜਿਆ। ਉਸ ਨੇ ਇਸ ਵਿੱਚ ਦੋ ਮਿੰਟ ਤੋਂ ਵੱਧ ਦਾ ਸੁਧਾਰ ਕੀਤਾ। ਹਰਮਨਜੋਤ ਸਿੰਘ ਦੂਜੇ ਅਤੇ ਸਾਵਨ ਬਰਵਾਲ ਤੀਜੇ ਨੰਬਰ 'ਤੇ ਰਿਹਾ। ਇਸੇ ਤਰ੍ਹਾਂ ਮਹਿਲਾ ਵਰਗ ਵਿੱਚ ਸੀਮਾ ਨੇ 1:26:04 ਦੇ ਸਮੇਂ ਨਾਲ 2017 ਦਾ ਸੂਰਿਆ ਐੱਲ ਦਾ ਰਿਕਾਰਡ ਤੋੜਦਿਆਂ ਨਵਾਂ ਰਿਕਾਰਡ ਬਣਾਇਆ। ਸੰਜੀਵਨੀ ਜਾਧਵ ਦੂਜੇ ਅਤੇ ਨਿਰਮਬੇਨ ਠਾਕੋਰ ਤੀਜੇ ਸਥਾਨ 'ਤੇ ਰਹੀਆਂ। ਸੀਮਾ ਨੇ ਕਿਹਾ ਕਿ ਹੁਣ ਉਸ ਦਾ ਨਿਸ਼ਾਨਾ ਅਗਲੇ ਸਾਲ ਹੋਣ ਵਾਲੀਆਂ ਏਸ਼ਿਆਈ ਅਤੇ ਰਾਸ਼ਟਰਮੰਡਲ ਖੇਡਾਂ ਲਈ ਕੁਆਲੀਫਾਈ ਕਰਨਾ ਹੈ।










